BUYING/SELLING In Michigan
Homes, Gas Stations, Liquor Stores, Plazas, Hotels
All Types of Loans
Residential & Commercial
RAJ S. SHERGILL Realtor
Land Mark Realty
41637 Ford Road, Suite A, Canton, MI 48187
Cell 734-751-4455, rajsshergill@yahoo.com



Truck Insurance Specialist
- Preferred Carriers (A++)
- Bobtail Insurance
- Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



USPS - PP 1
Sixteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 35, August 29, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਮੋਦੀ ਨੇ ਧਰਮ ਨੂੰ ਹਥਿਆਰ ਬਣਾਇਆ

## ਧਾਰਮਿਕ ਅੰਕੜਿਆਂ ਬਾਰੇ ਸਾਲ ਪਹਿਲਾਂ ਤਿਆਰ ਰਿਪੋਰਟ ਬਿਹਾਰ ਚੋਣਾਂ ਤੋਂ ਐਨ ਪਹਿਲਾਂ ਜਾਰੀ

**ਨਵੀਂ ਦਿੱਲੀ:** ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵੱਲੋਂ ਧਾਰਮਿਕ ਭਾਈਚਾਰਿਆਂ ਦੀ ਆਬਾਦੀ ਬਾਰੇ ਅੰਕੜੇ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਜਾਰੀ ਕੀਤੇ ਗਏ ਹਨ। ਇਸ ਸੂਬੇ ਵਿਚ ਵਿਧਾਨ ਸਭਾ ਦੀਆਂ ਕੁੱਲ 243 ਸੀਟਾਂ ਵਿਚੋਂ ਤਕਰੀਬਨ 50 ਉਤੇ ਮੁਸਲਿਮ ਭਾਈਚਾਰੇ ਦੀ ਫ਼ੈਸਲਾਕੁਨ ਵੋਟ ਹੈ। ਇਸੇ ਕਰ ਕੇ ਹੁਣ ਇਹ ਬਹਿਸ-ਮੁਬਾਹਿਸਾ ਸ਼ੁਰੂ ਹੋ ਗਿਆ ਹੈ ਕਿ ਇਹ ਅੰਕੜੇ ਜਾਣ-ਬੁੱਝ ਕੇ, ਸਿਆਸੀ ਲਾਹਾ ਲੈਣ ਖਾਤਰ ਜਾਰੀ ਕੀਤੇ ਗਏ ਹਨ ਤਾਂ ਕਿ ਮੁਸਲਮਾਨਾਂ ਦੀ ਵਧ ਰਹੀ ਆਬਾਦੀ ਦਾ ਭੈਅ ਪੈਦਾ ਕਰ ਕੇ ਵੱਧ ਤੋਂ ਵੱਧ ਹਿੰਦੂ ਵੋਟਾਂ ਬਟੋਰੀਆਂ ਜਾ ਸਕਣ। ਸਿਆਸੀ ਤੌਰ ਉਤੇ ਇਸ ਨਾਲ ਨਾ ਸਿਰਫ਼ ਸਮਾਜ ਵਿਚ 'ਵੋਟ ਬੈਂਕਾਂ' ਉਤੇ ਆਧਾਰਿਤ ਵੰਡੀਆਂ ਪੈਣਗੀਆਂ, ਸਗੋਂ ਤਣਾਅ ਵੀ ਵਧੇਗਾ।

ਯਾਦ ਰਹੇ ਕਿ ਕੇਂਦਰ ਸਰਕਾਰ ਕੋਲ ਇਹ ਅੰਕੜੇ ਮਾਰਚ 2014 ਤੋਂ ਪਏ ਹਨ। ਉਸ ਵੇਲੇ ਕੇਂਦਰ ਵਿਚ ਯੂ.ਪੀ.ਏ. ਸਰਕਾਰ ਸੀ। ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਇਸ ਸਰਕਾਰ ਨੇ ਪਹਿਲਾਂ ਲੋਕ ਸਭਾ ਚੋਣਾਂ ਦਾ ਬਹਾਨਾ ਲਾ ਕੇ ਇਹ ਅੰਕੜੇ ਦੱਬੀ ਰੱਖੇ ਅਤੇ ਇਸ ਸਾਲ ਜਨਵਰੀ ਵਿਚ ਨਰੇਂਦਰ ਮੋਦੀ ਦੀ ਸਰਕਾਰ ਨੇ ਇਹ ਅੰਕੜੇ ਡੱਕ ਲਏ। ਕੁਝ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਜਾਤ ਆਧਾਰਿਤ ਅੰਕੜੇ ਜਾਰੀ ਕਰਨ ਦੀ ਜ਼ੋਰਦਾਰ ਮੰਗ ਕੀਤੀ ਸੀ, ਪਰ ਮੋਦੀ ਸਰਕਾਰ ਆਪਣੀ ਸਿਆਸਤ ਦੇ ਹਿਸਾਬ ਨਾਲ ਜਾਤ ਆਧਾਰਿਤ ਅੰਕੜੇ ਰੋਕ ਲਏ ਹਨ। ਕਿਹਾ ਜਾ ਰਿਹਾ ਹੈ ਕਿ ਇਹ ਅੰਕੜੇ ਜਾਰੀ ਕਰਨ ਮੌਕੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਲੀਡਰਸ਼ਿਪ ਨੇ ਡੂੰਘਾ ਵਿਚਾਰ-ਵਟਾਂਦਰਾ ਕੀਤਾ ਅਤੇ ਇਨ੍ਹਾਂ ਅੰਕੜਿਆਂ ਨੂੰ ਬਿਹਾਰ ਚੋਣਾਂ ਦੌਰਾਨ ਵਰਤਣ ਦੇ ਹਿਸਾਬ ਨਾਲ ਹੀ ਜਾਰੀ ਕਰਨ ਦਾ

(ਬਾਕੀ ਸਫਾ 6 'ਤੇ)

### ਭਾਰਤੀ ਜਨਤਾ ਪਾਰਟੀ ਪਹਿਲਾਂ ਵੀ ਲੈਂਦੀ ਰਹੀ ਹੈ ਧਰਮ ਦਾ ਲਾਹਾ

### ਮੋਦੀ ਸਰਕਾਰ ਨੇ ਇਕ ਵਾਰ ਫਿਰ ਸਿਆਸੀ ਲਾਹੇ ਲਈ ਕਮਰ ਕੱਸੀ



### ਕੌਮੀ ਅੰਕੜੇ

**ਕੁੱਲ ਆਬਾਦੀ:** 121,08,54977
ਹਿੰਦੂ: 96,62,5,7353
ਸਿੱਖ: 2,08,33,116
ਮੁਸਲਮਾਨ: 17,22,45,158
ਈਸਾਈ: 2,78,19,588

### ਪੰਜਾਬ ਦੀ ਵਸੋਂ

**ਕੁੱਲ ਆਬਾਦੀ:** 2,77,43,338
ਹਿੰਦੂ: 1,06,78,138
ਸਿੱਖ: 1,60,04,754
ਮੁਸਲਮਾਨ: 5,35,489
ਈਸਾਈ: 3,48,230

## ਸਿੱਖਾਂ ਦੀ ਆਬਾਦੀ ਘਟੀ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਭਾਰਤ ਵਿਚ ਹਿੰਦੂ ਤੇ ਸਿੱਖ ਭਾਈਚਾਰੇ ਦੀ ਆਬਾਦੀ ਘਟੀ ਹੈ। ਦੂਜੇ ਪਾਸੇ ਮੁਸਲਮਾਨ ਭਾਈਚਾਰੇ ਦੀ ਆਬਾਦੀ ਨਾ ਸਿਰਫ਼ ਅਨੁਪਾਤਕ ਤੌਰ ਉਤੇ ਵਧੀ ਹੈ ਸਗੋਂ ਇਸ ਦੀ ਵਿਕਾਸ ਦਰ ਵੀ ਸਾਰੇ ਭਾਈਚਾਰਿਆਂ ਤੋਂ ਵੱਧ ਦਰਜ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਮੁਲਕ ਵਿਚਲੇ ਧਾਰਮਿਕ ਭਾਈਚਾਰਿਆਂ ਦੀ ਆਬਾਦੀ ਬਾਰੇ ਜਾਰੀ ਕੀਤੇ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ।

ਅੰਕੜਿਆਂ ਮੁਤਾਬਕ 2001-11 ਦੇ ਦਹਾਕੇ ਦੌਰਾਨ ਮੁਲਕ ਦੀ ਕੁੱਲ ਆਬਾਦੀ ਵਿਚ ਹਿੰਦੂ ਭਾਈਚਾਰੇ ਦਾ ਅਨੁਪਾਤ 0.7 ਫ਼ੀਸਦੀ, ਸਿੱਖ ਭਾਈਚਾਰੇ ਦਾ 0.2 ਫ਼ੀਸਦੀ ਤੇ ਬੋਧੀ ਭਾਈਚਾਰੇ ਦਾ 0.1 ਫ਼ੀਸਦੀ ਘਟਿਆ ਹੈ। ਇਹ ਪਹਿਲੀ ਵਾਰ ਹੈ ਕਿ ਮੁਲਕ ਵਿਚ ਹਿੰਦੂਆਂ ਦੀ ਆਬਾਦੀ ਕੁੱਲ ਆਬਾਦੀ ਦੇ 80 ਫ਼ੀਸਦੀ ਤੋਂ ਹੇਠਾਂ ਆਈ ਹੈ। 'ਮਰਦਮਸ਼ੁਮਾਰੀ 2011 ਵਿਚ ਧਾਰਮਿਕ ਭਾਈਚਾਰਿਆਂ ਦੀ ਆਬਾਦੀ ਦੇ ਅੰਕੜੇ' ਸਿਰਲੇਖ ਵਾਲੀ ਇਸ ਰਿਪੋਰਟ ਵਿਚ ਮੁੱਖ ਛੇ ਧਾਰਮਿਕ ਭਾਈਚਾਰਿਆਂ- ਹਿੰਦੂ, ਮੁਸਲਮਾਨ, ਈਸਾਈ, ਸਿੱਖ, ਬੋਧੀ ਤੇ ਜੈਨੀ ਦੇ ਵੇਰਵੇ ਦਿੱਤੇ ਗਏ ਹਨ, ਤੇ ਬਾਕੀਆਂ ਨੂੰ 'ਹੋਰ ਧਰਮ ਤੇ ਅਕੀਦੇ' ਤੇ 'ਧਰਮ ਨਹੀਂ ਦੱਸਿਆ' ਮੱਦਾਂ ਵਿਚ ਰੱਖਿਆ ਗਿਆ ਹੈ।


ਅੰਕੜਿਆਂ ਮੁਤਾਬਕ 2011 ਵਿਚ ਮੁਲਕ ਦੀ ਕੁੱਲ ਆਬਾਦੀ 121.09 ਕਰੋੜ ਸੀ ਜਿਨ੍ਹਾਂ

(ਬਾਕੀ ਸਫਾ 6 'ਤੇ)

### ਜਥੇਦਾਰ ਵੱਲੋਂ ਸਿੱਖ ਆਬਾਦੀ ਵਧਾਉਣ ਦੀ ਮੁੜ ਅਪੀਲ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਦੀ ਆਬਾਦੀ 0.2 ਫ਼ੀਸਦੀ ਘਟੀ ਹੈ ਜੋ ਸਮੁੱਚੀ ਸਿੱਖ ਕੌਮ ਲਈ ਚਿੰਤਾ ਦਾ ਵਿਸ਼ਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਕੌਮ ਨੂੰ ਕਹਿ ਰਹੇ ਹਨ ਕਿ ਸਿੱਖ ਕੌਮ ਦੀ ਆਬਾਦੀ ਲਗਾਤਾਰ ਘਟਦੀ ਜਾ ਰਹੀ ਹੈ ਤੇ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਤਖ਼ਤ ਕੇਸਗੜ੍ਹ ਸਾਹਿਬ ਤੋਂ ਵੀ ਖ਼ਾਲਸਾ ਪੰਥ ਨੂੰ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੀ ਘੱਟ ਰਹੀ ਆਬਾਦੀ ਨੂੰ ਕਾਬੂ ਕੀਤਾ ਜਾਵੇ।

Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Fax:(248) 254-3443 www.eagle.pro, Email: info@eagle.pro



Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322

Estb. 1975
World Wide Travel
www.fly2world.com
ਸਸਤੇ ਟਿਕਟ ਬਿਹਤਰ ਸੇਵਾ
DETROIT 734 838 9998
TOLL FREE 866 66 INDIA
CHICAGO 312 224 8800

# ਬੜੀ ਮਹਿੰਗੀ ਪਈ ਮੋਦੀ ਦੇ 'ਮਨ ਕੀ ਬਾਤ'

**ਬਠਿੰਡਾ:** ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰੋਗਰਾਮ 'ਮਨ ਕੀ ਬਾਤ' ਦੇ ਪ੍ਰਚਾਰ ਉਤੇ ਤਕਰੀਬਨ ਸਾਢੇ ਅੱਠ ਕਰੋੜ ਰੁਪਏ ਖ਼ਰਚ ਦਿੱਤੇ ਹਨ। ਪ੍ਰਧਾਨ ਮੰਤਰੀ ਦਾ ਇਹ ਰੇਡੀਓ ਪ੍ਰੋਗਰਾਮ ਹਰ ਮਹੀਨੇ ਸਰਕਾਰੀ ਖ਼ਜ਼ਾਨੇ ਨੂੰ ਔਸਤਨ 95 ਲੱਖ ਰੁਪਏ ਦਾ ਰਗੜਾ ਲਾ ਦਿੰਦਾ ਹੈ। 'ਮਨ ਕੀ ਬਾਤ' ਪ੍ਰੋਗਰਾਮ ਹਰ ਮਹੀਨੇ ਆਲ ਇੰਡੀਆ ਰੇਡੀਓ ਤੋਂ ਸੁਣਨ ਨੂੰ ਮਿਲਦਾ ਹੈ। ਇਹ ਪ੍ਰੋਗਰਾਮ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਸ਼ੁਰੂ ਕੀਤਾ ਗਿਆ ਸੀ।

ਹੁਣ ਤੱਕ ਇਸ ਪ੍ਰੋਗਰਾਮ ਦੇ 10 ਐਪੀਸੋਡ ਆ ਚੁੱਕੇ ਹਨ। ਇਹ ਪ੍ਰੋਗਰਾਮ ਭਾਵੇਂ ਐਤਵਾਰ ਨੂੰ ਆਲ ਇੰਡੀਆ ਰੇਡੀਓ ਤੋਂ ਰਿਲੇਅ ਹੁੰਦਾ ਹੈ ਪਰ ਇਸ ਪ੍ਰੋਗਰਾਮ ਦੀ 'ਗੂੰਜ' ਹੋਰ ਮਾਧਿਅਮਾਂ ਉਤੇ ਵੀ ਪੈਂਦੀ ਹੈ। ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤੋਂ ਮਿਲੇ ਵੇਰਵਿਆਂ ਅਨੁਸਾਰ 'ਮਨ ਕੀ ਬਾਤ' ਪ੍ਰੋਗਰਾਮ ਦੇ ਪ੍ਰਚਾਰ (ਮਸ਼ਹੂਰੀ) ਵਾਸਤੇ ਇਕੱਲੇ ਪ੍ਰਿੰਟ ਮੀਡੀਆ ਵਿਚ ਇਸ਼ਤਿਹਾਰ ਦਿੱਤੇ ਗਏ ਹਨ। ਇਨ੍ਹਾਂ ਇਸ਼ਤਿਹਾਰਾਂ 'ਤੇ ਸ਼ੁਰੂਆਤ ਤੋਂ ਲੈ ਕੇ 21 ਜੁਲਾਈ 2015 ਤੱਕ 8.54 ਕਰੋੜ ਰੁਪਏ ਖ਼ਰਚ ਹੋ ਚੁੱਕੇ ਹਨ। ਇਹ ਖ਼ਰਚਾ ਨੌਂ ਐਪੀਸੋਡਜ਼ ਦੀ ਮਸ਼ਹੂਰੀ ਵਾਸਤੇ ਕੀਤਾ ਗਿਆ ਹੈ। ਪਿਛਲਾ ਪ੍ਰੋਗਰਾਮ 26 ਜੁਲਾਈ ਨੂੰ ਰਿਲੇਅ ਹੋਇਆ ਸੀ।

ਹੁਣ ਪ੍ਰੋਗਰਾਮ 30 ਅਗਸਤ ਨੂੰ ਰਿਲੇਅ ਕੀਤਾ ਜਾਣਾ ਹੈ। ਸਾਲ 2014-15 ਦੌਰਾਨ ਇਸ ਪ੍ਰੋਗਰਾਮ ਦੇ ਪ੍ਰਚਾਰ ਵਾਸਤੇ 6.38 ਕਰੋੜ ਦੇ ਇਸ਼ਤਿਹਾਰ ਦਿੱਤੇ ਗਏ, ਜਦੋਂਕਿ ਸਾਲ 2015-16 ਦੌਰਾਨ 2.16 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਹਨ। ਇਲੈਕਟ੍ਰੌਨਿਕ ਮੀਡੀਆ ਵਿਚ ਇਸ ਪ੍ਰੋਗਰਾਮ ਵਾਸਤੇ ਕੋਈ ਇਸ਼ਤਿਹਾਰ ਨਹੀਂ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਪ੍ਰੋਗਰਾਮ ਰਾਹੀਂ ਸਵੱਛ ਭਾਰਤ ਮੁਹਿੰਮ, ਨਸ਼ਿਆਂ ਦੀ ਅਲਾਮਤ, ਕਿਸਾਨੀ ਸੰਕਟ, ਪ੍ਰੀਖਿਆਵਾਂ ਦੇ ਤਣਾਅ, ਨੇਪਾਲ ਦੇ ਭੂਚਾਲ ਤੇ ਇਕ ਰੈਂਕ ਇਕ ਪੈਨਸ਼ਨ ਆਦਿ ਵਿਸ਼ਿਆਂ ਉਤੇ ਗੱਲ ਕਰ ਚੁੱਕੇ ਹਨ।

ਸੂਤਰਾਂ ਅਨੁਸਾਰ ਇਹ ਪ੍ਰੋਗਰਾਮ ਸਰਕਾਰੀ ਖ਼ਜ਼ਾਨੇ ਨੂੰ ਮਹਿੰਗਾ ਪੈ ਰਿਹਾ ਹੈ। ਦੂਜੇ ਪਾਸੇ ਆਲ ਇੰਡੀਆ ਰੇਡੀਓ ਦਾ ਤਰਕ ਹੈ ਕਿ ਇਹ ਪ੍ਰੋਗਰਾਮ ਇਸ਼ਤਿਹਾਰਾਂ ਦੇ ਰੂਪ ਵਿਚ ਕਾਫ਼ੀ ਆਮਦਨੀ ਦੇਣ ਲੱਗਿਆ ਹੈ।

ਇਸ ਪ੍ਰੋਗਰਾਮ ਦੌਰਾਨ ਜੋ ਇਸ਼ਤਿਹਾਰ ਰਿਲੇਅ ਹੁੰਦੇ ਹਨ, ਉਨ੍ਹਾਂ ਦੀ 10 ਸੈਕਿੰਡ ਦੀ ਕੀਮਤ ਦੋ ਲੱਖ ਰੁਪਏ ਰੱਖੀ ਹੋਈ ਹੈ, ਜਦੋਂਕਿ ਆਮ ਪ੍ਰੋਗਰਾਮਾਂ ਵਿਚ ਇਸ਼ਤਿਹਾਰਾਂ ਦੇ ਰੇਟ ਘੱਟ ਹੁੰਦੇ ਹਨ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ 'ਮਨ ਕੀ ਬਾਤ' ਪ੍ਰੋਗਰਾਮ ਦੀ ਹਕੀਕਤ ਵਿਚ ਕੋਈ ਸਾਰਥਿਕਤਾ ਨਹੀਂ ਹੈ, ਕਿਉਂਕਿ ਸਿਰਫ਼ ਭਾਸ਼ਣਾਂ ਨਾਲ ਮਸਲੇ ਹੱਲ ਨਹੀਂ ਹੁੰਦੇ ਹਨ। ਹੁਣ ਵੇਲਾ ਲੋਕਾਂ ਦੇ ਮਨ ਦੀ ਗੱਲ ਸੁਣਨ ਦਾ ਹੈ।

## ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦਾ ਮੇਲਾ 13 ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਕਲੱਬ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦਾ ਮੇਲਾ 13 ਸਤੰਬਰ ਐਤਵਾਰ ਨੂੰ ਇਥੋਂ ਦੀ ਸਬਰਬ ਐਲਕ ਗਰੂਵ ਦੇ ਬਸੀ ਵੂਡਜ਼ ਫਾਰੈਸਟ ਪ੍ਰਿਜ਼ਰਵ ਵਿਚ ਹੋਵੇਗਾ। ਇਸ ਵਾਰ ਦਾ ਮੇਲਾ ਹਾਲ ਹੀ ਵਿਚ ਸੁਰਗਵਾਸ ਹੋਏ ਕਬੱਡੀ ਪ੍ਰੇਮੀ ਤੀਰਥ ਅਟਵਾਲ ਦੀ ਯਾਦ ਵਿਚ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਬਿੱਲਾ ਨੇ ਦਸਿਆ ਕਿ ਇਸ ਮੇਲੇ ਵਿਚ ਪਹਿਲੀ ਵਾਰ ਇੰਡੀਆ ਦੀ ਕਬੱਡੀ ਟੀਮ ਪਹੁੰਚੇਗੀ। ਦਰਸ਼ਕਾਂ ਦਾ ਮਨੋਰੰਜਨ ਲੋਕ ਗਾਇਕ ਗੁਰਸੇਵਕ ਮਾਨ ਅਤੇ ਹਰਭਜਨ ਮਾਨ ਕਰਨਗੇ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਪਾਰਕਿੰਗ ਅਤੇ ਖਾਣ-ਪੀਣ ਤਾਂ ਮੁਫਤ ਹੋਣਗੇ ਹੀ, ਬੀਬੀਆਂ ਲਈ ਮਹਿੰਦੀ ਦਾ ਸਟਾਲ ਲਾਇਆ ਜਾਏਗਾ ਜਿਥੇ ਉਹ ਮੁਫਤ ਮਹਿੰਦੀ ਲਵਾ ਸਕਣਗੀਆਂ।

## ਭਾਈ ਸੁੱਖਾ-ਜਿੰਦਾ ਬਾਰੇ ਫਿਲਮ 11 ਨੂੰ ਰਿਲੀਜ਼ ਹੋਵੇਗੀ

**ਸ਼ਿਕਾਗੋ (ਬਿਊਰੋ):** ਜੂਨ 1984 ਵਿਚ ਸ੍ਰੀ ਹਰਿਮੰਦਿਰ ਸਾਹਿਬ ਉਪਰ ਹਮਲਾ ਕਰਨ ਲਈ ਜਿੰਮੇਵਾਰ ਜਨਰਲ ਵੈਦਿਆ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦਾਂ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਬਾਰੇ ਬਣਾਈ ਗਈ ਫਿਲਮ 'ਮਾਸਟਰ ਮਾਈਂਡ ਜਿੰਦਾ ਸੁੱਖਾ' ਆਉਂਦੀ 11 ਸਤੰਬਰ ਨੂੰ ਅਮਰੀਕਾ ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਦੇ ਵਖ ਵਖ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ।




ਇਹ ਜਾਣਕਾਰੀ ਇਕ ਬਿਆਨ ਰਾਹੀਂ ਦਿੰਦਿਆਂ ਫਿਲਮ ਦੇ ਨਿਰਮਾਤਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਫਿਲਮ ਭਾਈ ਸੁਖੇ ਤੇ ਜਿੰਦੇ ਦੀ ਅਖਬਾਰਾਂ ਵਿਚ ਛਪੀ ਲੰਬੀ ਚਿੱਠੀ 'ਤੇ ਆਧਾਰਤ ਹੈ ਅਤੇ ਇਸ ਦੇ ਨਿਰਮਾਣ ਤੇ ਰਿਲੀਜ਼ ਕਰਨ ਦੌਰਾਨ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪਿਆ। ਉਨ੍ਹਾਂ ਪੰਜਾਬੀ ਤੇ ਖਾਸ ਕਰ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਹ ਫਿਲਮ ਸਿਨੇਮਾ ਘਰਾਂ ਵਿਚ ਜਾ ਕੇ ਪਰਿਵਾਰਾਂ ਸਮੇਤ ਦੇਖੀ ਜਾਵੇ, ਤਾਂ ਜੋ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਕਰ ਸਕੀਏ ਅਤੇ ਉਨ੍ਹਾਂ ਬਾਰੇ ਆਪਣੀ ਨਵੀਂ ਪੀੜੀ ਨੂੰ ਦੱਸ ਸਕੀਏ। ਇਹ ਫਿਲਮ ਕੈਲੀਫੋਰਨੀਆ ਦੇ ਸ਼ਹਿਰਾਂ-ਕਲੋਵਿਸ, ਬੇਕਰਜ਼ਫੀਲਡ, ਮਾਡੈਸਟੋ, ਯੂਨੀਅਨ ਸਿਟੀ, ਐਲਕ ਗਰੂਵ, ਯੂਬਾ ਸਿਟੀ ਅਤੇ ਮਿਲਪੀਟਸ; ਨਿਊ ਯਾਰਕ ਦੇ ਸ਼ਹਿਰਾਂ-ਫਲੱਸ਼ਿੰਗ, ਫਾਰਮਿੰਗਡੇਲ; ਨਿਊ ਜਰਸੀ ਦੇ ਸ਼ਹਿਰ ਨਾਰਥ ਬਰੂਨਸਵਿਕ; ਵਰਜੀਨੀਆ ਦੇ ਸ਼ਹਿਰ ਸਟੱਰਲਿੰਗ; ਵਾਸ਼ਿੰਗਟਨ ਦੇ ਸ਼ਹਿਰ ਫੈਡਰਲ ਵੇਅ; ਇੰਡੀਆਨਾ ਦੇ ਸ਼ਹਿਰ ਇੰਡੀਅਨਐਪੋਲਿਸ; ਟੈਕਸਸ ਦੇ ਸ਼ਹਿਰ ਰਿਚਰਡਸਨ ਅਤੇ ਮਿਸ਼ੀਗਨ ਦੇ ਸ਼ਹਿਰ ਵਾਰੈਨ ਦੇ ਸਿਨੇਮਾਘਰਾਂ ਵਿਚ 11 ਸਤੰਬਰ ਤੋਂ ਦੇਖੀ ਜਾ ਸਕੇਗੀ।

## ਹੈਰੋਇਨ ਤਸਕਰੀ: ਬੀ.ਐਸ.ਐਫ. ਦੇ ਦੋ ਜਵਾਨਾਂ ਸਣੇ ਛੇ ਨੂੰ ਕੈਦ

**ਤਰਨਤਾਰਨ:** ਸਥਾਨਕ ਅਦਾਲਤ ਨੇ ਹੈਰੋਇਨ ਤਸਕਰਾਂ ਨੂੰ ਮਿਸਾਲੀ ਸਜ਼ਾ ਸੁਣਾਉਂਦਿਆਂ 60-60 ਸਾਲ ਦੀ ਕੈਦ ਤੇ ਛੇ-ਛੇ ਲੱਖ ਰੁਪਏ ਜੁਰਮਾਨਾ ਕੀਤਾ ਹੈ। ਸਜ਼ਾਯਾਫ਼ਤਾ ਸਮਗਲਰਾਂ ਵਿਚ ਬੀ.ਐਸ.ਐਫ. ਦੇ ਦੋ ਜਵਾਨ ਤੇ ਛੇ ਹੋਰ ਸ਼ਾਮਲ ਹਨ, ਜਿਨ੍ਹਾਂ ਵਿਚੋਂ ਦੋ ਫਰਾਰ ਦੱਸੇ ਜਾਂਦੇ ਹਨ।

ਬੀ.ਐਸ.ਐਫ. ਜਵਾਨਾਂ ਵਿਚ ਗੁਰਚਰਨ ਸਿੰਘ ਵਾਸੀ ਕਿਸ਼ਨਗੜ੍ਹ (ਮੋਗਾ) ਤੇ ਹਰਦੇਵ ਸਿੰਘ ਵਾਸੀ ਜੱਸਲ (ਅਜਨਾਲਾ-ਅੰਮ੍ਰਿਤਸਰ) ਸ਼ਾਮਲ ਹਨ, ਜਦੋਂ ਕਿ ਬਾਕੀ ਮੁਲਜ਼ਮਾਂ ਵਿਚ ਇਸ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਵਾਸੀ ਬਲਵਿੰਦਰ ਸਿੰਘ, ਭਿੰਦਰ ਸਿੰਘ, ਮੇਜਰ ਸਿੰਘ ਤੇ ਗੁਰਮੀਤ ਸਿੰਘ ਗੋਪੀ ਸ਼ਾਮਲ ਹਨ। ਸੁਰਸਿੰਘ ਵਾਸੀ ਅਜੈਪਾਲ ਸਿੰਘ ਤੇ ਲੋਪੋਕੇ (ਅੰਮ੍ਰਿਤਸਰ) ਵਾਸੀ ਰਛਪਾਲ ਸਿੰਘ ਫਰਾਰ ਹਨ। ਇਸ ਚਰਚਿਤ ਮਾਮਲੇ ਵਿਚ ਡਾਇਰੈਕਟੋਰੇਟ ਆਫ ਰੈਵੇਨਿਊ (ਡੀ.ਆਰ.ਆਈ.) ਦੇ ਇਕ ਅਧਿਕਾਰੀ ਸੁਨੀਲ ਸ਼ਰਮਾ ਦੀ ਅਗਵਾਈ ਵਾਲੀ ਇਕ ਟੀਮ ਨੇ ਸਰਹੱਦੀ ਪਿੰਡ ਹਵੇਲੀਆਂ ਨਜ਼ਦੀਕ ਪੈਂਦੀ ਡਿਫੈਂਸ ਡਰੇਨ ਕੋਲੋਂ ਛੇ ਅਪਰੈਲ, 2011 ਨੂੰ ਬਲਵਿੰਦਰ ਸਿੰਘ ਤੇ ਉਸ ਦੇ ਇਕ ਹੋਰ ਸਾਥੀ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 75 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਉਨ੍ਹਾਂ ਦੇ ਬਾਕੀ ਸਾਥੀ ਮੌਕੇ ਤੋਂ ਫ਼ਰਾਰ ਹੋ ਗਏ ਹਨ। ਸਮਗਲਰਾਂ ਨੇ ਇਹ ਸਵੀਕਾਰ ਕੀਤਾ ਸੀ ਕਿ ਇਹ ਪਦਾਰਥ ਉਸ 300 ਕਿੱਲੋ ਹੈਰੋਇਨ ਦਾ ਹਿੱਸਾ ਸੀ, ਜਿਹੜੀ ਉਨ੍ਹਾਂ ਨੇ ਸਾਲ 2010 ਤੋਂ ਸਾਲ 2011 ਤੱਕ ਪਾਕਿਸਤਾਨ ਤੋਂ ਇਧਰ ਮੰਗਵਾਈ ਸੀ।

## ਆਈ.ਐਸ. ਦਾ ਦੂਜੇ ਨੰਬਰ ਦਾ ਕਮਾਂਡਰ ਹਲਾਕ

**ਵਾਸ਼ਿੰਗਟਨ:** ਉਤਰੀ ਇਰਾਕ ਵਿਚ ਅਮਰੀਕਾ ਦੇ ਇਕ ਹਵਾਈ ਹਮਲੇ ਵਿਚ ਇਸਲਾਮਿਕ ਸਟੇਟ ਦਾ ਦੂਜੇ ਨੰਬਰ ਦਾ ਕਮਾਂਡਰ ਮਾਰਿਆ ਗਿਆ।

ਵ੍ਹਾਈਟ ਹਾਊਸ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਨੇਡ ਪ੍ਰਾਈਸ ਨੇ ਦੱਸਿਆ ਕਿ ਫਾਦਿਲ ਅਹਿਮਦ ਅਲ ਹਿਆਲੀ ਜਿਸ ਨੂੰ ਹਾਜੀ ਮੁਤਾਜ ਨਾਂ ਨਾਲ ਵੀ ਜਾਣਿਆ ਜਾਂਦਾ ਸੀ, 18 ਅਗਸਤ ਨੂੰ ਮੋਸੂਲ ਨੇੜੇ ਉਸ ਸਮੇਂ ਮਾਰਿਆ ਗਿਆ, ਜਦੋਂ ਉਹ ਮੀਡੀਆ ਕੋ-ਆਰਡੀਨੇਟਰ ਅਬੂ ਅਬਦੁੱਲਾ ਨਾਲ ਕਾਰ ਵਿਚ ਜਾ ਰਿਹਾ ਸੀ। ਇਸ ਹਮਲੇ ਵਿਚ ਅਬੂ ਬਕਰ ਵੀ ਮਾਰਿਆ ਗਿਆ।

# ਕਿਸਾਨ ਜਥੇਬੰਦੀਆਂ ਵੱਲੋਂ ਇਕ ਮੰਚ ਉਤੇ ਆਉਣ ਦਾ ਅਹਿਦ

**ਚੰਡੀਗੜ੍ਹ:** ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕਿਸਾਨ ਜਥੇਬੰਦੀਆਂ ਨੇ ਕੌਮੀ ਪੱਧਰ ਉਤੇ ਇਕ ਮੰਚ ਉਤੇ ਇਕੱਠੇ ਹੋਣ ਦਾ ਅਹਿਦ ਲੈ ਲਿਆ ਹੈ। ਇਸ ਬਾਰੇ ਫ਼ੈਸਲਾ ਕਿਸਾਨ ਭਵਨ ਵਿਚ 15 ਸੂਬਿਆਂ ਦੀਆਂ 45 ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਤਿੰਨ ਦਿਨ ਤੱਕ ਚੱਲੀ ਕਾਨਫਰੰਸ ਵਿਚ ਕੀਤਾ ਗਿਆ। ਫੈਸਲੇ ਮੁਤਾਬਕ ਕੌਮੀ ਪੱਧਰ ਉਤੇ ਕਿਸਾਨ ਏਕਤਾ ਜਥੇਬੰਦੀ ਬਣਾ ਕੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਨੀਤੀਗਤ ਤੇ ਸੰਘਰਸ਼ ਜ਼ਰੀਏ ਕੀਤਾ ਜਾਵੇਗਾ। ਇਹ ਜਥੇਬੰਦੀ ਇਸ ਮੁੱਦੇ ਨੂੰ ਉਭਾਰੇਗੀ ਕਿ ਪੈਦਾਵਾਰ ਵਧਾਉਣ ਤੇ ਖੇਤੀ ਤਕਨੀਕਾਂ ਵਿਕਸਤ ਕਰਨ ਦੇ ਨਾਲ-ਨਾਲ ਕਿਸਾਨਾਂ ਦੀ ਵਿੱਤੀ ਹਾਲਤ ਵਿਚ ਵੀ ਸੁਧਾਰ ਕੀਤਾ ਜਾਵੇ ਤੇ ਕਿਸਾਨਾਂ ਨੂੰ ਸਮਾਜਿਕ ਸੁਰੱਖਿਆ ਮੁਹੱਈਆ ਕਰਵਾਉਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਫ਼ੈਸਲੇ ਕਰਨ।

ਇਸ ਮੌਕੇ ਜਿਥੇ ਕਿਸਾਨਾਂ ਦਾ ਆਪਣਾ ਸਿਆਸੀ ਮੰਚ ਉਸਾਰਨ ਦੇ ਸੰਕੇਤ ਦਿੱਤੇ ਉਥੇ ਕਿਸਾਨਾਂ ਦੀ ਦਿੱਲੀ ਪੱਧਰ ਉਤੇ 'ਰਿਸਰਚ ਬਾਡੀ' ਅਤੇ 'ਵਿਚਾਰਧਾਰਕ ਟੀਮ' ਵੀ ਬਣਾਈ ਜਾਵੇਗੀ। ਖੇਤੀ ਮਾਹਿਰ ਦਵਿੰਦਰ ਸ਼ਰਮਾ ਦੇ ਸੰਚਾਲਨ ਹੇਠ ਇਥੇ ਕਿਸਾਨ ਭਵਨ ਵਿਚ ਸਮਾਪਤ ਹੋਈ ਤਿੰਨ ਰੋਜ਼ਾ ਕਨਵੈਨਸ਼ਨ ਦੌਰਾਨ ਕਿਸਾਨ ਜਥੇਬੰਦੀਆਂ ਨੇ ਕੌਮੀ ਪੱਧਰ ਦੀ ਫੈਡਰੇਸ਼ਨ ਬਣਾ ਕੇ ਮੁਲਾਜ਼ਮਾਂ ਵਾਂਗ ਕਿਸਾਨਾਂ ਨੂੰ ਵੀ ਪੈਨਸ਼ਨ, ਜੀ.ਪੀ.ਐਫ. ਤੇ ਗ੍ਰੈਚੁਟੀ ਦੇ ਘੇਰੇ ਵਿਚ ਲਿਆਉਣ ਲਈ ਜੱਦੋ ਜਹਿਦ ਕਰਨ ਦਾ ਟੀਚਾ ਮਿਥਿਆ ਹੈ। 15 ਸੂਬਿਆਂ ਦੇ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਲਈ ਇਨਕਮ ਕਮਿਸ਼ਨ ਸਥਾਪਤ ਕੀਤਾ ਜਾਵੇ। ਖੇਤੀ ਪੈਦਾਵਾਰ ਦੀਆਂ ਕੀਮਤਾਂ ਤੈਅ ਕਰਨ ਵਾਲੇ ਕਮਿਸ਼ਨ ਦੇ ਅਧਿਕਾਰਾਂ ਦਾ ਦਾਇਰਾ ਵਧਾਉਣ ਦੀ ਮੰਗ ਵੀ ਕੀਤੀ। ਕਨਵੈਨਸ਼ਨ ਦੌਰਾਨ ਖੇਤੀ ਮਾਹਿਰ ਦਵਿੰਦਰ ਸ਼ਰਮਾ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਤੇ ਕਰਨਾਟਕ ਦੇ ਪ੍ਰਮੁੱਖ ਕਿਸਾਨ ਆਗੂ ਕੋਡੀ ਹਲੀ ਚੰਦਰ ਸ਼ੇਖਰ ਨੂੰ ਕਿਸਾਨਾਂ ਲਈ ਕੌਮੀ ਪੱਧਰ ਉਤੇ ਇਕ ਫੈਡਰੇਸ਼ਨ ਬਣਾਉਣ ਦਾ ਆਧਾਰ ਤਿਆਰ ਕਰਨ ਲਈ ਕਮੇਟੀ ਕਾਇਮ ਕਰਨ ਦੇ ਅਧਿਕਾਰ ਦਿੱਤੇ ਗਏ। ਕਿਸਾਨ ਜਥੇਬੰਦੀਆਂ ਦਾ ਅਗਲਾ ਕੌਮੀ ਇਕੱਠ ਨਵੰਬਰ ਵਿਚ ਬੰਗਲੌਰ ਵਿਚ ਕਰਨ ਦਾ ਫੈਸਲਾ ਲਿਆ ਗਿਆ।

**ਕੈਪਟਨ ਦਾ ਬਾਦਲ ਨੂੰ ਘੇਰਾ:** ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਗਠਜੋੜ ਸਰਕਾਰ ਵਿਰੁੱਧ ਐਲਾਨ ਕੀਤਾ ਹੈ ਕਿ ਜਿੰਨੀ ਦੇਰ ਤੱਕ ਸੂਬਾ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਦੀ, ਅੰਦੋਲਨ ਜਾਰੀ ਰੱਖਿਆ ਜਾਵੇਗਾ।

### ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਸੁਝਾਅ

* ਕੇਂਦਰ ਸਰਕਾਰ ਕਿਸਾਨ ਕਮਿਸ਼ਨ ਕਾਇਮ ਕਰੇ
* ਕਿਸਾਨ ਦੀ ਆਮਦਨ ਦਰਜਾ ਚਾਰ ਕਰਮਚਾਰੀ ਦੀ ਤਨਖ਼ਾਹ ਨੂੰ ਆਧਾਰ ਮੰਨ ਕੇ ਤੈਅ ਹੋਵੇ
* ਆਮਦਨ ਵਿਚ ਵਾਧੇ ਲਈ ਸਰਕਾਰ ਨੀਤੀਆਂ ਬਣਾਏ
* ਕਿਸਾਨ ਦੀ ਆਮਦਨ ਦਾ ਅੱਧਾ ਫ਼ੀਸਦੀ ਫ਼ਸਲ ਵਿਚੋਂ ਕੱਟਿਆ ਜਾਵੇ
* ਪੰਚਾਇਤਾਂ ਦੀਆਂ ਕਮੇਟੀਆਂ ਬਣਾ ਕੇ ਖ਼ੁਦਕੁਸ਼ੀ ਬਾਰੇ ਪੂਰੇ ਅੰਕੜੇ ਇਕੱਠੇ ਹੋਣ

### ਖ਼ੁਦਕੁਸ਼ੀਆਂ ਦੇ ਮਾਮਲੇ ਉਤੇ ਕੇਂਦਰ ਦੀ ਝਾੜ-ਝੰਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇਸ਼ ਦੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਮਾਮਲਿਆਂ ਵਿਚ ਵਿਆਪਕ ਕਮੀ ਆਉਣ ਬਾਰੇ ਕੇਂਦਰ ਸਰਕਾਰ ਦੇ ਦਾਅਵਿਆਂ ਤੋਂ ਸੰਤੁਸ਼ਟ ਨਹੀਂ ਹੈ। ਉੱਚ ਅਦਾਲਤ ਨੇ ਕਿਹਾ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਦਾ ਇਕ ਵੀ ਮਾਮਲਾ ਨਹੀਂ ਹੋਣਾ ਚਾਹੀਦਾ। ਅਦਾਲਤ ਨੇ ਕਿਹਾ ਕਿ ਇਹ ਖ਼ੁਦਕੁਸ਼ੀਆਂ 2007 ਵਿਚ ਕਿਸਾਨਾਂ ਲਈ ਬਣੀ ਕੌਮੀ ਨੀਤੀ ਵਿਚਲੀਆਂ ਖਾਮੀਆਂ ਦਾ ਨਤੀਜਾ ਹੋ ਸਕਦੀਆਂ ਹਨ। ਸਰਕਾਰ ਇਸ ਬਾਰੇ ਕੇਂਦਰ ਛੇ ਹਫਤਿਆਂ ਦੇ ਅੰਦਰ ਹਲਫ਼ਨਾਮਾ ਦਾਖਲ ਕਰਕੇ ਇਸ ਨੀਤੀ ਉਤੇ ਨਜ਼ਰਸਾਨੀ ਬਾਰੇ ਆਪਣਾ ਸਟੈਂਡ ਅਦਾਲਤ ਨੂੰ ਦੱਸੇ।

## ਐਸ ਪੀ ਰਾਜਵਿੰਦਰ ਸਿੰਘ ਸੋਹਲ ਸ਼ਿਕਾਗੋ 'ਚ


**ਸ਼ਿਕਾਗੋ (ਬਿਊਰੋ):** ਰਾਜਵਿੰਦਰ ਸਿੰਘ ਸੋਹਲ ਐਸ ਪੀ ਖੰਨਾ ਬੀਤੇ ਦਿਨੀਂ ਆਪਣੇ ਨਿਜੀ ਦੌਰੇ 'ਤੇ ਮਿਲਵਾਕੀ/ਸ਼ਿਕਾਗੋ ਪੁਜੇ ਜਿਥੇ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ।



*ਐਸ ਪੀ ਰਾਜਵਿੰਦਰ ਸਿੰਘ ਸੋਹਲ ਨਾਲ ਗੁਰਮੁਖ ਸਿੰਘ*

ਐਸ ਪੀ ਰਾਜਵਿੰਦਰ ਸਿੰਘ ਸੋਹਲ ਪੰਜਾਬੀ ਭਾਈਚਾਰੇ ਨੂੰ ਮਿਲ ਕੇ ਬੁਹਤ ਪ੍ਰਭਾਵਤ ਹੋਏ ਕਿ ਛੋਟੀ ਉਮਰ ਦੇ ਬੱਚੇ ਖੇਡਾਂ ਅਤੇ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈ ਰਹੇ ਹਨ। ਗੁਰਦੁਆਰਾ ਪੈਲਾਟਾਈਨ ਵਿਖੇ ਉਹ ਆਪਣੀ ਪਤਨੀ ਬੀਬੀ ਦਲਜੀਤ ਕੌਰ ਅਤੇ ਆਪਣੇ ਪੁਰਾਣੇ ਮਿੱਤਰ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਸਹਿਤ ਗੁਰੂ ਅੱਗੇ ਨਮਸਤਕ ਹੋਏ। ਉਨ੍ਹਾਂ ਕਿਹਾ ਕਿਸੇ ਵੀ ਵਿਅਕਤੀ ਨੂੰ ਪੰਜਾਬ ਵਿਚ ਕਿਸੇ ਕਿਸਮ ਦੀ ਕੋਈ ਦਿਕਤ ਆਉਂਦੀ ਹੈ, ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਉਹ ਤਨਦੇਹੀ ਨਾਲ ਐਨ ਆਰ ਆਈ ਨੂੰ ਦਰਪੇਸ਼ ਮੁਸ਼ਕਲਾਂ ਨੂੰ ਹਲ ਕਰਨ ਲਈ ਸਹਿਯੋਗ ਦੇਣਗੇ। ਉਹ ਇਕ ਸੂਝਵਾਨ ਪੁਲਿਸ ਅਫਸਰ ਹਨ ਅਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਦਲਜੀਤ ਕੌਰ ਸਰਕਾਰੀ ਸਕੂਲ ਵਿਚ ਟੀਚਰ ਹਨ। ਉਨ੍ਹਾਂ ਦੇ ਦੋ ਬੱਚੇ ਕੈਨੇਡਾ ਵਿਚ ਉਚ ਸਿਖਿਆ ਪ੍ਰਾਪਤ ਕਰ ਰਹੇ ਹਨ।

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.

Loans Available In Most States!

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

# ਵਿਵਾਦ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਸਕੱਤਰ ਨਿਯੁਕਤ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਖਰਕਾਰ ਮੁੱਖ ਸਕੱਤਰ ਦੀ ਨਿਯੁਕਤੀ ਕਰ ਦਿੱਤੀ ਹੈ। ਹਰਚਰਨ ਸਿੰਘ ਦਿੱਲੀ, ਸ਼੍ਰੋਮਣੀ ਕਮੇਟੀ ਦੇ ਪਹਿਲੇ ਮੁੱਖ ਸਕੱਤਰ ਹੋਣਗੇ। ਉਨ੍ਹਾਂ ਨੂੰ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ, ਗੱਡੀ, ਪੀ.ਏ. ਅਤੇ ਹੋਰ ਪ੍ਰਸ਼ਾਸਕੀ ਅਮਲਾ ਵੀ ਮਿਲੇਗਾ। ਉਹ 27 ਅਗਸਤ ਨੂੰ ਆਪਣਾ ਅਹੁਦਾ ਸੰਭਾਲ ਲੈਣਗੇ।

ਇਥੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਮੁੱਖ ਸਕੱਤਰ ਦੀ ਨਿਯੁਕਤੀ ਸਬੰਧੀ ਲਈ ਇੰਟਰਵਿਊ ਬਾਰੇ ਤਿੰਨ ਮੈਂਬਰੀ ਕਮੇਟੀ ਵੱਲੋਂ ਤਿਆਰ ਰਿਪੋਰਟ ਪੇਸ਼ ਕੀਤੀ ਗਈ। ਅੰਤ੍ਰਿੰਗ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਇਸ ਨਿਯੁਕਤੀ ਦਾ ਵਿਰੋਧ ਵੀ ਕੀਤਾ, ਪਰ ਬਾਅਦ ਵਿਚ ਕਮੇਟੀ ਵੱਲੋਂ ਸਰਬਸੰਮਤੀ ਨਾਲ ਇਸ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ। ਇਹ ਨਿਯੁਕਤੀ ਤਿੰਨ ਸਾਲਾਂ ਲਈ ਠੇਕੇ ਉਤੇ ਕੀਤੀ ਗਈ ਹੈ। ਨਿਯੁਕਤੀ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਮੁੱਖ ਸਕੱਤਰ ਨੂੰ ਸਾਰੇ ਪ੍ਰਸ਼ਾਸਕੀ ਤੇ ਆਰਥਿਕ ਅਧਿਕਾਰ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਤਜਰਬੇ ਦਾ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਨੂੰ ਹੋਰ ਵੀ ਸੁਚਾਰੂ ਢੰਗ ਦੇ ਨਾਲ ਚਲਾਉਣ ਦੇ ਲਈ ਲਾਭ ਲਿਆ ਜਾਵੇਗਾ।

ਇਸੇ ਦੌਰਾਨ ਮੁੱਖ ਸਕੱਤਰ ਦੀ ਨਿਯੁਕਤੀ ਖਿਲਾਫ਼ ਸਿੱਖ ਸਦਭਾਵਨਾ ਦਲ ਦੇ ਬੈਨਰ ਹੇਠ ਸਿੱਖਾਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਵਿਚ ਇਕੱਤਰ ਹੋਏ ਸਿੱਖਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਆਉਂਦੇ ਮੁੱਖ ਰਸਤੇ ਉਤੇ ਬੈਠ ਕੇ ਰੋਸ ਜ਼ਾਹਿਰ ਕੀਤਾ। ਉਨ੍ਹਾਂ ਹੱਥਾਂ ਵਿਚ 'ਗੁਰੂ ਦੀ ਗੋਲਕ ਉਤੇ ਤਰਸ ਕਰੋ', 'ਮੁੱਖ ਸਕੱਤਰ ਦਾ ਅਹੁਦਾ ਰੱਦ ਕਰੋ', 'ਅੰਤ੍ਰਿੰਗ ਕਮੇਟੀ ਮੈਂਬਰ ਜ਼ਮੀਰ ਦੀ ਆਵਾਜ਼ ਸੁਣਨ' ਅਤੇ 'ਸਿਆਸੀ ਦਖਲਅੰਦਾਜ਼ੀ ਬੰਦ ਕਰੋ' ਦੇ ਬੈਨਰ ਫੜੇ ਹੋਏ ਸਨ। ਇਸ ਮੌਕੇ ਬੁਲਾਰਿਆਂ ਨੇ ਬਾਦਲ ਪਰਿਵਾਰ ਆਪਣੇ ਨਜ਼ਦੀਕੀਆਂ ਨੂੰ ਫ਼ਾਇਦੇ ਪਹੁੰਚਾਉਣ ਲਈ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰ ਰਿਹਾ ਹੈ। ਜੇ ਸ਼੍ਰੋਮਣੀ ਕਮੇਟੀ ਨੇ ਮੁੱਖ ਸਕੱਤਰ ਦੀ ਨਿਯੁਕਤੀ ਦਾ ਫ਼ੈਸਲਾ ਵਾਪਸ ਨਾ ਲਿਆ ਤਾਂ ਉਹ ਇਸ ਫ਼ੈਸਲੇ ਦੇ ਵਿਰੁੱਧ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜਾਣਗੇ।

## ਉਘੇ ਬੈਂਕਰ ਹਨ ਮੁੱਖ ਸਕੱਤਰ ਹਰਚਰਨ ਸਿੰਘ



**ਸ੍ਰੀ ਆਨੰਦਪੁਰ ਸਾਹਿਬ:** ਉਘੇ ਸਿੱਖ ਬੈਂਕਰ ਅਤੇ ਵਿੱਤੀ ਮਾਹਰ ਹਰਚਰਨ ਸਿੰਘ (70) ਦਿੱਲੀ ਦੇ ਰਹਿਣ ਵਾਲੇ ਹਨ। ਉਹ ਪੰਜਾਬ ਐਂਡ ਸਿੰਧ ਬੈਂਕ ਤੋਂ ਡਿਪਟੀ ਜਨਰਲ ਮੈਨੇਜਰ ਵਜੋਂ ਸੇਵਾਮੁਕਤ ਹੋਏ ਹਨ ਅਤੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਜਨਰਲ ਮੈਨੇਜਰ ਵੀ ਰਹਿ ਚੁੱਕੇ ਹਨ।

ਐਮ.ਏ., ਐਲ.ਐਲ.ਬੀ, ਸੀ.ਏ.ਆਈ.ਆਈ.ਬੀ. ਅਤੇ ਪਬਲਿਕ ਐਂਟਰਪ੍ਰਾਈਜ਼ ਵਿਚ ਪੋਸਟ-ਗ੍ਰੈਜੂਏਟ ਡਿਪਲੋਮਾ ਹਾਸਲ ਹਰਚਰਨ ਸਿੰਘ ਸਿੱਖ ਮਸਲਿਆਂ ਦੇ ਵੀ ਮਾਹਰ ਹਨ। 1969 ਵਿਚ ਉਨ੍ਹਾਂ ਪੰਜਾਬ ਐਂਡ ਸਿੰਧ ਬੈਂਕ 'ਚ ਪ੍ਰੋਬੇਸ਼ਨਰੀ ਅਫ਼ਸਰ ਵਜੋਂ ਸ਼ੁਰੂਆਤ ਕੀਤੀ ਸੀ ਅਤੇ ਉਥੋਂ ਜਨਰਲ ਮੈਨੇਜਰ ਹੁੰਦਿਆਂ 2000 ਵਿਚ ਵੀ.ਆਰ.ਐਸ. ਲੈ ਲਈ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ ਵਿਚ ਨੌਕਰੀ ਲੱਗਣ ਦੀ ਮੁਢਲੀ ਸ਼ਰਤ ਪੂਰੀ ਕਰਨ ਲਈ ਮੁੱਖ ਸਕੱਤਰ ਸਬੰਧੀ ਸ਼੍ਰੋਮਣੀ ਕਮੇਟੀ ਦਾ ਰਸਮੀ ਇਸ਼ਤਿਹਾਰ ਜਾਰੀ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਿਆ।

**ਅੰਮ੍ਰਿਤਸਰ:** ਅਕਾਲੀ ਦਲ (1920) ਨੇ ਵੀ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਕਈ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਵਿਰੋਧ ਕੀਤਾ ਜਾ ਰਿਹਾ ਹੈ। ਅਕਾਲੀ ਦਲ (1920) ਦੇ ਪ੍ਰਧਾਨ ਰਵੀਇੰਦਰ ਸਿੰਘ ਦੇ ਹਵਾਲੇ ਨਾਲ ਮੀਤ ਪ੍ਰਧਾਨ ਰਘੁਬੀਰ ਸਿੰਘ ਰਾਜਾਸਾਂਸੀ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਆਖਿਆ ਕਿ ਜਥੇਬੰਦੀ ਵੱਲੋਂ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾ ਰਹੀ ਹੈ ਅਤੇ ਜਲਦੀ ਹੀ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾਵੇਗੀ। ਪਹਿਲਾਂ ਵੀ ਪਾਰਟੀ ਦੇ ਆਗੂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਨੋਟਿਸ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਰਾਸ਼ਟਰਪਤੀ, ਕੇਂਦਰੀ ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਨੂੰ ਪਹਿਲਾਂ ਹੀ ਪੱਤਰ ਭੇਜ ਕੇ ਜਾਣੂ ਕਰਾਇਆ ਜਾ ਚੁੱਕਾ ਹੈ ਜਿਸ ਦੇ ਆਧਾਰ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸ਼੍ਰੋਮਣੀ ਕਮੇਟੀ ਦੀ ਜਵਾਬਤਲਬੀ ਵੀ ਕੀਤੀ ਜਾ ਚੁੱਕੀ ਹੈ। ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਦੇ ਵਿਚਾਰਅਧੀਨ ਹੋਣ ਦੇ ਬਾਵਜੂਦ ਨਿਯੁਕਤੀ ਕਰ ਦਿੱਤੀ ਗਈ ਹੈ। ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਨੇ ਵੀ ਇਸ ਨਵੀਂ ਨਿਯੁਕਤੀ ਦਾ ਵਿਰੋਧ ਕੀਤਾ ਹੈ ਅਤੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਹੋਂਦ ਹਵਾ ਵਿਚ ਹੈ, ਇਸ ਦੇ ਬਾਵਜੂਦ ਇਹ ਨਵਾਂ ਅਹੁਦਾ ਸਥਾਪਤ ਕਰਨ ਲਈ ਕਾਹਲੀ ਨਾਲ ਫੈਸਲਾ ਕੀਤਾ ਗਿਆ ਹੈ।

# ਰੁਲਦਾ ਕੇਸ 'ਚ ਤਾਰਾ ਤੇ ਗੋਲਡੀ ਖ਼ਿਲਾਫ਼ ਦੋਸ਼ ਆਇਦ

**ਪਟਿਆਲਾ:** ਰਾਸ਼ਟਰੀ ਸਿੱਖ ਸੰਗਤ ਦੇ ਸਾਬਕਾ ਪ੍ਰਧਾਨ ਰੁਲਦਾ ਸਿੰਘ ਦੇ ਕਤਲ ਕੇਸ ਵਿਚ ਮੁਲਜ਼ਮ ਜਗਤਾਰ ਸਿੰਘ ਤਾਰਾ ਅਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਕਾਰਕੁਨ ਰਮਨਦੀਪ ਸਿੰਘ ਗੋਲਡੀ ਖ਼ਿਲਾਫ਼ ਦੋਸ਼ ਆਇਦ ਹੋ ਗਏ। ਗੋਲਡੀ ਨੂੰ ਨਾਭਾ ਜੇਲ੍ਹ ਵਿਚੋਂ ਇਥੇ ਲਿਆਂਦਾ ਗਿਆ ਅਤੇ ਤਾਰਾ ਨੂੰ ਬੁੜੈਲ ਜੇਲ੍ਹ ਚੰਡੀਗੜ੍ਹ ਵਿਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ।

ਇਸ ਕੇਸ ਵਿਚ ਨਵੰਬਰ 2014 ਵਿਚ ਗੋਲਡੀ ਨੂੰ ਮਲੇਸ਼ੀਆ ਅਤੇ ਜਨਵਰੀ 2015 ਵਿਚ ਤਾਰਾ ਨੂੰ ਥਾਈਲੈਂਡ ਤੋਂ ਕਾਬੂ ਕਰ ਕੇ ਪਟਿਆਲਾ ਲਿਆਂਦਾ ਗਿਆ ਸੀ ਪਰ ਪੁਲੀਸ ਰਿਮਾਂਡ ਤੋਂ ਬਾਅਦ ਸੱਤ ਮਹੀਨਿਆਂ ਵਿਚ ਤਾਰਾ ਨੂੰ ਇਸ ਕੇਸ ਵਿਚ ਨਿੱਜੀ ਤੌਰ 'ਤੇ ਇਥੇ ਪੇਸ਼ ਨਹੀਂ ਕੀਤਾ ਗਿਆ। ਹੁਣ ਵਧੀਕ ਸੈਸ਼ਨ ਜੱਜ ਅਰੁਣ ਕੁਮਾਰ ਦੀ ਅਦਾਲਤ ਵਿਚ ਦੋਸ਼ ਆਇਦ ਹੋਣ ਮੌਕੇ ਵੀ ਤਾਰਾ ਨੂੰ ਪਹਿਲਾਂ ਵਾਂਗ ਵੀਡੀਓ ਕਾਨਫਰੰਸਿੰਗ ਜ਼ਰੀਏ ਹੀ ਪੇਸ਼ ਕੀਤਾ ਗਿਆ। ਕੇਸ ਦੀ ਅਗਲੀ ਸੁਣਵਾਈ 18 ਸਤੰਬਰ ਨੂੰ ਹੈ। ਇਹ ਕੇਸ ਥਾਣਾ ਤ੍ਰਿਪੜੀ ਵਿਚ ਦਰਜ ਹੈ।

ਯਾਦ ਰਹੇ ਕਿ 28 ਤੇ 29 ਜੁਲਾਈ 2009 ਦੀ ਰਾਤ ਨੂੰ ਰੁਲਦਾ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ ਸੀ ਅਤੇ ਦੋ ਹਫ਼ਤਿਆਂ ਬਾਅਦ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ ਸੀ। ਪੁਲੀਸ ਤਫ਼ਤੀਸ਼ ਅਨੁਸਾਰ ਪਾਕਿਸਤਾਨ ਵਿਚ ਰਚੀ ਸਾਜ਼ਿਸ਼ ਤਹਿਤ ਇਹ ਕਤਲ ਇੰਗਲੈਂਡ ਤੋਂ ਆਏ ਦੋ ਸਿੱਖ ਨੌਜਵਾਨਾਂ ਵੱਲੋਂ ਕੀਤਾ ਗਿਆ ਸੀ ਜਿਨ੍ਹਾਂ ਦੀ ਮਦਦ ਦੇ ਦੋਸ਼ ਹੇਠ ਸ਼ੁਰੂ ਵਿਚ ਗ੍ਰਿਫ਼ਤਾਰ ਕੀਤੇ ਚਾਰੇ ਵਿਅਕਤੀਆਂ ਨੂੰ ਸ਼ਮੂਲੀਅਤ ਨਾ ਹੋਣ ਕਰ ਕੇ ਡਿਸਚਾਰਜ ਕਰ ਦਿੱਤਾ ਗਿਆ। ਬਾਅਦ ਵਿਚ ਜਗਮੋਹਣ ਸਿੰਘ ਬਸੀ ਪਠਾਣਾ, ਦਰਸ਼ਨ ਸਿੰਘ ਮਕਾਰੋਪੁਰ, ਗੁਰਜੰਟ ਸਿੰਘ ਕੁਰਕਸ਼ੇਤਰ, ਅਮਰਜੀਤ ਸਿੰਘ ਮੁਹਾਲੀ ਤੇ ਦਲਜੀਤ ਸਿੰਘ ਮੁੰਬਈ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਉਹ ਵੀ 27 ਫਰਵਰੀ ਨੂੰ ਬਰੀ ਹੋ ਗਏ।

## ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਮੇਲਾ 6 ਨੂੰ

**ਸ਼ਿਕਾਗੋ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦਾ ਖੇਡ ਅਤੇ ਸਭਿਆਚਾਰਕ ਮੇਲਾ ਹਰ ਸਾਲ ਵਾਂਗ ਲੇਬਰ ਡੇਅ ਵੀਕ ਐਂਡ 'ਤੇ ਆਉਂਦੀ 6 ਸਤੰਬਰ ਨੂੰ ਇਥੋਂ ਦੀ ਸਬਰਬ ਐਲਕ ਗਰੂਵ ਦੇ ਬਸੀ ਵੁਡਜ ਫਾਰੈਸਟ ਪ੍ਰਿਜ਼ਰਵ ਵਿਚ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਜਸਵਿੰਦਰ ਸਿੰਘ (ਜੱਸੀ) ਗਿੱਲ ਨੇ ਦੱਸਿਆ ਕਿ ਇਸ ਮੇਲੇ ਵਿਚ ਕਬੱਡੀ ਦੀਆਂ ਉਚ ਕੋਟੀ ਦੀਆਂ ਟੀਮਾਂ ਖੇਡ ਦੇ ਜੌਹਰ ਦਿਖਾਉਣਗੀਆਂ, ਵਾਲੀਬਾਲ ਦੇ ਮੁਕਾਬਲੇ ਹੋਣਗੇ ਅਤੇ ਲੋਕ ਗਾਇਕ ਤੇਜੀ ਰਣਜੀਤ ਤੇ ਜਸਪਿੰਦਰ ਰੈਣਾ ਸਰੋਤਿਆਂ ਦਾ ਮਨੋਰੰਜਨ ਕਰਨਗੇ। ਕਬੱਡੀ ਦੀ ਕੁਮੈਂਟਰੀ ਉਘੇ ਕੁਮੈਂਟੇਟਰ ਇਕਬਾਲ ਗਾਲਿਬ ਅਤੇ ਨਾਮੀ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਕਰਨਗੇ। ਮੇਲੀਆਂ ਲਈ ਖਾਣੇ ਦਾ ਮੁਫ਼ਤ ਪ੍ਰਬੰਧ ਹੋਵੇਗਾ। ਉਨ੍ਹਾਂ ਸਮੂਹ ਖੇਡ ਪ੍ਰੇਮੀਆਂ ਨੂੰ ਮੇਲੇ ਵਿਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਪ੍ਰਧਾਨ ਸ੍ਰੀ ਜੱਸੀ ਨਾਲ ਸੰਪਰਕ 773-759-0433 ਰਾਹੀਂ ਕੀਤਾ ਜਾ ਸਕਦਾ ਹੈ।



ਜਸਵਿੰਦਰ ਗਿੱਲ

## ਵਿਦੇਸ਼ ਨਾ ਜਾ ਸਕੇ ਬੀਬੀ ਜਗੀਰ ਕੌਰ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਅਕਾਲੀ ਮੰਤਰੀ ਜਗੀਰ ਕੌਰ ਨੂੰ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ 'ਤੇ ਸਵਾ ਮਹੀਨਾ ਪਹਿਲਾਂ ਭਾਵੇਂ ਅਦਾਲਤ ਤੋਂ ਵਿਦੇਸ਼ ਯਾਤਰਾ ਲਈ ਪ੍ਰਵਾਨਗੀ ਮਿਲ ਗਈ ਸੀ ਪਰ ਸਮੇਂ ਸਿਰ ਵੀਜ਼ਾ ਨਾ ਮਿਲਣ ਕਰ ਕੇ ਉਹ ਵਿਦੇਸ਼ ਨਹੀਂ ਜਾ ਸਕੇ। ਹੁਣ ਉਨ੍ਹਾਂ ਅਦਾਲਤ ਵਿਚ ਭਰੇ ਦੋ ਕਰੋੜ ਰੁਪਏ ਦੇ ਬਾਂਡ ਵਾਪਸ ਲੈ ਲਏ ਹਨ।

ਜ਼ਿਕਰਯੋਗ ਹੈ ਕਿ ਜਗੀਰ ਕੌਰ ਨੂੰ ਉਨ੍ਹਾਂ ਦੀ ਧੀ ਹੱਤਿਆ ਦੇ ਮਾਮਲੇ ਵਿਚ ਪੰਜ ਸਾਲਾਂ ਦੀ ਕੈਦ ਹੋਈ ਸੀ। ਇਸ ਵਿਚੋਂ ਜ਼ਮਾਨਤ ਮੌਕੇ ਉਨ੍ਹਾਂ 'ਤੇ ਅਦਾਲਤੀ ਪ੍ਰਵਾਨਗੀ ਤੋਂ ਬਿਨਾਂ ਵਿਦੇਸ਼ ਨਾ ਜਾਣ ਦੀ ਸ਼ਰਤ ਲਾਈ ਗਈ ਸੀ। ਉਨ੍ਹਾਂ ਨੂੰ 27 ਜੁਲਾਈ ਤੋਂ ਤਿੰਨ ਹਫ਼ਤਿਆਂ ਲਈ ਅਮਰੀਕਾ ਅਤੇ ਕੈਨੇਡਾ ਜਾਣ ਦੀ ਆਗਿਆ ਮਿਲ ਗਈ ਸੀ।

## ਪੰਜਾਬ ਪੁਲੀਸ ਵੱਲੋਂ ਰਾਧੇ ਮਾਂ ਨੂੰ ਨੋਟਿਸ ਜਾਰੀ

**ਫਗਵਾੜਾ:** ਪੰਜਾਬ ਪੁਲਿਸ ਨੇ ਵਿਵਾਦਾਂ ਵਿਚ ਘਿਰੀ ਰਾਧੇ ਮਾਂ ਨੂੰ ਨੋਟਿਸ ਜਾਰੀ ਕਰਕੇ ਪੰਜਾਬ ਦੇ ਇਕ ਵਿਅਕਤੀ ਤਰਫ਼ੋਂ ਦਰਜ ਕਰਾਈ ਸ਼ਿਕਾਇਤ ਦੇ ਸਿਲਸਿਲੇ ਵਿਚ ਚੱਲ ਰਹੀ ਜਾਂਚ ਵਿਚ ਸਹਿਯੋਗ ਦੇਣ ਨੂੰ ਕਿਹਾ ਹੈ। ਸ਼ਿਕਾਇਤ-ਕਰਤਾ ਨੇ ਕਿਹਾ ਕਿ ਰਾਧੇ ਮਾਂ ਨੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਤੇ ਧਾਰਮਿਕ ਸਮਾਗਮਾਂ ਵਿਚ ਅਸ਼ਲੀਲਤਾ ਫੈਲਾਈ ਜਾ ਰਹੀ ਹੈ। ਸੁਰਿੰਦਰ ਮਿੱਤਲ ਵੱਲੋਂ ਦਸ ਦਿਨ ਪਹਿਲਾਂ ਕਪੂਰਥਲਾ ਦੇ ਪੁਲਿਸ ਅਧਿਕਾਰੀ ਨੂੰ ਸ਼ਿਕਾਇਤ ਕੀਤੀ ਗਈ ਸੀ। ਇਸ ਸਬੰਧੀ ਜਾਂਚ ਦੇ ਚਲਦਿਆਂ ਰਾਧੇ ਮਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

## ਬਿਲਾਵਲ ਭੁੱਟੋ ਦੇ ਘਰ ਨੇੜੇ ਹੈ ਦਾਊਦ ਦੀ ਇਕ ਰਿਹਾਇਸ਼

**ਨਵੀਂ ਦਿੱਲੀ:** ਦਾਊਦ ਇਬਰਾਹਿਮ ਦੇ ਪਾਕਿਸਤਾਨ ਵਿਚ ਨੌਂ ਰਿਹਾਇਸ਼ੀ ਮਕਾਨ ਹਨ ਜਿਨ੍ਹਾਂ ਵਿਚੋਂ ਇਕ ਮਕਾਨ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਬੇਨਜ਼ੀਰ ਭੁੱਟੋ ਦੇ ਬੇਟੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਰਿਹਾਇਸ਼ ਨੇੜੇ ਦੋ ਸਾਲ ਪਹਿਲਾਂ ਖਰੀਦਿਆ ਗਿਆ ਜਦਕਿ ਉਸ ਦੇ ਕੋਲ ਤਿੰਨ ਪਾਕਿਸਤਾਨੀ ਪਾਸਪੋਰਟ ਹਨ ਜਿਸ ਰਾਹੀਂ ਉਹ ਸੈਰ-ਸਪਾਟਾ ਕਰਦਾ ਹੈ।

ਪਾਕਿਸਤਾਨ ਨੂੰ ਸੌਂਪੇ ਜਾਣ ਵਾਲੇ ਡੋਜ਼ੀਅਰ ਮੁਤਾਬਕ ਦਾਊਦ ਅਕਸਰ ਆਪਣੀ ਰਿਹਾਇਸ਼ ਬਦਲਦਾ ਰਹਿੰਦਾ ਹੈ। ਦਾਊਦ ਨੇ ਜਿਹੜੇ ਦੋ ਮਕਾਨ ਹੁਣੇ ਜਿਹੇ ਖਰੀਦੇ ਹਨ, ਉਹ ਕਰਾਚੀ ਦੀ ਜਿਨਾਹ ਕਾਲੋਨੀ ਵਿਚ ਸਥਿਤ ਹਨ। ਬਿਲਾਵਲ ਭੁੱਟੋ ਦੀ ਰਿਹਾਇਸ਼ ਨੇੜੇ ਸਥਿਤ ਉਸ ਦੇ ਘਰ ਕੋਲ ਹਸਪਤਾਲ ਵੀ ਹੈ ਤਾਂ ਜੋ ਉਹ ਨੇੜਿਓਂ ਮੈਡੀਕਲ ਸੇਵਾਵਾਂ ਲੈ ਸਕੇ।


Prestige Insurance Agency
5820 N Canton Center Rd, Suite#115, Canton, MI 48187
We do Property and Casualty Insurance, Both Commercial and personal lines.
ਪ੍ਰਾਪਰਟੀ ਦੀ ਇੰਸ਼ੋਰੈਂਸ ਹੋਵੇ ਜਾਂ ਫਿਰ ਗੱਡੀਆਂ ਦੀ, ਕਮਰਸ਼ੀਅਲ ਅਤੇ ਪਰਸਨਲ
ਬਿਹਤਰੀਨ ਸੇਵਾ ਲਈ ਮੌਕਾ ਦਿਓ
ਸੰਪਰਕ ਕਰੋ: ਦਵਿੰਦਰ ਸਿੰਘ ਗਰੇਵਾਲ
ਫੋਨ: 734-560-2886



Singh Tax & Accounting Services LLC.
Individual & Business Taxes, Accounting, Payroll & Financial Consulting Services.
ਆਈ ਆਰ ਐਸ ਨਾਲ ਟੈਕਸ ਸਬੰਧੀ ਮੌਜੂਦਾ ਕੇਸਾਂ, ਇੰਡੀਆ ਅਤੇ ਅਮਰੀਕਾ ਵਿਚ ਜਾਇਦਾਦ ਦੀ ਖਰੀਦ-ਵੇਚ ਲਈ ਪਾਵਰ ਆਫ ਅਟਾਰਨੀ, ਪ੍ਰਾਪਰਟੀ ਕਾਂਟਰੈਕਟ, ਐਸਟੇਟ ਪਲੈਨਿੰਗ ਅਤੇ ਟਰੱਸਟਾਂ, ਨਵੇਂ ਬਿਜਨਸ ਸਥਾਪਤ ਕਰਨ, ਸਪਾਂਸਰਸ਼ਿਪ ਪੱਤਰਾਂ, ਗਰੀਨ ਕਾਰਡ ਤੇ ਸਿਟੀਜ਼ਨਸ਼ਿਪ ਅਰਜੀਆਂ ਭਰਨ ਅਤੇ ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph:248-982-2036
Fax:616-855-5575
Mohan Singh M.COM, MBA (Finance), ACA Master in Taxation. IRS Enrolled agent, Notary Public
Office Locations
38969 Cheshire Dr., Northville, MI 48167
38565 Joy Rd., Westland, MI 48185
Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com




Preet BOUTIQUE
ਹੁਣ ਗਰੀਨਵੁੱਡ 'ਚ ਹੀ ਨਵੀਂ ਅਤੇ ਖੁੱਲ੍ਹੀ ਥਾਂ
916 E. Main Street, #204, Greenwood, IN 46143
Vally Vista Plaza (Near Desi Bazar)
ਆਪਣੇ ਰੂਪ ਨੂੰ ਚਾਰ ਚੰਨ ਲਾਓ
Designer Lehangas, Suits, Sarees, Kids Wear
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Gidha Bhangra Dresess On Rent
ਸੁੰਦਰ ਅਤੇ ਵੱਖ ਵੱਖ ਸਾਈਜ਼ਾਂ ਦੇ ਰੁਮਾਲਾ ਸਾਹਿਬ, ਚੰਦੋਆ ਸਾਹਿਬ ਵੀ ਮਿਲਦੇ ਹਨ
Call: 317-603-4018
E-mail: preetboutique1973@gmail.com or spkaurus@yahoo.co.in
Facebook page (Preet Boutique USA & Canada)



# 'ਆਪ' ਵੱਲੋਂ ਪੰਜਾਬ 'ਚ ਮੁੜ ਪੈਰਾਂ ਸਿਰ ਹੋਣ ਲਈ ਜ਼ੋਰਦਾਰ ਹੱਲਾ

**ਚੰਡੀਗੜ੍ਹ:** ਆਪਸੀ ਕਲੇਸ਼ ਵਿਚ ਉਲਝੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਇਕਮੁੱਠ ਕਰਨ ਦੀ ਮੁਹਿੰਮ ਵਿੱਢ ਦਿੱਤੀ ਹੈ। 'ਆਪ' ਆਗੂਆਂ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ ਵਾਲਾ ਇਤਿਹਾਸਕ ਪੰਜਾਬ ਵਿਚ ਦੁਹਰਾਉਣ ਲਈ ਪੂਰੀ ਵਾਹ ਲਾ ਦੇਵੇਗੀ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਸਮੇਤ ਕਾਂਗਰਸ ਨੂੰ ਚੁਣੌਤੀ ਦੇਣ ਲਈ ਪਾਰਟੀ ਵੱਲੋਂ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਗਈ ਹੈ। 'ਆਪ' ਵੱਲੋਂ ਪੰਜਾਬ ਵਿਚ ਵਿਸ਼ੇਸ਼ ਮੁਹਿੰਮ 'ਪੰਜਾਬ ਜੋੜੋ' ਚਲਾ ਕੇ 25 ਲੱਖ ਨਵੇਂ ਮੈਂਬਰ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਮੁਹਿੰਮ ਤਹਿਤ ਸੋਸ਼ਲ ਮੀਡੀਆ ਤੇ ਮੋਬਾਈਲ ਫੋਨ ਰਾਹੀਂ ਪਾਰਟੀ ਨਾਲ ਜੁੜਨ ਵਾਲੇ ਮੈਂਬਰਾਂ ਲਈ ਤਿੰਨ ਹਜ਼ਾਰ ਦੇ ਕਰੀਬ ਸਟਾਲ ਲਗਾਏ ਜਾਣਗੇ। ਪਾਰਟੀ ਵੱਲੋਂ ਜਾਰੀ ਵਿਸ਼ੇਸ਼ ਨੰਬਰ ਉਤੇ ਮਿਸਡ ਕਾਲ ਰਾਹੀਂ ਨਵੇਂ ਮੈਂਬਰਾਂ ਨੂੰ ਪਾਰਟੀ ਨਾਲ ਜੋੜਿਆ ਜਾਵੇਗਾ। ਪਾਰਟੀ ਸੂਤਰਾਂ ਮੁਤਾਬਕ ਨਵੇਂ ਜੁੜਨ ਵਾਲੇ ਮੈਂਬਰ ਨਸ਼ੇ ਤੇ ਭ੍ਰਿਸ਼ਟਾਚਾਰ ਦੇ ਖਿਲਾਫ਼ ਜੰਗ ਵਿਚ ਪੂਰਾ ਸਹਿਯੋਗ ਕਰਨਗੇ।

ਪੰਜਾਬ ਵਿਚ ਮਜ਼ਬੂਤੀ ਦੀ ਕਵਾਇਦ ਵਿਚ ਜੁਟੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਪਹਿਲਾਂ ਹੀ ਆਖ ਚੁੱਕੇ ਹਨ ਕਿ ਵਰ੍ਹਾ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਹੈਰਾਨ ਕਰਨ ਵਾਲੇ ਹੋਣਗੇ। ਆਮ ਆਦਮੀ ਪਾਰਟੀ ਬਿਹਾਰ ਵਿਧਾਨ ਸਭਾ ਚੋਣਾਂ ਨਹੀਂ ਲੜ ਰਹੀ ਤੇ ਦਿੱਲੀ ਤੋਂ ਬਾਅਦ ਉਹ ਪੰਜਾਬ ਵਿਚ ਜ਼ੋਰ-ਅਜ਼ਮਾਇਸ਼ ਕਰਨ ਲਈ ਕਮਰ ਕੱਸੇ ਕਰ ਰਹੀ ਹੈ। ਸੂਤਰਾਂ ਮੁਤਾਬਕ ਪਾਰਟੀ ਨੇ 2017 ਲਈ ਆਪਣੀ ਰਣਨੀਤੀ ਤਿਆਰ ਕਰ ਲਈ ਹੈ ਤੇ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ ਛੇ ਮਹੀਨੇ ਪਹਿਲਾਂ ਹੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਚ ਪੱਕਾ ਡੇਰਾ ਲਗਾ ਲਿਆ ਜਾਵੇਗਾ। ਇਸ ਤੋਂ ਪਹਿਲਾਂ ਮੈਦਾਨ ਤਿਆਰ ਕਰਨ ਲਈ ਕੇਜਰੀਵਾਲ ਨੇ ਆਪਣੇ ਸਭ ਤੋਂ ਭਰੋਸੇਯੋਗ ਸਾਥੀ ਤੇ ਦਿੱਲੀ ਵਿਚ ਚੋਣਾਂ ਜਿਤਾਉਣ ਵਾਲੀ ਟੀਮ ਦੇ ਆਗੂ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੂੰ ਪੰਜਾਬ ਭੇਜ ਦਿੱਤਾ ਹੈ।




## ਕੈਪਟਨ ਨੇ ਵੀ ਆਮ ਆਦਮੀ ਪਾਰਟੀ ਦੀ ਚੜ੍ਹਤ ਮੰਨੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਮੁੱਖ ਮੁਕਾਬਲਾ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਵਿਚਾਲੇ ਹੋਵੇਗਾ ਤੇ ਅਕਾਲੀ ਦਲ ਤੇ ਭਾਜਪਾ ਪਿੱਛੇ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹੇਠਲੇ ਪੱਧਰ ਉਤੇ ਕਾਫੀ ਸਰਗਰਮ ਹੈ ਪਰ ਕਾਂਗਰਸ ਆਸਾਨੀ ਨਾਲ ਇਸ ਨਾਲ ਸਿੱਝ ਲਵੇਗੀ।

## ਇਹ ਹੈ 'ਆਪ' ਦੀ ਰਣਨੀਤੀ

ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਘ ਵੱਲੋਂ ਹੱਲਾ ਬੋਲ ਪ੍ਰੋਗਰਾਮ 'ਪੰਜਾਬ ਜੋੜੋ' ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਤਹਿਤ 20 ਤੋਂ 30 ਅਗਸਤ ਤੱਕ ਹਰ ਹਲਕੇ ਵਿਚ 20 ਤੋਂ 30 ਹਜ਼ਾਰ ਨਵੇਂ ਮੈਂਬਰ ਭਰਤੀ ਕੀਤੇ ਜਾਣਗੇ। ਸਤੰਬਰ ਵਿਚ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਦੀਆਂ ਨੀਤੀਆਂ, ਨਸ਼ਿਆਂ ਤੇ ਭ੍ਰਿਸ਼ਟਾਚਾਰ ਵਿਰੁੱਧ ਰਾਜ ਭਰ ਅੰਦਰ ਜਨ ਸਭਾਵਾਂ ਕੀਤੀਆਂ ਜਾਣਗੀਆਂ। ਅਖੀਰ ਵਿਚ ਇਸੇ ਹੀ ਮੁੱਦੇ ਉਤੇ ਨੌਂ ਅਕਤੂਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਦਾ ਘਿਰਾਉ ਕੀਤਾ ਜਾਵੇਗਾ। ਇਸ ਤੋਂ ਬਿਨਾਂ 'ਆਪ' ਵੱਲੋਂ ਉਲੀਕੀ ਰਣਨੀਤੀ ਤਹਿਤ ਪੰਜਾਬ ਵਿਚ ਸੰਜੇ ਸਿੰਘ ਨੂੰ ਰਾਜ ਦਾ ਇੰਚਾਰਜ, ਦੋ ਨੰਬਰ ਉਤੇ ਦੁਰਗੇਸ਼ ਪਾਠਕ ਤੇ ਰਾਜ ਦੇ 13 ਲੋਕ ਸਭਾ ਹਲਕਿਆਂ ਵਿਚ ਰਾਜ ਅੰਦਰਲੇ ਆਗੂ ਕੋਆਰਡੀਨੇਟਰ ਤੇ ਉਨ੍ਹਾਂ ਉਪਰ ਇਕ-ਇਕ ਦਿੱਲੀ ਦਾ ਆਗੂ, ਤਿੰਨ-ਤਿੰਨ ਵਿਧਾਨ ਸਭਾ ਹਲਕਿਆਂ ਦਾ ਸਰਕਲ ਬਣਾ ਕੇ ਦਿੱਲੀ ਦੇ ਇਕ-ਇਕ 'ਆਪ' ਆਗੂ ਨੂੰ ਸਰਕਲ ਕੋਆਰਡੀਨੇਟਰ ਲਾਇਆ ਹੈ। ਇਸ ਤਰ੍ਹਾਂ ਇਹ ਦਿੱਲੀ ਤੇ ਹੋਰਨਾਂ ਰਾਜਾਂ ਦੇ 52 ਸੀਨੀਅਰ ਆਗੂਆਂ ਦੀ ਉਹੋ ਟੀਮ ਹੈ ਜਿਸ ਨੇ ਦਿੱਲੀ ਮੈਦਾਨ ਫ਼ਤਿਹ ਕੀਤਾ ਸੀ।

## ਪੰਜਾਬ ਹੀ ਕਿਉਂ 'ਆਪ' ਦਾ ਨਿਸ਼ਾਨਾ?

ਆਮ ਆਦਮੀ ਪਾਰਟੀ ਦਾ ਤਰਕ ਹੈ ਕਿ ਭਾਵੇਂ ਪਾਰਟੀ ਦੀ ਦਿੱਲੀ ਵਿਚ ਸਰਕਾਰ ਹੈ ਪਰ ਉਹ ਪੂਰਨ ਰਾਜ ਨਾ ਹੋਣ ਕਾਰਨ ਦਿੱਲੀ ਨੂੰ ਪੂਰੇ ਦੇਸ਼ ਲਈ ਇਕ 'ਰੋਲ ਮਾਡਲ ਸੂਬੇ' ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ। ਕੇਜਰੀਵਾਲ ਨੇ ਇਸੇ ਲਈ ਪੰਜਾਬ ਨੂੰ ਹੀ ਇਕੋ ਇਕ ਅਜਿਹੇ ਸੂਬੇ ਵਜੋਂ ਚੁਣਿਆ ਹੈ ਜਿਥੇ ਲੋਕ ਸੱਤਾਧਾਰੀ ਧਿਰ ਤੇ ਕਾਂਗਰਸ ਤੋਂ ਅੱਕੇ ਹੋਏ ਮਹਿਸੂਸ ਕੀਤੇ ਜਾ ਸਕਦੇ ਹਨ ਤੇ ਇਥੇ ਕਿਸੇ ਇਕ ਮਜ਼ਬੂਤ ਤੀਜੀ ਧਿਰ ਦੇ ਉਭਾਰ ਦੇ ਪੂਰੇ-ਪੂਰੇ ਆਸਾਰ ਹਨ। ਦੂਜੇ ਪਾਸੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ ਵਿਚੋਂ ਸਿਰਫ਼ ਤੇ ਸਿਰਫ਼ ਪੰਜਾਬ ਤੋਂ ਹੀ ਪਾਰਟੀ ਨੂੰ ਕਾਮਯਾਬੀ ਹਾਸਲ ਹੋਈ ਸੀ। ਇਸੇ ਕਰਕੇ ਕੇਜਰੀਵਾਲ ਲਈ ਪੰਜਾਬ ਹੀ ਉਪਜਾਊ ਰਾਜ ਵਜੋਂ ਸਾਹਮਣੇ ਆਇਆ ਹੈ।

## ਅਕਾਲੀ ਡਿਪਟੀ ਮੇਅਰ ਨੂੰ ਜੇਲ੍ਹ

**ਜਲੰਧਰ:** ਨਗਰ ਨਿਗਮ ਦੇ ਅਕਾਲੀ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਦੀ ਦੋ ਸਾਲ ਦੀ ਸਜ਼ਾ ਬਰਕਰਾਰ ਰਹੇਗੀ। ਅਦਾਲਤ ਨੇ ਭਾਟੀਆ ਨੂੰ ਜੇਲ੍ਹ ਭੇਜ ਦਿੱਤਾ ਹੈ।



ਕਮਲਜੀਤ ਨੂੰ ਹੇਠਲੀ ਅਦਾਲਤ ਨੇ ਅਧਿਕਾਰੀ ਨਾਲ ਹੱਥੋਪਾਈ ਕਰਨ ਦੇ ਮਾਮਲੇ ਵਿਚ 2009 ਵਿਚ ਦੋ ਸਾਲ ਦੀ ਸਜ਼ਾ ਸੁਣਾਈ ਸੀ, ਜਿਸ ਦੇ ਖਿਲਾਫ ਭਾਟੀਆ ਨੇ ਸੈਸ਼ਨ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ। ਭਾਟੀਆ ਨੂੰ 15 ਸਾਲ ਪੁਰਾਣੇ ਮਾਮਲੇ ਵਿਚ ਇਹ ਸਜ਼ਾ ਸੁਣਾਈ ਗਈ ਹੈ। ਇਲਜ਼ਾਮ ਸਨ ਕਿ ਭਾਟੀਆ ਨੇ ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਕ੍ਰਿਸ਼ਨ ਕੁਮਾਰ ਨਾਲ ਹੱਥੋਪਾਈ ਕੀਤੀ ਸੀ ਤੇ ਸਰਕਾਰੀ ਕੰਮ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਹੇਠਲੀ ਅਦਾਲਤ ਨੇ ਸੀਨੀਅਰ ਡਿਪਟੀ ਮੇਅਰ ਭਾਟੀਆ ਉਤੇ ਦੋਸ਼ ਸਾਬਤ ਹੋਣ ਤੋਂ ਬਾਅਦ ਉਸ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ, ਜਿਸ ਨੂੰ ਸੈਸ਼ਨ ਕੋਰਟ ਨੇ ਬਰਕਰਾਰ ਰੱਖਿਆ ਹੈ।

## ਬਾਦਲ ਦੀਆਂ ਬੱਸਾਂ ਲਈ ਕੁਰਬਾਨ ਹੋਈ ਰੋਡਵੇਜ਼!

**ਜਲੰਧਰ:** ਪੰਜਾਬ ਰੋਡਵੇਜ਼ ਨੇ ਦਿੱਲੀ ਹਵਾਈ ਅੱਡੇ ਨੂੰ ਜਾਂਦੀਆਂ ਜਿਹੜੀਆਂ ਸਰਕਾਰੀ ਬੱਸਾਂ ਅਗਸਤ 2012 ਤੱਕ ਘਾਟੇ ਵਿਚ ਦਿਖਾ ਕੇ ਬੰਦ ਕਰ ਦਿੱਤੀਆਂ ਸਨ, ਅਸਲ ਵਿਚ ਇਹ ਬੱਸਾਂ 25 ਲੱਖ ਰੁਪਏ ਹਰ ਮਹੀਨੇ ਮੁਨਾਫਾ ਕਮਾ ਰਹੀਆਂ ਸਨ। ਪੰਜਾਬ ਰੋਡਵੇਜ਼ ਦੀਆਂ ਬੱਸਾਂ ਬੰਦ ਕਰਨ ਮਗਰੋਂ ਦਿੱਲੀ ਹਵਾਈ ਅੱਡੇ ਨੂੰ ਬਾਦਲਾਂ ਦੀ ਮਾਲਕੀ ਵਾਲੀਆਂ ਇੰਡੋ-ਕਨੇਡੀਅਨ ਬੱਸਾਂ ਦਿਨ ਰਾਤ ਚੱਲਣ ਲੱਗੀਆਂ। ਇੰਡੋ ਕਨੇਡੀਅਨ ਬੱਸਾਂ ਵੱਲੋਂ ਹਵਾਈ ਅੱਡੇ ਨੂੰ ਜਾਣ ਵਾਲੀਆਂ ਸਵਾਰੀਆਂ ਕੋਲੋਂ ਪ੍ਰਤੀ ਸਵਾਰੀ 2572 ਰੁਪਏ ਵਸੂਲੇ ਜਾਂਦੇ ਹਨ, ਜੋ ਕਿ ਸਭ ਤੋਂ ਵੱਧ ਹੈ ਜਦਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ 650 ਤੋਂ 900 ਰੁਪਏ ਪ੍ਰਤੀ ਸਵਾਰੀ ਲੈ ਕੇ ਵੀ 25 ਲੱਖ ਰੁਪਏ ਹਰ ਮਹੀਨੇ ਕਮਾ ਰਹੀਆਂ ਸਨ।

ਪੰਜਾਬ ਰੋਡਵੇਜ਼ ਦੇ ਅਧਿਕਾਰੀਆਂ ਉਤੇ ਬਣੇ ਸਿਆਸੀ ਦਬਾਅ ਤੋਂ ਬਾਅਦ ਸਰਕਾਰੀ ਬੱਸਾਂ ਇਹ ਕਹਿ ਕੇ ਬੰਦ ਕਰਵਾ ਦਿੱਤੀਆਂ ਕਿ ਰੋਡਵੇਜ਼ ਨੂੰ ਦਿੱਲੀ ਹਵਾਈ ਅੱਡੇ ਦੀ ਅਥਾਰਟੀ ਫੀਸ ਵਜੋਂ ਪ੍ਰਤੀ ਗੇੜੇ ਦੇ 4500 ਰੁਪਏ ਤਾਰਨੇ ਪੈਂਦੇ ਹਨ ਜਦਕਿ ਹਵਾਈ ਅੱਡੇ ਤੋਂ ਸਵਾਰੀ ਨਾਂਮਾਤਰ ਮਿਲਦੀ ਹੈ। ਰੋਡਵੇਜ਼ ਅਧਿਕਾਰੀਆਂ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਏਅਰਪੋਰਟ ਦੀ ਆਨਲਾਈਨ ਬੁਕਿੰਗ ਵੀ ਘਟ ਗਈ ਹੈ ਤੇ ਰੋਡਵੇਜ਼ ਨੂੰ ਹੋ ਰਹੇ ਵਿੱਤੀ ਨੁਕਸਾਨ ਕਾਰਨ ਇਨ੍ਹਾਂ ਬੱਸਾਂ ਨੂੰ ਦਿੱਲੀ ਏਅਰਪੋਰਟ ਦੀ ਥਾਂ ਬੱਸ ਅੱਡੇ ਤੱਕ ਹੀ ਚਲਾਏ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਰੋਡਵੇਜ਼ ਨੇ ਬੱਸਾਂ ਬੰਦ ਕਰਨ ਦੀ ਰਿਪੋਰਟ ਦਿੱਲੀ ਏਅਰਪੋਰਟ ਦੇ ਅੱਠ ਗੇੜਿਆਂ ਦੇ ਅਧਾਰ 'ਤੇ ਤਿਆਰ ਕਰ ਲਈ ਸੀ।




ਪੰਜਾਬ ਰੋਡਵੇਜ਼ ਦਾ ਇਹ ਝੂਠ ਸੂਚਨਾ ਦੇ ਅਧਿਕਾਰ ਤਹਿਤ ਫੜਿਆ ਗਿਆ ਹੈ। ਇੰਡੋ ਕਨੇਡੀਅਨ ਬੱਸਾਂ ਵੱਲੋਂ ਸਭ ਤੋਂ ਵੱਧ ਕਿਰਾਇਆ ਵਸੂਲਣ ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੂੰ ਦਬਾਅ ਹੇਠ ਬੰਦ ਕਰਨ ਦਾ ਮਾਮਲਾ ਉਦੋਂ ਤੂਲ ਫੜ ਗਿਆ ਸੀ ਜਦੋਂ ਬਾਦਲਾਂ ਦੀ ਔਰਬਿਟ ਬੱਸ ਕੰਪਨੀ ਦੇ ਕਰਿੰਦਿਆਂ ਨੇ ਮੋਗਾ ਵਿਚ ਇਕ ਦਲਿਤ ਲੜਕੀ ਨੂੰ ਬੱਸ ਵਿਚੋਂ ਧੱਕਾ ਦੇ ਦਿੱਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਹ ਮਾਮਲਾ ਏਨਾ ਭਖ ਗਿਆ ਸੀ ਕਿ ਬਾਦਲਾਂ ਦੀਆਂ ਸਾਰੀਆਂ ਬੱਸ ਕੰਪਨੀਆਂ ਲੋਕਾਂ ਤੇ ਰਾਜਸੀ ਪਾਰਟੀਆਂ ਦੇ ਸਿੱਧੇ ਨਿਸ਼ਾਨੇ ਉਤੇ ਆ ਗਈਆਂ ਸਨ। ਇਹ ਸਾਰੀ ਜਾਣਕਾਰੀ ਐਡਵੋਕੇਟ ਤੇ ਆਰ.ਟੀ.ਆਈ. ਕਾਰਕੁਨ ਐਚ.ਐਸ.ਸੀ. ਅਰੋੜਾ ਨੇ ਸੂਚਨਾ ਦੇ ਅਧਿਕਾਰ ਐਕਟ ਤਹਿਤ ਹਾਸਲ ਕੀਤੀ ਹੈ।


## ਅਮਰੀਕਾ ਵੱਲੋਂ ਦਹਿਸ਼ਤਵਾਦ ਖਿਲਾਫ ਇਕਜੁੱਟਤਾ ਦਾ ਸੱਦਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਸਮੇਤ ਸਾਰੇ ਮੁਲਕਾਂ ਨੂੰ ਦਹਿਸ਼ਤੀ ਗੁਟਾਂ ਨਾਲ ਨਜਿੱਠਣ ਲਈ ਤਾਲਮੇਲ ਬਣਾ ਕੇ ਚੱਲਣ ਦਾ ਸੱਦਾ ਦਿੱਤਾ ਹੈ। ਇਸਲਾਮਿਕ ਸਟੇਟ ਵਰਗੀਆਂ ਦਹਿਸ਼ਤੀ ਜਥੇਬੰਦੀਆਂ ਦਾ ਟਾਕਰਾ ਕਰਨ ਲਈ ਅਮਰੀਕਾ ਵੱਲੋਂ ਇਹ ਸੁਝਾਅ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਯੂ.ਏ.ਈ. ਦੇ ਦੌਰੇ ਸਮੇਂ ਅਤਿਵਾਦ ਬਾਰੇ ਕੀਤੀ ਗਈ ਟਿੱਪਣੀ ਉਤੇ ਜਦੋਂ ਅਮਰੀਕੀ ਵਿਦੇਸ਼ ਮੰਤਰਾਲੇ ਦਾ ਪ੍ਰਤੀਕਰਮ ਜਾਣਿਆ ਗਿਆ ਤਾਂ ਮੰਤਰਾਲੇ ਦੇ ਤਰਜਮਾਨ ਜੌਹਨ ਕਿਰਬੀ ਨੇ ਕਿਹਾ ਕਿ ਅਸੀਂ ਸਾਰੇ ਤੇ ਖ਼ਿੱਤੇ ਦੇ ਸਾਡੇ ਭਾਈਵਾਲ ਸਮਝਦੇ ਹਨ ਕਿ ਅਤਿਵਾਦ ਸਾਰਿਆਂ ਲਈ ਵੱਡੀ ਚੁਣੌਤੀ ਹੈ ਤੇ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਸਾਰੇ ਮਿਲ ਕੇ ਕੰਮ ਕਰੀਏ। ਉਨ੍ਹਾਂ ਕਿਹਾ ਕਿ ਸਾਰੇ ਮੁਲਕਾਂ ਨੂੰ ਤਾਲਮੇਲ ਬਣਾ ਕੇ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ ਕਿਉਂਕਿ ਇਸਲਾਮਿਕ ਸਟੇਟ ਖਿਲਾਫ਼ 62 ਮੁਲਕ ਹਨ ਤੇ ਸਾਰੇ ਰਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨ।

# ਸ੍ਰੀ ਦਰਬਾਰ ਸਾਹਿਬ ਵਿਚ ਸੋਨੇ ਦੀ ਨਕਾਸ਼ੀ ਦੇ ਕੰਮ ਦੀ ਰਫ਼ਤਾਰ ਸੁਸਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅੰਦਰ ਹੇਠਲੀ ਮੰਜ਼ਿਲ ਉਤੇ ਸੋਨੇ ਦੀ ਨਕਾਸ਼ੀ ਤੇ ਕੰਧ ਕਲਾ ਦੀ ਸਾਂਭ ਸੰਭਾਲ ਦੇ ਚੱਲ ਰਹੇ ਕੰਮ ਦੀ ਰਫ਼ਤਾਰ ਹੁਣ ਸੁਸਤ ਹੋ ਗਈ ਹੈ ਕਿਉਂਕਿ ਇਥੇ ਹਰ ਵੇਲੇ ਸ਼ਰਧਾਲੂਆਂ ਦੀ ਭਾਰੀ ਆਮਦ ਕਾਰਨ ਮਾਹਿਰਾਂ ਨੂੰ ਪੂਰੇ ਦਿਨ ਵਿਚ ਸਿਰਫ਼ ਕੁਝ ਘੰਟੇ ਕੰਮ ਕਰਨ ਦਾ ਸਮਾਂ ਮਿਲ ਰਿਹਾ ਹੈ। ਇਹ ਕਾਰਜ ਪਿਛਲੇ ਵਰ੍ਹੇ ਤੋਂ ਨਿਰੰਤਰ ਜਾਰੀ ਹੈ, ਜਿਸ ਤਹਿਤ ਮਾਹਿਰਾਂ ਵੱਲੋਂ ਪਹਿਲਾਂ ਉਪਰਲੀ ਮੰਜ਼ਿਲ ਉਤੇ ਸੋਨੇ ਦੀ ਨਕਾਸ਼ੀ ਤੇ ਕੰਧ ਕਲਾ ਦੀ ਸਾਂਭ ਸੰਭਾਲ ਕੀਤੀ ਜਾ ਚੁੱਕੀ ਹੈ।



ਮਿਲੇ ਵੇਰਵਿਆਂ ਅਨੁਸਾਰ ਪਹਿਲੀ ਮੰਜ਼ਿਲ 'ਤੇ ਚੱਲ ਰਿਹਾ ਕੰਮ ਤਕਰੀਬਨ ਮੁਕੰਮਲ ਹੋਣ ਨੇੜੇ ਹੈ। ਇਥੇ ਕੰਧ ਕਲਾ ਤੇ ਸੋਨੇ ਦੀ ਨਕਾਸ਼ੀ ਦੀ ਸਾਫ ਸਫਾਈ ਤੋਂ ਬਾਅਦ ਇਸ ਦੀ ਸਾਂਭ ਸੰਭਾਲ ਕੀਤੀ ਗਈ ਹੈ। ਜਿਨ੍ਹਾਂ ਥਾਵਾਂ ਉਤੇ ਕੰਧ ਕਲਾ ਸਾਫ ਹੋ ਗਈ ਸੀ, ਉਥੇ ਮੁੜ ਇਸ ਨੂੰ ਬਣਾਇਆ ਗਿਆ ਹੈ। ਹੁਣ ਕੰਧ ਕਲਾ ਤੇ ਸੋਨੇ ਦੀ ਨਕਾਸ਼ੀ ਤੋਂ ਬਾਅਦ ਇਸ ਨੂੰ ਹੋਰ ਲੰਬੇ ਸਮੇਂ ਲਈ ਬਚਾ ਕੇ ਰੱਖਣ ਵਾਸਤੇ ਇਸ ਉਪਰ ਸ਼ੀਸ਼ਾ ਲਾਇਆ ਜਾ ਰਿਹਾ ਹੈ। ਪਹਿਲਾਂ ਵੀ ਇਸ ਉਪਰ ਸ਼੍ਰੋਮਣੀ ਕਮੇਟੀ ਵੱਲੋਂ ਸ਼ੀਸ਼ਾ ਲਾਇਆ ਗਿਆ ਸੀ ਪਰ ਉਸ ਵੇਲੇ ਸ਼ੀਸ਼ਾ ਲਾਉਣ ਸਮੇਂ ਇਸ ਵਿਚ ਖਾਲੀ ਥਾਂ ਨਹੀਂ ਛੱਡੀ ਗਈ ਸੀ, ਜਿਸ ਕਾਰਨ ਇਥੇ ਆਈ ਸਲਾਬ ਕਾਰਨ ਕੰਧ ਕਲਾ ਨੂੰ ਨੁਕਸਾਨ ਪੁੱਜਿਆ ਸੀ। ਹੁਣ ਮਾਹਿਰਾਂ ਵੱਲੋਂ ਕੰਧ ਕਲਾ ਤੇ ਸ਼ੀਸ਼ੇ ਵਿਚਾਲੇ ਕੁਝ ਥਾਂ ਛੱਡੀ ਗਈ ਹੈ ਤਾਂ ਜੋ ਸਲਾਬ ਨਾ ਆਵੇ। ਉਪਰਲੀ ਮੰਜ਼ਿਲ 'ਤੇ ਉਸ ਥਾਂ ਦੀ ਸਾਂਭ ਸੰਭਾਲ ਦਾ ਕੰਮ ਰਹਿ ਗਿਆ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਸੂਤਰਾਂ ਮੁਤਾਬਕ ਇਥੇ ਸ਼ੀਸ਼ਾ ਲਾਉਣ ਦਾ ਕੰਮ 30 ਅਗਸਤ ਤੱਕ ਮੁੱਕਣ ਦੀ ਉਮੀਦ ਹੈ। ਉਪਰਲੀ ਮੰਜ਼ਿਲ 'ਤੇ ਪੋਥੀਆਂ ਵਿਚ ਵੀ ਸਾਂਭ ਸੰਭਾਲ ਦਾ ਕੰਮ ਬਾਕੀ ਹੈ।

ਇਥੇ ਯਾਤਰੂਆਂ ਦੇ ਹਰ ਵੇਲੇ ਹੱਥ ਲੱਗਣ ਕਾਰਨ ਕੰਧ ਕਲਾ ਨੂੰ ਵਧੇਰੇ ਨੁਕਸਾਨ ਪੁੱਜਿਆ ਹੈ ਤੇ ਕਈ ਥਾਵਾਂ ਤੋਂ ਪੁਰਾਤਨ ਕੰਧ ਕਲਾ ਖ਼ਤਮ ਹੀ ਹੋ ਚੁੱਕੀ ਹੈ। ਇਸੇ ਤਰ੍ਹਾਂ ਦੂਸਰੀ ਮੰਜ਼ਿਲ ਦੀਆਂ ਪੋਥੀਆਂ ਵਿਚ ਵੀ ਸਾਂਭ ਸੰਭਾਲ ਦਾ ਕੰਮ ਬਾਕੀ ਹੈ। ਹੇਠਲੀ ਮੰਜ਼ਿਲ 'ਤੇ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਪ੍ਰਕਾਸ਼ ਹੈ, ਉਥੇ ਕੰਮ ਹੌਲੀ ਗਤੀ ਵਿਚ ਚੱਲ ਰਿਹਾ ਹੈ।

ਇਥੇ ਸੱਚਖੰਡ ਵਿਖੇ ਤਕਰੀਬਨ 24 ਘੰਟੇ ਪ੍ਰਕਾਸ਼ ਤੇ ਕੀਰਤਨ ਹੁੰਦਾ ਹੈ, ਜਿਸ ਕਾਰਨ ਦਿਨ ਰਾਤ ਸ਼ਰਧਾਲੂਆਂ ਦੀ ਭਾਰੀ ਆਮਦ ਜਾਰੀ ਰਹਿੰਦੀ ਹੈ ਤੇ ਮਾਹਿਰਾਂ ਨੂੰ ਸਾਂਭ ਸੰਭਾਲ ਲਈ ਬਹੁਤ ਥੋੜ੍ਹਾ ਸਮਾਂ ਮਿਲ ਰਿਹਾ ਹੈ। ਸੂਤਰਾਂ ਮੁਤਾਬਕ ਮਾਹਿਰਾਂ ਦੀ ਟੀਮ ਨੂੰ ਇਥੇ ਸਾਂਭ ਸੰਭਾਲ ਦਾ ਕੰਮ ਕਰਨ ਲਈ ਪੂਰੇ ਦਿਨ ਵਿਚ ਲਗਭਗ ਇਕ ਘੰਟੇ ਦਾ ਸਮਾਂ ਮਿਲ ਰਿਹਾ ਹੈ ਤੇ ਉਹ ਵੀ ਰਾਤ ਸਮੇਂ ਹੀ ਮਿਲਦਾ ਹੈ।

ਹੁਣ ਇਸ ਸਮੇਂ ਨੂੰ ਵਧਾਏ ਜਾਣ ਦੀ ਉਮੀਦ ਹੈ। ਇਸ ਵੇਲੇ ਇਥੇ ਹੇਠਲੀ ਮੰਜ਼ਿਲ 'ਤੇ ਪਹਿਲੇ ਪੜਾਅ ਵਿਚ ਕੰਧ ਕਲਾ ਤੇ ਸੋਨੇ ਦੀ ਨਕਾਸ਼ੀ ਦੀ ਸਾਫ ਸਫਾਈ ਕੀਤੀ ਜਾ ਰਹੀ ਹੈ। ਦੂਜੇ ਪੜਾਅ ਵਿਚ ਨੁਕਸਾਨੀ ਗਈ ਕੰਧ ਕਲਾ ਤੇ ਸੋਨੇ ਦੀ ਨਕਾਸ਼ੀ ਦੀ ਮੁੜ ਮੁਰੰਮਤ ਕੀਤੀ ਜਾਵੇਗੀ। ਮਾਹਿਰਾਂ ਨੇ ਉਮੀਦ ਪ੍ਰਗਟਾਈ ਹੈ ਕਿ ਤਕਰੀਬਨ ਛੇ ਮਹੀਨਿਆਂ ਵਿਚ ਹੇਠਲੀ ਮੰਜ਼ਿਲ ਉਤੇ ਸਾਂਭ ਸੰਭਾਲ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

## ਗੁਰਦੁਆਰਾ ਬੰਗਲਾ ਸਾਹਿਬ ਵਿਚ ਸੋਨੇ ਦਾ ਕੰਮ ਨੇੜੇ ਲੱਗਾ

**ਨਵੀਂ ਦਿੱਲੀ:** ਦਿੱਲੀ ਦੇ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੁੱਖ ਦਰਵਾਜ਼ੇ ਉਪਰ ਸੋਨੇ ਦਾ ਪੱਤਰਾ ਲਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਕਾਰੀਗਰਾਂ ਵੱਲੋਂ ਬਹੁਤਾ ਕੰਮ ਨਿਬੇੜ ਲਿਆ ਗਿਆ ਹੈ। ਇਕ ਸ਼ਰਧਾਲੂ ਪਰਿਵਾਰ ਵੱਲੋਂ ਇਸ ਮੁੱਖ ਦੁਆਰ ਦੀ ਸੇਵਾ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ ਗਿਆ ਹੈ। ਕਾਰੀਗਰਾਂ ਵੱਲੋਂ ਇਸ ਦਰਵਾਜ਼ੇ ਨੂੰ ਸੋਨਾ ਲਾਉਣ ਲਈ ਬੁਨਿਆਦੀ ਪ੍ਰਬੰਧ ਕੀਤੇ ਗਏ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਰਵਾਜ਼ੇ ਉਪਰ ਸੋਨਾ ਲਾਉਣ ਦੀ ਕਾਰ ਸੇਵਾ ਦਾ ਜਾਇਜ਼ਾ ਲਿਆ। ਇਹ ਬੇਸ਼ਕੀਮਤੀ ਦਰਵਾਜ਼ਾ ਬੰਗਲਾ ਸਾਹਿਬ ਦੇ ਕਨਾਟ ਪੈਲਸ ਵਾਲੇ ਪਾਸੇ ਦੇ ਮੁੱਖ ਦਰਵਾਜ਼ੇ ਉਪਰ ਲਾਇਆ ਜਾਵੇਗਾ।

## Matrimonial

### ਵਰ ਦੀ ਲੋੜ ਹੈ

Suitable match for US citizan Khatri Sikh girl 28, 5’5" Doctor of Pharmacy, Pharmacist in New Maxico. Boy should be 28 to 31 years, tall, Highly educated (medicine or engineering), Well settled in USA, non-smoker, non-drinker, non-trimmer. Contact Harmohinder S. Vij at hvij@aol.com or call at Ph: 505-216-1644. 33-35

Wanted suitable match in India/USA for Punjabi Ravidasia girl living in India 31, 5’ M.SC. PhD Bio-chem., working as research associate in a reputed University in India. Contact: 91-98880-69822 (India) or binneyksood@gmail.com 33-36

### ਕੰਨਿਆ ਦੀ ਲੋੜ ਹੈ

ਇੰਡੀਆ ਰਹਿੰਦੇ ਜੱਟ ਸਿੱਖ ਚੀਮਾ, 27 ਸਾਲ, 5'-10", ਨਸ਼ਾ ਰਹਿਤ, ਐਮ ਐਡ ਲੜਕੇ ਲਈ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਤਾਏ ਦਾ ਸਾਰਾ ਪਰਿਵਾਰ ਅਮਰੀਕਾ ਵਿਚ, ਵਧੀਆ ਬਿਜਨਸ, ਸੈਟ ਹੋਣ ਵਿਚ ਪੂਰੀ ਮਦਦ ਲਈ ਤਿਆਰ। ਸੰਪਰਕ ਕਰੋ: 408-707-4922 35-36

US citizen/green card holder girl wanted for Sikh Arora, 31 years, 5’6" B.Tech (Mechanical engineer), MBA finance. Currently on business visa. Contact, Ph: 312-522-6522. Email: Amarinder.singh627@gmail.com 34-

## ਬਿਲਾਵਲ ਭੁੱਟੋ ਦੇ ਘਰ ਨੇੜੇ ਹੈ ਦਾਊਦ ਦੀ ਇਕ ਰਿਹਾਇਸ਼

**ਨਵੀਂ ਦਿੱਲੀ:** ਦਾਊਦ ਇਬਰਾਹਿਮ ਦੇ ਪਾਕਿਸਤਾਨ ਵਿਚ ਨੌਂ ਰਿਹਾਇਸ਼ੀ ਮਕਾਨ ਹਨ ਜਿਨ੍ਹਾਂ ਵਿਚੋਂ ਇਕ ਮਕਾਨ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਬੇਨਜ਼ੀਰ ਭੁੱਟੋ ਦੇ ਬੇਟੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਰਿਹਾਇਸ਼ ਨੇੜੇ ਦੋ ਸਾਲ ਪਹਿਲਾਂ ਖਰੀਦਿਆ ਗਿਆ ਜਦਕਿ ਉਸ ਦੇ ਕੋਲ ਤਿੰਨ ਪਾਕਿਸਤਾਨੀ ਪਾਸਪੋਰਟ ਹਨ ਜਿਸ ਰਾਹੀਂ ਉਹ ਸੈਰ-ਸਪਾਟਾ ਕਰਦਾ ਹੈ। ਪਾਕਿਸਤਾਨ ਨੂੰ ਸੌਂਪੇ ਜਾਣ ਵਾਲੇ ਡੋਜ਼ੀਅਰ ਮੁਤਾਬਕ ਦਾਊਦ ਅਕਸਰ ਆਪਣੀ ਰਿਹਾਇਸ਼ ਬਦਲਦਾ ਰਹਿੰਦਾ ਹੈ। ਦਾਊਦ ਨੇ ਜਿਹੜੇ ਦੋ ਮਕਾਨ ਹੁਣੇ ਜਿਹੇ ਖਰੀਦੇ ਹਨ, ਉਹ ਕਰਾਚੀ ਦੀ ਜਿਨਾਹ ਕਾਲੋਨੀ ਵਿਚ ਸਥਿਤ ਹਨ। ਬਿਲਾਵਲ ਭੁੱਟੋ ਦੀ ਰਿਹਾਇਸ਼ ਨੇੜੇ ਸਥਿਤ ਉਸ ਦੇ ਘਰ ਕੋਲ ਹਸਪਤਾਲ ਵੀ ਹੈ ਤਾਂ ਜੋ ਉਹ ਨੇੜਿਓਂ ਮੈਡੀਕਲ ਸੇਵਾਵਾਂ ਲੈ ਸਕੇ।

# ਸਿੱਖਾਂ ਦੀ ਦਰਿਆਦਿਲੀ ਦਾ ਕਾਇਲ ਹੋਇਆ ਕਿੰਗਸਲੇ

**ਨਿਊ ਯਾਰਕ:** ਆਪਣੀ ਨਵੀਂ ਫਿਲਮ ਵਿਚ ਮਿੱਠ ਬੋਲੜੇ ਸਿੱਖ ਟੈਕਸੀ ਚਾਲਕ ਦੀ ਭੂਮਿਕਾ ਨਿਭਾਅ ਰਹੇ ਸਰ ਬੈੱਨ ਕਿੰਗਸਲੇ ਨੇ ਆਪਣੇ ਸਿਰ ਉਤੇ ਪੱਗ ਦੇ ਅਹਿਸਾਸ ਨੂੰ ਅਸਲ ਵਿਚ ਸੰਤੁਸ਼ਟੀਦਾਇਕ ਦੱਸਦੇ ਹੋਏ ਕਿਹਾ ਹੈ ਕਿ ਇਹ ਭਾਈਚਾਰਾ ਅਮਰੀਕਾ ਵਿਚ ਜਿਸ ਭੇਦਭਾਵ ਤੇ ਨਸਲੀ ਵਤੀਰੇ ਦਾ ਸ਼ਿਕਾਰ ਹੋ ਰਿਹਾ ਹੈ, ਉਹ




ਪੂਰੀ ਤਰ੍ਹਾਂ ਅਫਸੋਸਨਾਕ ਹੈ।

'ਲਰਨਿੰਗ ਟੂ ਡਰਾਈਵ' ਫਿਲਮ ਵਿਚ ਕਿੰਗਸਲੇ ਨੇ ਦਰਵਾਨ ਸਿੰਘ ਤੁਰ ਦੀ ਭੂਮਿਕਾ ਨਿਭਾਈ ਹੈ। ਫਿਲਮ ਵਿਚ ਅਕੈਡਮੀ ਐਵਾਰਡ ਲਈ ਨਾਮਜ਼ਦ ਤੇ ਐਮੀ ਐਵਾਰਡ ਨਾਲ ਸਨਮਾਨਤ ਅਭਿਨੇਤਰੀ ਪੈਟਰੀਸ਼ੀਆ ਕਲਾਰਕਸਨ ਤੇ ਮਿਸੀਸੀਪੀ ਮਸਾਲਾ ਦੀ ਅਦਾਕਾਰਾ ਸਰਿਤਾ ਚੌਧਰੀ ਵੀ ਹੈ। ਕਿੰਗਸਲੇ ਨੇ ਕਿਹਾ ਕਿ ਇਸ ਸ਼ਹਿਰ ਵਿਚ ਰਹਿ ਰਹੇ ਸਮਾਜਿਕ ਕਾਰਕੁਨ ਹਰਪ੍ਰੀਤ ਸਿੰਘ ਤੁਰ ਨੇ ਇਸ ਫਿਲਮ ਦੀ ਸ਼ੂਟਿੰਗ ਦੌਰਾਨ ਉਨ੍ਹਾਂ ਦੀ ਖਾਸੀ ਮਦਦ ਕੀਤੀ ਹੈ। ਉਸ ਨੇ ਹੀ ਉਨ੍ਹਾਂ ਨੂੰ ਸਿੱਖਾਂ ਬਾਰੇ ਦੱਸਿਆ ਤੇ ਪੱਗ ਬੰਨ੍ਹ ਵਿਚ ਮਦਦ ਕੀਤੀ। ਉਨ੍ਹਾਂ ਦੱਸਿਆ ਕਿ ਸਿਰ ਉਤੇ ਪੱਗ ਕੱਸ ਕੇ ਬੰਨ੍ਹੀ ਹੋਣ ਦਾ ਅਹਿਸਾਸ ਅਸਲ ਵਿਚ ਸੰਤੁਸ਼ਟੀਦਾਇਕ ਹੁੰਦਾ ਹੈ। ਸਿੱਖ ਯੋਧਾ ਹੁੰਦੇ ਹਨ ਤੇ ਇਸ ਰੂਪ ਵਿਚ ਭੂਮਿਕਾ ਕਰਕੇ ਮਾਣ ਮਹਿਸੂਸ ਹੋਇਆ।

ਨਿਊਯਾਰਕ ਦੇ ਸਿੱਖਾਂ ਨੇ ਫਿਲਮ ਦੀ ਸ਼ੂਟਿੰਗ ਸਮੇਂ ਕਾਫੀ ਉਦਾਰਤਾ ਦਿਖਾਈ ਤੇ ਸਥਾਨਕ ਗੁਰਦੁਆਰੇ ਵਿਚ ਸ਼ੂਟਿੰਗ ਲਈ ਯੂਨਿਟ ਨੂੰ ਸੱਦਾ ਦਿੱਤਾ।

ਇਹ ਫ਼ਿਲਮ ਉਨ੍ਹਾਂ ਅਤਿਆਚਾਰਾਂ ਵੱਲ ਇਸ਼ਾਰਾ ਕਰਦੀ ਹੈ ਜਿਹੜੇ ਭਾਰਤ ਵਿਚ ਸਿੱਖਾਂ ਨੇ ਝੱਲੇ ਹਨ। ਇਸੇ ਕਾਰਨ ਕਿੰਗਸਲੇ ਦੇ ਕਿਰਦਾਰ ਨੂੰ ਅਮਰੀਕਾ ਵਿਚ ਸਿਆਸੀ ਸ਼ਰਨ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਫ਼ਿਲਮ ਵਿਚ ਤੁਰ ਯੂਨੀਵਰਸਿਟੀ ਅਧਿਆਪਕ ਹੈ ਪਰ ਆਪਣੇ ਧਾਰਮਕ ਵਿਸ਼ਵਾਸ ਕਾਰਨ ਉਸ ਨੂੰ ਕੈਦ ਕੱਟਣੀ ਪਈ। ਮੁੱਖ ਤੌਰ ਉਤੇ ਫ਼ਿਲਮ ਅਮਰੀਕਾ ਵਿਚ 11 ਸਤੰਬਰ ਦੇ ਕੌਮਾਂਤਰੀ ਵਪਾਰ ਕੇਂਦਰ ਉਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸਿੱਖਾਂ ਨਾਲ ਹੋ ਰਹੇ ਵਿਤਕਰੇ ਤੇ ਨਸਲੀ ਪਛਾਣ ਦੇ ਮੁੱਦੇ ਨੂੰ ਚੁੱਕਦੀ ਹੈ। ਇਸ ਬਾਬਤ ਕਿੰਗਸਲੇ ਦਾ ਕਹਿਣਾ ਹੈ ਕਿ ਇਹ ਪੂਰੀ ਤਰ੍ਹਾਂ ਅਫ਼ਸੋਸਜਨਕ ਹੈ। ਫ਼ਿਲਮ ਵਿਚ ਵਿਖਾਇਆ ਗਿਆ ਹੈ ਕਿ 11 ਸਤੰਬਰ ਦੀ ਘਟਨਾ ਤੋਂ ਬਾਅਦ ਸਿੱਖ ਚਾਲਕਾਂ ਨੇ ਆਪਣਾ ਮੀਟਰ ਬੰਦ ਕਰਕੇ ਰਫ਼ਤਾਰ ਹੌਲੀ ਕੀਤੀ ਤੇ ਲੋਕਾਂ ਨੂੰ ਪੁੱਛਿਆ ਕਿ ਉਨ੍ਹਾਂ ਦੇ ਸਨੇਹੀ ਕਿਥੇ ਹਨ, ਕੀ ਉਨ੍ਹਾਂ ਦਾ ਪਤਾ ਲਾਉਣ ਵਿਚ ਮੈਂ ਉਨ੍ਹਾਂ ਦੀ ਮਦਦ ਕਰ ਸਕਦਾ ਹਾਂ। ਨਿਊ ਯਾਰਕ ਵਿਚ ਰਹਿਣ ਵਾਲੇ ਸਾਰੇ ਸਿੱਖ ਚੰਗੇ ਹਨ। ਸਿੱਖਾਂ ਦੀ ਖੁਲ੍ਹਦਿਲੀ ਦੀ ਤਾਰੀਫ਼ ਕਰਦਿਆਂ ਕਿੰਗਸਲੇ ਨੇ ਉਮੀਦ ਪ੍ਰਗਟਾਈ ਕਿ ਫ਼ਿਲਮ ਨੂੰ ਵੇਖਣ ਮਗਰੋਂ ਲੋਕ ਸਿੱਖਾਂ ਦੀ ਪਰਵਾਹ ਕਰਨ ਵਾਲੇ ਸੁਭਾਅ ਬਾਰੇ ਜ਼ਿਆਦਾ ਜਾਣ ਸਕਣਗੇ।

### ਕੁਝ ਇਸ ਤਰ੍ਹਾਂ ਹੈ 'ਲਰਨਿੰਗ ਟੂ ਡਰਾਈਵ'

**ਨਿਊ ਯਾਰਕ:** 'ਲਰਨਿੰਗ ਟੂ ਡਰਾਈਵ' ਫਿਲਮ ਵਿਚ ਕਿੰਗਸਲੇ ਨੇ ਇਕ ਮਿੱਠ-ਬੋਲੜੇ ਟੈਕਸੀ ਚਾਲਕ ਦੀ ਭੂਮਿਕਾ ਨਿਭਾਈ ਹੈ, ਜਿਸ ਨੂੰ ਸਿੱਖ ਹੋਣ ਦਾ ਮਾਣ ਹੈ। ਉਹ ਅਮਰੀਕਾ ਵਿਚ ਸਿਆਸੀ ਸ਼ਰਨ ਮਿਲਣ ਬਾਅਦ ਨਿਊਯਾਰਕ ਵਿਚ ਰਹਿੰਦਾ ਹੈ। ਉਹ ਟੈਕਸੀ ਚਾਲਕ ਹੋਣ ਦੇ ਨਾਲ-ਨਾਲ ਟੈਕਸੀ ਚਲਾਉਣ ਦੀ ਸਿਖਲਾਈ ਵੀ ਦਿੰਦਾ ਹੈ। ਫਿਲਮ ਭਾਰਤ ਵਿਚ ਸਿੱਖਾਂ ਉਤੇ ਹੋ ਰਹੇ ਤਸ਼ੱਦਦ ਉਤੇ ਰੌਸ਼ਨੀ ਪਾਉਂਦੀ ਹੈ ਜਿਸ ਕਾਰਨ ਕਿੰਗਸਲੇ ਦਾ ਕਿਰਦਾਰ ਅਮਰੀਕਾ ਵਿਚ ਸਿਆਸੀ ਸ਼ਰਨ ਮੰਗਦਾ ਹੈ। ਫਿਲਮ ਅਮਰੀਕਾ ਵਿਚ ਸਿੱਖ ਭਾਈਚਾਰੇ ਨਾਲ ਖਾਸ ਤੌਰ ਉਤੇ 11 ਸਤੰਬਰ ਦੇ ਹਮਲੇ ਬਾਅਦ ਹੋ ਰਹੇ ਭੇਦਭਾਵ ਤੇ ਨਸਲ ਦੇ ਅਧਾਰ ਉਤੇ ਨਜ਼ਰ ਰੱਖਣ ਉਤੇ ਵੀ ਰੌਸ਼ਨੀ ਪਾਈ ਗਈ ਹੈ। ਫ਼ਿਲਮ ਵਿਚ ਦੋ ਨੌਜਵਾਨ ਕਿੰਗਸਲੇ ਦੇ ਕਿਰਦਾਰ ਵੱਲ ਇਸ਼ਾਰਾ ਕਰਦਿਆਂ ਉਸ ਨੂੰ 'ਓਸਾਮਾ' ਕਹਿੰਦੇ ਹਨ। ਇਸ ਦੇ ਬਾਵਜੂਦ ਤੂਰ ਸ਼ਾਂਤ ਰਹਿੰਦਾ ਹੈ ਜਦਕਿ ਨੌਜਵਾਨ ਉਸ ਉਤੇ ਨਸਲੀ ਟਿੱਪਣੀਆਂ ਕੱਸਦੇ ਹਨ। ਇਕ ਹੋਰ ਦ੍ਰਿਸ਼ ਵਿਚ ਇਕ ਵਿਅਕਤੀ ਅੰਨ੍ਹੇਵਾਹ ਵਾਹਨ ਚਲਾਉਣ ਦੇ ਮਾਮਲੇ ਵਿਚ ਕਿੰਗਸਲੇ ਦੀ ਪੱਗ ਉਤਾਰ ਦਿੰਦਾ ਹੈ ਪਰ ਤੁਰ ਸ਼ਾਂਤ ਰਹਿੰਦਾ ਹੈ।

### ਕਿੰਗਸਲੇ ਦੀਆਂ ਹੋਰ ਫਿਲਮਾਂ

**ਨਿਊ ਯਾਰਕ:** ਹੁਣ ਕਿੰਗਸਲੇ ਬਰਤਾਨੀਆ ਵਿਚ ਅਫ਼ਗਾਨਿਸਤਾਨ ਜੰਗ ਬਾਰੇ ਇਕ ਫ਼ਿਲਮ ਤੇ ਪੂਰਬ ਯੂਗੋਸਲਾਵੀਆ ਦੀ ਵੰਡ ਬਾਰੇ ਇਕ ਹੋਰ ਫ਼ਿਲਮ ਉਤੇ ਕੰਮ ਕਰ ਰਿਹਾ ਹੈ।। ਇਸ ਫ਼ਿਲਮ ਵਿਚ ਉਹ ਦੇਸ਼ ਦੇ ਆਗੂ ਤੇ ਦੂਜੀ ਵਿਚ ਇਕ ਜੰਗ ਅਪਰਾਧੀ ਬਣੇ ਹਨ। 'ਲਰਨਿੰਗ ਟੂ ਡਰਾਈਵ' ਫ਼ਿਲਮ ਵਿਚ ਕਿੰਗਜ਼ਲੇ ਦੀ ਪਤਨੀ ਦੀ ਭੂਮਿਕਾ ਨਿਭਾ ਰਹੀ ਸਰਿਤਾ ਚੌਧਰੀ ਨੇ ਆਪਣੇ ਸਹਿ ਕਲਾਕਾਰ ਨੂੰ 'ਬਹੁਤ ਦਿਲਚਸਪ ਅਤੇ ਮਨੋਰੰਜਕ' ਦੱਸਿਆ। ਉਨ੍ਹਾਂ ਕਿਹਾ ਕਿ ਕਿੰਗਸਲੇ ਨਾਲ ਕੰਮ ਕਰਨਾ ਉਨ੍ਹਾਂ ਨੂੰ ਅਜੀਬ ਨਹੀਂ ਲੱਗਿਆ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



INDIAN BAZAAR
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।


ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
Ph: 317-534-5151, 916-524-0045



Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਪੰਜਾਬ ਲਈ 'ਨੋਟਾਂ ਵਾਲੇ ਟਰੱਕਾਂ' ਦੀ ਉਡੀਕ ਹੋਈ ਲੰਬੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬਿਹਾਰ ਨੂੰ ਸਵਾ ਲੱਖ ਕਰੋੜ ਰੁਪਏ ਦਾ ਪੈਕੇਜ ਦੇਣ ਦੇ ਐਲਾਨ ਨੇ ਅਕਾਲੀਆਂ ਦੇ ਜ਼ਖ਼ਮ ਕੁਰੇਦ ਦਿੱਤੇ ਹਨ। ਇਸ ਐਲਾਨ ਪਿਛੋਂ ਅਕਾਲੀ ਸਰਕਾਰ ਨੂੰ ਆਮ ਲੋਕਾਂ ਤੇ ਵਿਰੋਧੀ ਧਿਰਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਪੰਜਾਬ ਲਈ ਕਦੋਂ ਨੋਟਾਂ ਵਾਲੇ ਟਰੱਕ ਭੇਜੇਗੀ?

ਕਾਂਗਰਸ ਨੇ ਸਲਾਹ ਦਿੱਤੀ ਹੈ ਕਿ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਣ ਮੋਦੀ ਦੇ ਘਰ ਸਾਹਮਣੇ ਧਰਨਾ ਲੈ ਕੇ ਬੈਠ ਜਾਣ। ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਇਹ ਕਹਿ ਕੇ ਭਾਜਪਾ ਲਈ ਵੋਟਾਂ ਮੰਗੀਆਂ ਸਨ ਕਿ ਜੇ ਉਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਕੇਂਦਰ ਵਿਚ ਬਣ ਗਈ ਤਾਂ ਪੰਜਾਬ ਵਿਚ ਟਰੱਕ ਭਰ-ਭਰ ਕੇ ਨੋਟਾਂ ਦੇ ਆਉਣਗੇ ਪਰ ਸਰਕਾਰ ਬਣਨ ਦੇ ਸਵਾ ਸਾਲ ਬਾਅਦ ਵੀ ਸੂਬੇ ਦੇ ਲੋਕ ਨੋਟਾਂ ਵਾਲੇ ਟਰੱਕ ਉਡੀਕ ਰਹੇ ਹਨ। ਹੁਣ ਮੋਦੀ ਵੱਲੋਂ ਬਿਹਾਰ ਲਈ ਪੈਕੇਜ ਦੇ ਕੀਤੇ ਐਲਾਨ ਕਾਰਨ ਅਕਾਲੀ ਆਗੂ ਮਜ਼ਾਕ ਦੇ ਪਾਤਰ ਬਣੇ ਹੋਏ ਹਨ। ਮੁੱਖ ਮੰਤਰੀ ਬਾਦਲ ਕਹਿ ਰਹੇ ਹਨ ਕਿ ਪੰਜਾਬ 'ਨੋਟਾਂ ਵਾਲੇ ਟਰੱਕ' ਦਾ ਹੱਕਦਾਰ ਹੈ ਤੇ ਉਹ ਇਕ ਵਾਰ ਫਿਰ ਇਹ ਮੁੱਦਾ ਕੇਂਦਰ ਕੋਲ ਉਠਾਉਣਗੇ।

### ਬਿਹਾਰ ਨੂੰ ਮਿਲੇ ਪੈਕੇਜ ਨੇ ਅਕਾਲੀਆਂ ਦੇ ਜ਼ਖ਼ਮ ਕੁਰੇਦੇ



ਸ.ਬਾਦਲ ਲੰਬੇ ਸਮੇਂ ਤੋਂ ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕਰਦੇ ਰਹੇ ਹਨ। ਇਕ ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਹੇਠ ਦੱਬੇ ਸੂਬੇ ਨੂੰ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੇ ਕਰਜ਼ੇ ਦੇ ਬੋਝ ਹੇਠਲੇ ਰਾਜਾਂ ਦੇ ਵਰਗ ਵਿਚੋਂ ਹੀ ਕੱਢ ਦਿੱਤਾ ਹੈ। ਸ. ਬਾਦਲ ਵੱਲੋਂ ਸਾਉਣੀ ਦੇ ਲੰਘੇ ਸੀਜ਼ਨ ਵਿਚ ਘੱਟ ਬਰਸਾਤ ਕਾਰਨ ਹੋਏ ਨੁਕਸਾਨ ਬਦਲੇ ਮੋਦੀ ਸਰਕਾਰ ਤੋਂ 2330 ਕਰੋੜ ਰੁਪਏ ਦੀ ਸਹਾਇਤਾ ਮੰਗੀ ਗਈ ਸੀ। ਸੂਬਾ ਸਰਕਾਰ ਖਾੜਕੂਵਾਦ ਖ਼ਿਲਾਫ਼ ਲੜਾਈ ਨੂੰ ਮੁਲਕ ਦੀ ਲੜਾਈ ਕਰਾਰ ਦੇ ਕੇ 2694 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਮੰਗ ਰਹੀ ਹੈ ਪਰ ਕੇਂਦਰ ਨੇ ਅਜੇ ਤੱਕ ਅਣਗੌਲਿਆਂ ਕਰੀ ਰੱਖਿਆ ਹੈ; ਇਥੋਂ ਤੱਕ ਕਿ ਸਰਕਾਰ ਬਣਨ ਤੋਂ ਤਕਰੀਬਨ ਛੇ ਮਹੀਨੇ ਬਾਅਦ ਹੀ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਸੂਬਾ ਸਰਕਾਰ ਨੂੰ ਚਿੱਠੀ ਲਿਖ ਕੇ ਤੱਥਾਂ ਸਹਿਤ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਯੂ.ਪੀ.ਏ. ਸਰਕਾਰ ਦੌਰਾਨ ਵੀ ਪੰਜਾਬ ਨੂੰ ਨਿਯਮਾਂ ਦੇ ਤੌਰ ਉਤੇ ਬਣਦੇ ਹਿੱਸੇ ਤੋਂ ਵੱਧ ਪੈਸਾ ਮਿਲਿਆ ਹੈ। ਇਸ ਨੇ ਸਿਆਸੀ ਮਾਹੌਲ ਵੀ ਭਖਾਇਆ ਕਿਉਂਕਿ ਪੰਜਾਬ ਸਰਕਾਰ ਵੱਲੋਂ ਯੂ.ਪੀ.ਏ. ਸਰਕਾਰ ਉਤੇ ਫੰਡ ਜਾਰੀ ਨਾ ਕਰਨ ਦੇ ਲਗਦੇ ਦੋਸ਼ਾਂ ਦੇ ਬਦਲੇ ਪੰਜਾਬ ਕਾਂਗਰਸ ਨੇ ਮੁੱਖ ਮੰਤਰੀ ਤੋਂ ਮੁਆਫ਼ੀ ਮੰਗਣ ਦੀ ਮੰਗ ਰੱਖ ਦਿੱਤੀ। ਪਿਛੇ ਜਿਹੇ ਭਾਰਤ ਦੇ ਵਿੱਤ ਰਾਜ ਮੰਤਰੀ ਜਯੰਤ ਸਿਨਹਾ ਨੇ ਇਹ ਬਿਆਨ ਵੀ ਦਿੱਤਾ ਸੀ ਕਿ ਪੰਜਾਬ ਖੁਸ਼ਹਾਲ ਪ੍ਰਾਂਤ ਹੈ, ਇਸ ਨੂੰ ਵਿਸ਼ੇਸ਼ ਪੈਕੇਜ ਦੀ ਲੋੜ ਨਹੀਂ। ਪੰਜਾਬ ਸਰਕਾਰ ਸਿਰ 1.24 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਕਰਜ਼ੇ ਲਈ ਜਿਹੜਾ 10 ਹਜ਼ਾਰ ਕਰੋੜ ਰੁਪਏ ਦਾ ਵਿਆਜ ਦਿੱਤਾ ਜਾਣਾ ਹੈ।

### ਅਕਾਲੀ ਦਲ ਵਿਚ ਬਾਗ਼ੀ ਸੁਰਾਂ ਤੇਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਵਿਚ ਭਾਈਵਾਲ ਧਿਰਾਂ- ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ, ਦਰਮਿਆਨ ਖਿੱਚੋਤਾਣ ਤਾਂ ਭਾਵੇਂ ਕਾਫ਼ੀ ਸਮੇਂ ਤੋਂ ਚਲੀ ਆ ਰਹੀ ਹੈ ਪਰ ਹੁਣ ਤਾਂ ਸ਼੍ਰੋਮਣੀ ਅਕਾਲੀ ਦਲ ਵਿਚੋਂ ਵੀ ਬਾਗ਼ੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਅੰਮ੍ਰਿਤਸਰ ਤੋਂ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਵੱਲੋਂ ਆਪਣੇ ਹਲਕੇ ਵਿਚ ਕੂੜਾ-ਕਰਕਟ ਡੰਪ ਦੇ ਮੁੱਦੇ ਉਤੇ ਦਿੱਤੇ ਧਰਨੇ ਦੀਆਂ ਖ਼ਬਰਾਂ ਦੀ ਸਿਆਹੀ ਅਜੇ ਸੁੱਕੀ ਨਹੀਂ ਸੀ ਕਿ ਹੁਣ ਇਸੇ ਮੁੱਦੇ ਨੂੰ ਲੈ ਕੇ ਜਲੰਧਰ ਦੇ ਅਕਾਲੀ ਵਿਧਾਇਕ ਪਰਗਟ ਸਿੰਘ ਨੇ ਆਪਣੀ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਵਿਧਾਇਕ ਪਰਗਟ ਸਿੰਘ ਨੇ ਕਿਹਾ ਹੈ ਕਿ ਉਸ ਦੇ ਹਲਕੇ ਵਿਚ ਲਾਏ ਜਾ ਰਹੇ ਵੇਸਟ ਮੈਨੇਜਮੈਂਟ ਪਲਾਂਟ ਬਾਰੇ ਉਨ੍ਹਾਂ ਨੂੰ ਭਰੋਸੇ ਵਿਚ ਤਾਂ ਕੀ ਲੈਣਾ ਸੀ, ਪੁੱਛਿਆ ਤੱਕ ਨਹੀਂ ਗਿਆ।

## ਮੋਦੀ ਨੇ ਧਰਮ ਨੂੰ ਹਥਿਆਰ ਬਣਾਇਆ

*(ਸਫਾ ਇਕ ਦੀ ਬਾਕੀ)*

ਫੈਸਲਾ ਕੀਤਾ। ਸੂਤਰਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਬਿਹਾਰ ਚੋਣਾਂ ਮੌਕੇ ਜਾਰੀ ਕਰਨ ਬਾਰੇ ਫੈਸਲਾ ਕਾਫੀ ਪਹਿਲਾਂ ਕਰ ਲਿਆ ਗਿਆ ਸੀ।

ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਪਹਿਲਾਂ ਵੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਸਿਆਸੀ ਲਾਹਾ ਲੈਂਦੀ ਰਹੀ ਹੈ। ਇਸ ਦੇ ਚੋਟੀ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਰੱਥ ਯਾਤਰਾ ਕਰ ਕੇ ਮੁਲਕ ਦੇ ਫਿਰਕੂ ਸਦਭਾਵ ਨੂੰ ਡੂੰਘੀ ਠੇਸ ਪਹੁੰਚਾਈ ਸੀ। ਉਸ ਵੇਲੇ ਬਾਬਰੀ ਮਸਜਿਦ ਅਤੇ ਰਾਮ ਮੰਦਿਰ ਦਾ ਮਸਲਾ ਖੜ੍ਹਾ ਕੀਤਾ ਗਿਆ ਅਤੇ ਲੋਕਾਂ ਨੂੰ ਧਰਮ ਦੇ ਆਧਾਰ ਉਤੇ ਵੰਡ ਦਿੱਤਾ ਗਿਆ। ਇਸ ਤੋਂ ਬਾਅਦ ਆਈਆਂ ਲੋਕ ਸਭਾ ਚੋਣਾਂ ਵਿਚ ਇਹ ਪਾਰਟੀ ਭਾਰਤ ਦੇ ਸਿਆਸੀ ਸੀਨ ਉਤੇ ਵੱਡੀ ਪਾਰਟੀ ਵਜੋਂ ਉਭਰੀ।

ਇਸ ਤੋਂ ਬਾਅਦ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਅਤੇ ਕਮਿਊਨਿਸਟਾਂ ਦੇ ਲੀਹੋਂ ਲਹਿਣ ਕਾਰਨ ਇਸ ਪਾਰਟੀ ਦੇ ਵਾਰੇ-ਨਿਆਰੇ ਹੁੰਦੇ ਰਹੇ। ਫਿਰ ਇਸ ਪਾਰਟੀ ਨੂੰ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਸਰਕਾਰ ਬਣਾਉਣ ਦਾ ਮੌਕਾ ਮਿਲ ਗਿਆ ਅਤੇ ਸਰਕਾਰ ਵਿਚ ਹੱਥ ਅੜਨ ਤੋਂ ਬਾਅਦ ਪਾਰਟੀ ਸਿਆਸੀ ਤੌਰ 'ਤੇ ਪੱਕੇ ਪੈਰੀਂ ਹੋ ਗਈ।

## ਸਿੱਖਾਂ ਦੀ ਆਬਾਦੀ ਘਟੀ

*(ਸਫਾ ਇਕ ਦੀ ਬਾਕੀ)*

ਵਿਚੋਂ ਹਿੰਦੂ 96.63 ਕਰੋੜ (79.8 ਫ਼ੀਸਦੀ), ਮੁਸਲਮਾਨ 17.22 ਕਰੋੜ (14.2 ਫ਼ੀਸਦੀ), ਈਸਾਈ 2.78 ਕਰੋੜ (2.3 ਫ਼ੀਸਦੀ), ਸਿੱਖ 2.08 ਕਰੋੜ (1.7 ਫ਼ੀਸਦੀ), ਬੋਧੀ 0.84 ਕਰੋੜ (0.7 ਫ਼ੀਸਦੀ), ਜੈਨੀ 0.45 ਕਰੋੜ (0.4 ਫ਼ੀਸਦੀ), ਹੋਰ ਧਰਮ ਤੇ ਅਕੀਦੇ 0.79 ਕਰੋੜ (0.7 ਫ਼ੀਸਦੀ) ਤੇ ਧਰਮ ਨਹੀਂ ਦੱਸਿਆ 0.29 ਕਰੋੜ (0.2 ਫ਼ੀਸਦੀ) ਹਨ।

2011 ਵਿਚ ਹਿੰਦੂਆਂ ਦੀ ਆਬਾਦੀ ਦਾ ਅਨੁਪਾਤ 0.7 ਫ਼ੀਸਦੀ, ਸਿੱਖਾਂ ਦਾ 0.2 ਫ਼ੀਸਦੀ ਤੇ ਬੋਧੀਆਂ ਦਾ 0.1 ਫ਼ੀਸਦੀ ਘਟਿਆ ਹੈ। ਦੂਜੇ ਪਾਸੇ ਮੁਸਲਮਾਨਾਂ ਦੀ ਆਬਾਦੀ ਦਾ ਅਨੁਪਾਤ 0.8 ਫ਼ੀਸਦੀ ਵਧਿਆ ਹੈ। ਈਸਾਈ ਤੇ ਜੈਨੀ ਭਾਈਚਾਰੇ ਦੀ ਆਬਾਦੀ ਵਿਚ ਖ਼ਾਸ ਤਬਦੀਲੀ ਨਹੀਂ ਆਈ। ਆਬਾਦੀ ਦੀ ਵਿਕਾਸ ਦਰ 2001 ਤੋਂ 2011 ਦੇ ਦਹਾਕੇ ਦੌਰਾਨ 17.7 ਫ਼ੀਸਦੀ ਰਹੀ ਜਿਨ੍ਹਾਂ ਵਿਚੋਂ ਮੁਸਲਮਾਨਾਂ ਦੀ ਵਿਕਾਸ ਦਰ ਸਭ ਤੋਂ ਵੱਧ 24.6 ਫ਼ੀਸਦੀ ਰਹੀ। ਹਿੰਦੂਆਂ ਦੀ ਵਿਕਾਸ ਦਰ 16.8 ਫ਼ੀਸਦੀ, ਈਸਾਈਆਂ ਦੀ 15.5 ਫ਼ੀਸਦੀ, ਸਿੱਖਾਂ ਦੀ 8.4 ਫ਼ੀਸਦੀ, ਬੋਧੀਆਂ ਦੀ 6.1 ਫ਼ੀਸਦੀ ਤੇ ਜੈਨੀਆਂ ਦੀ 5.4 ਫ਼ੀਸਦੀ ਰਹੀ।

## ਕੇਜਰੀਵਾਲ ਨੇ ਕੇਂਦਰ ਤੋਂ ਸਹਿਯੋਗ ਮੰਗਿਆ

**ਨਵੀਂ ਦਿੱਲੀ:** ਦਿੱਲੀ ਸਰਕਾਰ ਅਤੇ ਕੇਂਦਰ ਦੇ ਕੁੜੱਤਣ ਭਰੇ ਰਿਸ਼ਤਿਆਂ ਦਰਮਿਆਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਕੇਜਰੀਵਾਲ ਨੇ ਦਿੱਲੀ ਦੇ ਵਿਕਾਸ ਵਿਚ ਕੇਂਦਰ ਦਾ ਸਹਿਯੋਗ ਮੰਗਿਆ ਅਤੇ ਅਪੀਲ ਕੀਤੀ ਕਿ ਰਾਜਧਾਨੀ ਦੇ ਵਿਕਾਸ ਵਿਚ ਕਿਸੇ ਵੀ ਤਰ੍ਹਾਂ ਦੀਆਂ ਵੱਖਰੀਆਂ ਵੱਖਰੀਆਂ ਸਿਆਸੀ ਵਿਚਾਰਧਾਰਾਵਾਂ ਅੜਿੱਕਾ ਨਹੀਂ ਬਣਨੀਆਂ ਚਾਹੀਦੀਆਂ। ਇਸ ਮੁਲਾਕਾਤ ਨੂੰ ਦੋਹਾਂ ਦੇ ਰਿਸ਼ਤਿਆਂ 'ਚ ਪੈਦਾ ਹੋਈ ਕੁੜੱਤਣ ਨੂੰ ਘੱਟ ਕਰਨ ਵਾਸਤੇ ਕੇਜਰੀਵਾਲ ਵੱਲੋਂ ਕੀਤੀ ਗਈ ਪਹਿਲ ਵਜੋਂ ਵੀ ਵੇਖਿਆ ਜਾ ਰਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਸਿਆਸੀ ਵਿਚਾਰਧਾਰਾ ਵੱਖਰੀ ਵੱਖਰੀ ਹੋ ਸਕਦੀ ਹੈ ਪਰ ਕੇਂਦਰ ਤੇ ਦਿੱਲੀ ਸਰਕਾਰ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ; ਤਦ ਹੀ ਦਿੱਲੀ ਦੀ ਜਨਤਾ ਦਾ ਫਾਇਦਾ ਹੋਵੇਗਾ।

## ਗੱਲਬਾਤ ਟੁੱਟਣ ਪਿਛੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਖਿੱਚੋਤਾਣ ਵਧੀ

**ਨਵੀਂ ਦਿੱਲੀ:** ਕੌਮੀ ਸੁਰੱਖਿਆ ਸਲਾਹਕਾਰ ਪੱਧਰ ਦੀ ਗੱਲਬਾਤ ਰੱਦ ਹੋਣ ਨਾਲ ਭਾਰਤ ਤੇ ਪਾਕਿਸਤਾਨ ਵਿਚਾਲੇ ਖਿੱਚੋਤਾਣ ਵਧ ਗਈ ਹੈ। ਪਾਕਿਸਤਾਨ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਕਸ਼ਮੀਰੀ ਵੱਖਵਾਦੀ ਆਗੂ 'ਤੀਜੀ ਧਿਰ' ਨਹੀਂ ਹਨ ਤੇ ਭਾਰਤ ਨਾਲ ਅਜਿਹੀ ਕੋਈ ਵੀ ਗੱਲਬਾਤ ਫ਼ਜ਼ੂਲ ਹੋਵੇਗੀ, ਜਿਸ ਵਿਚ ਕਸ਼ਮੀਰ ਮੁੱਦਾ ਸ਼ਾਮਲ ਨਹੀਂ ਹੋਵੇਗਾ। ਗੱਲਬਾਤ ਟੁੱਟਣ ਪਿਛੋਂ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਤਣਾਅ ਵਧ ਗਿਆ ਹੈ। ਉਧਰ, ਅਮਰੀਕਾ ਨੇ ਸਲਾਹ ਦਿੱਤੀ ਹੈ ਕਿ ਦੋਵੇਂ ਮੁਲਕਾਂ ਨੂੰ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਹੁਣ ਦੋਵਾਂ ਮੁਲਕਾਂ ਦੀਆਂ ਸਰਹੱਦੀ ਫੋਰਸਾਂ, ਸੀਮਾ ਸੁਰੱਖਿਆ ਬਲ ਤੇ ਪਾਕਿ ਰੇਂਜਰਜ਼ ਦੀ ਡਾਇਰੈਕਟਰ ਜਨਰਲ ਪੱਧਰ ਦੀ ਨੌਂ ਸਤੰਬਰ ਨੂੰ ਨਵੀਂ ਦਿੱਲੀ ਵਿਚ ਹੋਣ ਵਾਲੀ ਸਾਂਝੀ ਬੈਠਕ ਸਿਰੇ ਨਾ ਚੜ੍ਹਨ ਦੇ ਆਸਾਰ ਬਣ ਗਏ ਹਨ।

ਪਿਛਲੇ ਮਹੀਨੇ ਰੂਸ ਦੇ ਸ਼ਹਿਰ ਉਫ਼ਾ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਨਵਾਜ਼ ਸ਼ਰੀਫ਼ ਨੇ ਗੱਲਬਾਤ ਅੱਗੇ ਤੋਰਨ ਦੀ ਹਾਮੀ ਭਰੀ ਸੀ ਜਿਸ ਪਿਛੋਂ ਦੋਵਾਂ ਦੇਸ਼ਾਂ ਵਿਚ ਕੌਮੀ ਸੁਰੱਖਿਆ ਸਲਾਹਕਾਰ ਪੱਧਰ ਦੀ ਮੀਟਿੰਗ 23 ਅਗਸਤ ਨੂੰ ਨਵੀਂ ਦਿੱਲੀ ਵਿਚ ਤੈਅ ਹੋਈ ਸੀ। ਇਸ ਵਿਚ ਅਤਿਵਾਦ ਨਾਲ ਸਬੰਧਤ ਮੁੱਦੇ ਵਿਚਾਰਨ ਬਾਰੇ ਸਹਿਮਤੀ ਬਣੀ ਸੀ ਪਰ ਕਸ਼ਮੀਰ ਮੁੱਦੇ ਨੂੰ ਵਿਸਾਰ ਦਿੱਤਾ ਗਿਆ।

ਇਸ ਤੋਂ ਬਾਅਦ ਤਾਂ ਪਾਕਿਸਤਾਨ ਵਿਚ ਜਿਵੇਂ ਤੂਫ਼ਾਨ ਹੀ ਉੱਠ ਖੜ੍ਹਾ ਹੋਇਆ। ਉਥੇ ਸਥਾਪਤ ਅਤਿਵਾਦੀ ਸੰਗਠਨਾਂ, ਫ਼ੌਜ ਤੇ ਖ਼ੁਫ਼ੀਆ ਏਜੰਸੀਆਂ ਨੇ ਸਰਕਾਰ ਉਤੇ ਦਬਾਅ ਪਾਇਆ। ਉਸ ਤੋਂ ਕੁਝ ਦਿਨਾਂ ਬਾਅਦ ਹੀ ਪਾਕਿ ਦੇ ਕੌਮੀ ਸੁਰੱਖਿਆ ਸਲਾਹਕਾਰ ਸਰਤਾਜ ਅਜ਼ੀਜ਼ ਨੇ ਉਫ਼ਾ ਵਿਚ ਬਣੀ ਸਹਿਮਤੀ ਤੇ ਭਾਵਨਾ ਵਿਰੁੱਧ ਬਿਆਨ ਦਿੱਤਾ। ਪਾਕਿ ਵੱਲੋਂ ਕਸ਼ਮੀਰੀ ਵੱਖਵਾਦੀ ਆਗੂਆਂ ਨੂੰ ਇਸ ਗੱਲਬਾਤ ਵਿਚ ਸ਼ਾਮਲ ਕਰਨ ਦੀ ਢੁੱਚਰ ਢਾਹ ਦਿੱਤੀ। ਇਸ ਨਾਲ ਹੀ ਮਾਹੌਲ ਅਜਿਹਾ ਬਣ ਗਿਆ ਕਿ ਦੋਵੇਂ ਦੇਸ਼ ਗੱਲਬਾਤ ਰੱਦ ਕਰਨ ਲਈ ਇਕ-ਦੂਜੇ ਦੇ ਮੂੰਹ ਵੱਲ ਵੇਖਣ ਲੱਗੇ ਤੇ ਆਖਰ ਇਹ ਪਹਿਲ ਪਾਕਿਸਤਾਨ ਨੂੰ ਕਰਨੀ ਪਈ। ਪਿਛਲੇ ਸਾਲ ਭਾਰਤ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਦੀ ਹੁਰੀਅਤ ਆਗੂਆਂ ਨਾਲ ਮੀਟਿੰਗ ਦੇ ਆਧਾਰ 'ਤੇ ਵਿਦੇਸ਼ ਸਕੱਤਰਾਂ ਦਰਮਿਆਨ ਗੱਲਬਾਤ ਰੱਦ ਕਰ ਦਿੱਤੀ ਸੀ।

ਪਾਕਿਸਤਾਨ ਵੱਲੋਂ ਇਸ ਵਾਰ ਵੀ ਹੁਰੀਅਤ ਆਗੂਆਂ ਨੂੰ ਗੱਲਬਾਤ ਵਿਚ ਸ਼ਾਮਲ ਕਰਨ ਦੀ ਮੰਗ ਨੇ ਮੋਦੀ ਸਰਕਾਰ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਸੀ। ਲਿਹਾਜ਼ਾ, ਭਾਰਤ ਨੇ ਇਹ ਸਟੈਂਡ ਲੈ ਲਿਆ ਕਿ ਐਨ.ਐਸ.ਏਜ਼. ਦਰਮਿਆਨ ਗੱਲਬਾਤ ਸਿਰਫ਼ ਦਹਿਸ਼ਤਵਾਦ ਦੇ ਏਜੰਡੇ ਉਤੇ ਕੇਂਦ੍ਰਿਤ ਰਹੇਗੀ ਤੇ ਸਰਤਾਜ ਅਜ਼ੀਜ਼ ਹੁਰੀਅਤ ਦੇ ਨੇਤਾਵਾਂ ਨੂੰ ਨਹੀਂ ਮਿਲ ਸਕਣਗੇ। ਇਨ੍ਹਾਂ ਸ਼ਰਤਾਂ ਦਾ ਮਨੋਰਥ ਅਜ਼ੀਜ਼ ਨੂੰ ਭਾਰਤ ਫੇਰੀ ਰੱਦ ਕਰਨ ਲਈ ਮਜਬੂਰ ਕਰਨਾ ਸੀ ਤੇ ਅਜਿਹਾ ਹੀ ਹੋਇਆ। ਇਹ ਤੱਥ ਸਪਸ਼ਟ ਹੈ ਕਿ ਦੋਵਾਂ ਧਿਰਾਂ ਵਿਚੋਂ ਕੋਈ ਵੀ ਫਰਾਖਦਿਲੀ ਦਿਖਾਉਣ ਲਈ ਤਿਆਰ ਨਹੀਂ।

### ਪਾਕਿ ਲਈ ਗਲੇ ਦੀ ਹੱਡੀ ਬਣਿਆ ਕਸ਼ਮੀਰ ਮਸਲਾ

**ਇਸਲਾਮਾਬਾਦ:** ਕਸ਼ਮੀਰ ਦਾ ਮਸਲਾ ਪਾਕਿਸਤਾਨ ਦੇ ਗਲੇ ਦੀ ਹੱਡੀ ਬਣ ਗਿਆ ਹੈ। ਉਥੇ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਕਸ਼ਮੀਰ ਦੇ ਮਸਲੇ ਦਾ ਰਾਗ ਅਲਾਪਣ ਤੋਂ ਬਗੈਰ ਕੋਈ ਵੀ ਸਰਕਾਰ ਬਹੁਤੀ ਦੇਰ ਟਿਕੀ ਨਹੀਂ ਰਹਿ ਸਕਦੀ। ਪਾਕਿਸਤਾਨ ਇਹ ਕਹਿੰਦਾ ਆਇਆ ਹਨ ਕਿ ਕਸ਼ਮੀਰ ਵਿਵਾਦ ਵਾਲਾ ਇਲਾਕਾ ਹੈ ਤੇ ਉਹ ਇਸ ਨੂੰ ਆਜ਼ਾਦ ਕਰਵਾਉਣ ਲਈ ਵਚਨਬੱਧ ਹੈ। ਪਾਕਿਸਤਾਨ ਵਿਚ ਲੋਕਾਂ ਵੱਲੋਂ ਚੁਣੀਆਂ ਸਰਕਾਰਾਂ ਤਾਂ ਬਣਦੀਆਂ ਹਨ ਪਰ ਮਹੱਤਵਪੂਰਨ ਫ਼ੈਸਲੇ ਲੈਣ ਦੀ ਸ਼ਕਤੀ ਫ਼ੌਜ ਤੇ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਕੋਲ ਹੀ ਹੈ। ਉਥੇ ਵਿਦੇਸ਼ੀ ਨੀਤੀ ਸਰਕਾਰ ਵੱਲੋਂ ਨਹੀਂ ਸਗੋਂ ਫ਼ੌਜ ਵੱਲੋਂ ਹੀ ਤਿਆਰ ਕੀਤੀ ਜਾਂਦੀ ਹੈ।

**Punjab Times**
**Established in 2000**
**16th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

# ਨਾਜ਼ੀਆਂ ਦੇ ਖਜ਼ਾਨੇ ਨਾਲ ਭਰੀ ਲਾਪਤਾ ਰੇਲ ਗੱਡੀ ਲੱਭੀ

**ਲੰਡਨ:** ਦੋ ਖ਼ਜ਼ਾਨਾ ਖੋਜੀਆਂ ਨੇ ਸਾਲ 1945 ਵਿਚ ਹੰਗਰੀ ਤੋਂ ਬੰਦੂਕਾਂ, ਹੀਰੇ, ਪੇਂਟਿੰਗਾਂ ਤੇ ਹੋਰ ਮਹਿੰਗੀਆਂ ਵਸਤਾਂ ਲੈ ਕੇ ਜਰਮਨੀ ਜਾਣ ਵੇਲੇ ਲਾਪਤਾ ਹੋਈ ਇਕ ਨਾਜ਼ੀ ਰੇਲ ਗੱਡੀ ਦਾ ਪਤਾ ਲਾਉਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਸਤਾਂ ਦੀ ਅਨੁਮਾਨਤ ਕੀਮਤ 20 ਕਰੋੜ ਅਮਰੀਕੀ ਡਾਲਰ ਹੈ। ਇਕ ਪੋਲਿਸ਼ ਤੇ ਜਰਮਨ ਖੋਜੀ ਨੇ ਰੇਲ ਗੱਡੀ ਦਾ ਪਤਾ ਲਾਉਣ ਦਾ ਦਾਅਵਾ ਕੀਤਾ ਤੇ ਲੱਭੀਆਂ ਵਸਤਾਂ ਦੀ ਕੀਮਤ ਦਾ 10 ਫੀਸਦੀ ਦੇਣ ਦੀ ਮੰਗ ਕੀਤੀ ਹੈ।

150 ਮੀਟਰ ਲੰਬੀ ਇਹ ਰੇਲ ਗੱਡੀ 1945 ਵਿਚ ਲਾਪਤਾ ਹੋਈ ਸੀ, ਜਿਸ ਵਿਚ ਉਦਯੋਗਿਕ ਉਪਕਰਨ ਵੀ ਲੱਦੇ ਹੋਏ ਸਨ। ਬਰੇਸਲਾਓ, ਹੁਣ ਵਰੋਟਸਵਾਫ਼ (ਪੋਲੈਂਡ ਦਾ ਹਿੱਸਾ) ਤੋਂ ਪੂਰਬੀ ਜਰਮਨੀ ਜਾਂਦੇ ਸਮੇਂ ਇਸ ਗੱਡੀ ਨੂੰ ਲੁੱਟ ਲਿਆ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਗੱਡੀ ਪਹਾੜੀ ਸਿਲੇਸੀਅਨ ਖਿੱਤੇ ਵਿਚ ਸਿਆਜ਼ ਕੈਸਲ ਨੇੜੇ ਸੁਰੰਗ ਵਿਚ ਦਾਖ਼ਲ ਹੋਈ ਪਰ ਇਸ ਤੋਂ ਬਾਹਰ ਨਹੀਂ ਨਿਕਲੀ। ਇਸ ਸੁਰੰਗ ਨੂੰ ਬਾਅਦ ਵਿਚ ਬੰਦ ਕਰ ਦਿੱਤਾ ਗਿਆ। ਵਲਬਰਜ਼ਿਚ ਕੌਂਸਲ ਦੇ ਅਫ਼ਸਰ ਮਾਰਕਿਆ ਤੋਕਾਰਸਕਾ ਨੇ ਕਿਹਾ ਕਿ ਵਕੀਲ, ਫੌਜ, ਪੁਲਿਸ ਤੇ ਫਾਇਰ ਬ੍ਰਿਗੇਡ ਵੱਲੋਂ ਇਸ ਮਾਮਲੇ ਨਾਲ ਸਿੱਝਿਆ ਜਾ ਰਿਹਾ ਹੈ।

ਅਮਰੀਕਾ ਦੀ ਅਗਵਾਈ ਵਾਲੀਆਂ ਮਿੱਤਰਾਂ ਫੌਜਾਂ ਤੇ ਸੋਵੀਅਤ ਫੌਜਾਂ ਵੱਲੋਂ 1945 ਵਿਚ ਪੱਛਮੀ ਤੇ ਪੂਰਬੀ ਪਾਸਿਓਂ ਜਰਮਨੀ ਦੀ ਰਾਜਧਾਨੀ ਵੱਲ ਵਧਣ ਕਾਰਨ ਅਜਿਹੀਆਂ ਰੇਲ ਗੱਡੀਆਂ ਨਾਜ਼ੀਆਂ ਵੱਲੋਂ ਲੁੱਟਿਆ ਸਾਮਾਨ ਬਰਲਿਨ ਲੈ ਜਾਣ ਲਈ ਵਰਤੀਆਂ ਜਾਂਦੀਆਂ ਸਨ। 'ਗੋਲਡ ਟਰੇਨ' ਨਾਂ ਦੀਆਂ ਇਹ ਅਖੌਤੀ ਰੇਲ ਗੱਡੀਆਂ ਨਾਜ਼ੀ ਫੌਜਾਂ ਵੱਲੋਂ ਬੁਡਾਪੈਸਟ ਤੋਂ ਜਰਮਨੀ ਵਿਚਕਾਰ ਚਲਾਈਆਂ ਜਾਂਦੀਆਂ ਸਨ, ਜਿਨ੍ਹਾਂ ਵਿਚ ਹੰਗਰੀ ਦੇ ਯਹੂਦੀਆਂ ਤੋਂ ਹਾਸਲ ਸੋਨਾ, ਚਾਂਦੀ ਤੇ ਮਹਿੰਗੀਆਂ ਪੇਂਟਿੰਗਾਂ ਲੱਦੀਆਂ ਹੁੰਦੀਆਂ ਸਨ।


UMA TRAVELS
2535 W. Devon Ave., Chicago, IL 60659
For Lowest Fares & Reliable Service
Call For Special Sale Fares
Call: 773-338-5603

Korma Sutra Cuisine of India
*Overland Park, Kansas*
ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ
ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ ਕੁੱਕ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ
ਸੰਪਰਕ ਕਰੋ
ਫੋਨ: 913-269-5727
31-35

ਰੈਸਟੋਰੈਂਟ ਸਟਾਫ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ
ਮੁਫਤ ਰਿਹਾਇਸ਼, ਵਧੀਆ ਤਨਖਾਹ
ਸੰਪਰਕ ਕਰੋ
ਫੋਨ: 918-984-8390
ਜਾਂ 918-576-1899
31-/

IFTA
■IFTA Fuel & Mileage Reporting (100% Accurate)
■Form 2290 (Heavy Vehicle Use Tax Return)
■Temporary/Permanent Fuel & Trip Permits
■IRP, FMCSA Authority, UCR
■New Business
(Corporation, LLC, Partnership, etc.)
■Filing Help: Green Card, Citizenship, Sponsorship
■IRS Individual & Business Tax
(IRS Registered Agent)
*IFTA filing starting at $20*
Contact: Nanak Tax Expeditors Greenwood (IN)
@ Ph: 317-215-5758
35

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! !
ਇੰਡੀਅਨਐਪੋਲਿਸ (ਇੰਡੀਆਨਾ) ਵਿਚ
ਨਵਾਂ ਟਰੱਕ ਡਰਾਈਵਿੰਗ ਸਕੂਲ
ਖੁਲ੍ਹ ਗਿਆ ਹੈ

Truck Driving School
Lic. # 0027
A-One Truck Driving School
2302 South West Street, Indianapolis, IN 46225
Gurinder Nagra, Ben Singh Bashal, Gurnam Dhaliwal
Ph: 317-653-6666

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਅਪਰਾਧੀ ਭਜਾਉਣ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੀ ਝੰਡੀ



**ਚੰਡੀਗੜ੍ਹ:** ਅਪਰਾਧੀਆਂ ਨੂੰ ਭਜਾਉਣ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੀ ਵਰਦੀ ਦਾਗ਼ਦਾਰ ਹੈ। ਪਿਛਲੇ ਸਾਲ ਸੂਬੇ ਦੇ ਸਭ ਤੋਂ ਵੱਧ 12 ਪੁਲਿਸ ਮੁਲਾਜ਼ਮਾਂ ਨੂੰ ਅਦਾਲਤ ਵੱਲੋਂ ਅਜਿਹੇ ਮਾਮਲਿਆਂ ਵਿਚ ਦੋਸ਼ੀ ਕਰਾਰ ਦੇ ਕੇ ਤਿੰਨ ਜਾਂ ਇਸ ਤੋਂ ਵੱਧ ਸਾਲਾਂ ਦੀ ਸਜ਼ਾ ਸੁਣਾਈ ਗਈ ਹੈ, ਜਦ ਕਿ ਹਿਮਾਚਲ ਪ੍ਰਦੇਸ਼ ਦਾ ਦੂਜਾ ਸਥਾਨ ਹੈ। ਉਸ ਦੇ ਪੰਜ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਤੀਜਾ ਸਥਾਨ ਹਰਿਆਣਾ ਦਾ ਹੈ, ਉਸ ਦੇ ਦੋ ਮੁਲਾਜ਼ਮ ਦੋਸ਼ੀ ਹਨ।

ਨਸ਼ਿਆਂ ਬਾਰੇ ਕੇਸ ਦਰਜ ਕਰਨ ਵਿਚ ਮਹਾਰਾਸ਼ਟਰ ਨੇ ਪੰਜਾਬ ਨੂੰ ਪਛਾੜ ਕੇ ਪਹਿਲਾ ਸਥਾਨ ਮੱਲ ਲਿਆ ਹੈ। ਹੁਣ ਤੱਕ ਪੰਜਾਬ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕਰਨ ਵਿਚ ਨੰਬਰ ਇਕ ਦੇ ਸਥਾਨ ਉਤੇ ਸੀ ਪਰ ਸਾਲ 2014 ਦੇ ਅੰਕੜਿਆਂ ਵਿਚ ਮਹਾਰਾਸ਼ਟਰ ਬਾਜ਼ੀ ਮਾਰ ਗਿਆ।

ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਬੀਤੇ ਦਿਨੀਂ ਜਾਰੀ 2014 ਦੀ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਸਾਲ ਐਨ.ਡੀ.ਪੀ.ਐਸ. ਤਹਿਤ ਮਹਾਰਾਸ਼ਟਰ ਵਿਚ 14622 ਕੇਸ ਦਰਜ ਕੀਤੇ ਗਏ ਜਦ ਕਿ ਇਸ ਸਮੇਂ ਦੌਰਾਨ ਪੰਜਾਬ ਨੇ 14483 ਐਨ.ਡੀ.ਪੀ.ਐਸ. ਕੇਸ ਦਰਜ ਕੀਤੇ ਹਨ। ਈਮੇਲ ਤੇ ਹੋਰ ਹੈਲਪ ਲਾਈਨਜ਼ ਰਾਹੀਂ ਕੇਸ ਦਰਜ ਕਰਨ ਵਿਚ ਪੰਜਾਬ ਹੋਰਾਂ ਨਾਲੋਂ ਅੱਗੇ ਹੈ। ਸਾਲ 2014 ਵਿਚ ਇਸ ਤਰ੍ਹਾਂ ਸੂਬੇ ਵਿਚ 20974 ਕੇਸ ਦਰਜ ਹੋਏ ਜਦ ਕਿ ਹਰਿਆਣਾ 16702 ਕੇਸ ਦਰਜ ਕਰਕੇ ਦੂਜੇ ਸਥਾਨ ਉਤੇ ਹੈ। ਪੰਜਾਬ ਤੇ ਮਿਜ਼ੋਰਮ ਦੋ ਅਜਿਹੇ ਰਾਜ ਹਨ ਜਿਥੇ ਸਾਲ 2014 ਵਿਚ ਕੋਈ ਫਿਰਕੂ ਹਿੰਸਾ ਨਹੀਂ ਹੋਈ ਜਦ ਕਿ ਬਿਹਾਰ 13566 ਘਟਨਾਵਾਂ ਨਾਲ ਸਭ ਤੋਂ ਉਪਰ ਹੈ।

### ਪੇਸ਼ੀ ਭੁਗਤਨ ਆਇਆ ਕੈਦੀ ਪੁਲਿਸ ਦੀ ਗੱਡੀ ਸਣੇ ਫਰਾਰ

**ਪਟਿਆਲਾ:** ਹੁਸ਼ਿਆਰਪੁਰ ਵਿਚ ਇਕ ਮੁਕੱਦਮੇ ਦੀ ਪੇਸ਼ੀ ਭੁਗਤਣ ਗਿਆ ਕੇਂਦਰੀ ਜੇਲ੍ਹ ਪਟਿਆਲਾ ਦਾ ਕੈਦੀ ਪਟਿਆਲਾ ਪੁਲਿਸ ਦੇ ਮੁਲਾਜ਼ਮਾਂ ਨੂੰ ਚਕਮਾ ਦੇ ਕੇ ਰਸਤੇ ਵਿਚੋਂ ਫ਼ਰਾਰ ਹੋ ਗਿਆ। ਜਾਣ ਵੇਲੇ ਉਹ ਪੁਲਿਸ ਦੀ ਕਾਰ ਵੀ ਨਾਲ ਲੈ ਗਿਆ। ਗੁਰਪ੍ਰੀਤ ਸਿੰਘ ਗੋਪੀ ਨਾਂ ਦਾ ਇਹ ਕੈਦੀ ਹੁਸ਼ਿਆਰਪੁਰ ਜੇਲ੍ਹ ਤੋਂ 20 ਜੁਲਾਈ 2014 ਨੂੰ ਪਟਿਆਲਾ ਜੇਲ੍ਹ ਵਿਚ ਤਬਦੀਲ ਹੋ ਕੇ ਆਇਆ ਸੀ। ਮਈ 2009 ਦੇ ਇਕ ਕਤਲ ਕੇਸ ਵਿਚ ਉਮਰ ਕੈਦ ਕੱਟ ਰਹੇ ਗੋਪੀ ਖ਼ਿਲਾਫ਼ ਹੁਸ਼ਿਆਰਪੁਰ ਦੀ ਅਦਾਲਤ ਵਿਚ ਹੀ ਇਕ ਹੋਰ ਮਾਮਲਾ ਸੁਣਵਾਈ ਅਧੀਨ ਹੈ।

### 52 ਫੀਸਦੀ ਸ਼ਿਕਾਇਤਾਂ ਪੁਲਿਸ ਖਿਲਾਫ

**ਚੰਡੀਗੜ੍ਹ:** ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਹੁਣ ਤੱਕ ਕੁੱਲ 2.27 ਲੱਖ ਸ਼ਿਕਾਇਤਾਂ ਮਿਲੀਆਂ ਹਨ। ਇਨ੍ਹਾਂ ਵਿਚੋਂ 52 ਫੀਸਦੀ ਕੇਸ ਪੁਲਿਸ ਜ਼ਿਆਦਤੀ ਦੇ ਹਨ। ਪੁਲਿਸ ਖਿਲਾਫ ਜਿੰਨੇ ਵੀ ਕੇਸ ਕਮਿਸ਼ਨ ਕੋਲ ਆਏ ਉਨ੍ਹਾਂ ਵਿਚ ਇਹੀ ਸ਼ਿਕਾਇਤ ਹੁੰਦੀ ਹੈ ਪੁਲਿਸ ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਪੱਖ ਲੈ ਰਹੀ ਹੈ। ਕਮਿਸ਼ਨ ਦੇ ਮੈਂਬਰ ਬਲਜਿੰਦਰ ਸਿੰਘ ਠਾਕੁਰ ਦਾ ਕਹਿਣਾ ਹੈ ਕਿ 2.27 ਲੱਖ ਸ਼ਿਕਾਇਤਾਂ ਵਿਚੋਂ 2.19 ਲੱਖ ਦਾ ਨਿਬੇੜਾ ਕਰ ਦਿੱਤਾ ਗਿਆ ਹੈ ਤੇ ਅੱਠ ਹਜ਼ਾਰ ਸ਼ਿਕਾਇਤਾਂ ਅਜੇ ਪੈਂਡਿੰਗ ਹਨ। ਉਨ੍ਹਾਂ ਦੱਸਿਆ ਕਿ ਕਮਿਸ਼ਨ ਕੋਲ ਰੋਜ਼ਾਨਾ ਤਕਰੀਬਨ 125 ਸ਼ਿਕਾਇਤਾਂ ਪਹੁੰਚਦੀਆਂ ਹਨ।

## ਬਾਦਲ ਦਾ ਫ਼ਖ਼ਰ-ਏ-ਕੌਮ ਐਵਾਰਡ ਵਾਪਸ ਲੈਣ ਦੀ ਮੰਗ ਨੇ ਫੜਿਆ ਜ਼ੋਰ

**ਅੰਮ੍ਰਿਤਸਰ:** ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਸੂਰਤ ਸਿੰਘ ਖਾਲਸਾ ਦੀ ਹਮਾਇਤ ਵਿਚ ਬਣੀ ਸੰਘਰਸ਼ ਕਮੇਟੀ ਦੇ ਕਾਰਕੁੰਨਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਰਾਹੀਂ ਅਪੀਲ ਕੀਤੀ ਹੈ ਕਿ ਉਹ ਇਸ ਸੰਘਰਸ਼ ਦੀ ਅਗਵਾਈ ਕਰਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਪੰਥ ਰਤਨ ਤੇ ਫ਼ਖ਼ਰ-ਏ-ਕੌਮ ਐਵਾਰਡ ਵਾਪਸ ਲਿਆ ਜਾਵੇ। ਦੂਜੇ ਪਾਸੇ ਜਥੇਦਾਰ ਨੇ ਆਖਿਆ ਕਿ ਉਹ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿਚ ਜਲਦੀ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣਗੇ। ਸਿੱਖ ਵਫਦ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਥ ਰਤਨ ਅਤੇ ਫਖ਼ਰੇ ਕੌਮ ਨਾਲ ਸਨਮਾਨਿਆ ਗਿਆ ਹੈ, ਵੱਲੋਂ ਹੀ ਪੰਥ ਦਾ ਵਧੇਰੇ ਨੁਕਸਾਨ ਕੀਤਾ ਗਿਆ ਹੈ। ਉਨ੍ਹਾਂ ਸਿੱਖੀ ਵਿਚ ਆਏ ਨਿਘਾਰ ਲਈ ਵੀ ਸ. ਬਾਦਲ ਨੂੰ ਦੋਸ਼ੀ ਠਹਿਰਾਇਆ।

## ਉਪਹਾਰ ਕਾਂਡ: ਅਾਂਸਲ ਭਰਾਵਾਂ ਨੂੰ ਸੁਪਰੀਮ ਕੋਰਟ ਤੋਂ ਰਾਹਤ

**ਨਵੀਂ ਦਿੱਲੀ:** 1997 ਦੇ ਉਪਹਾਰ ਅਗਨੀ ਕਾਂਡ ਕੇਸ ਵਿਚ ਸਨਅਤਕਾਰ ਭਰਾਵਾਂ ਸੁਸ਼ੀਲ ਤੇ ਗੋਪਾਲ ਆਂਸਲ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲ ਗਈ। ਉਨ੍ਹਾਂ ਨੂੰ ਹੁਣ ਆਪਣੀ ਬਾਕੀ ਸਜ਼ਾ ਜੇਲ੍ਹ ਵਿਚ ਨਹੀਂ ਭੁਗਤਣੀ ਪਏਗੀ ਪਰ ਅਦਾਲਤ ਨੇ ਦੋਹਾਂ ਉਤੇ 30-30 ਕਰੋੜ ਰੁਪਏ ਦਾ ਜੁਰਮਾਨਾ ਠੋਕ ਦਿੱਤਾ ਹੈ ਤੇ ਇਹ ਰਕਮ ਤਿੰਨ ਮਹੀਨਿਆਂ ਵਿਚ ਜਮ੍ਹਾਂ ਕਰਾਉਣੀ ਪਏਗੀ। ਤਿੰਨ ਮੈਂਬਰੀ ਬੈਂਚ ਨੇ 60 ਕਰੋੜ ਰੁਪਏ ਦੀ ਰਕਮ ਦਿੱਲੀ ਸਰਕਾਰ ਕੋਲ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਹਨ ਜੋ ਅੱਗੇ ਭਲਾਈ ਯੋਜਨਾਵਾਂ ਉਤੇ ਇਸ ਪੈਸੇ ਨੂੰ ਖ਼ਰਚੇਗੀ।

ਸੁਸ਼ੀਲ ਆਂਸਲ ਨੇ ਪੰਜ ਮਹੀਨੇ ਤੇ ਗੋਪਾਲ ਨੇ ਚਾਰ ਮਹੀਨੇ ਤੋਂ ਕੁਝ ਵੱਧ ਸਮਾਂ ਸਲਾਖ਼ਾਂ ਪਿੱਛੇ ਬਿਤਾਏ ਹਨ। ਸੁਸ਼ੀਲ ਨੂੰ ਇਕ ਸਾਲ ਤੇ ਗੋਪਾਲ ਨੂੰ ਦੋ ਸਾਲ ਦੀ ਸਜ਼ਾ ਹੋਈ ਸੀ। ਉਪਹਾਰ ਅਗਨੀ ਕਾਂਡ ਦੇ ਪੀੜਤਾਂ ਦੀ ਜਥੇਬੰਦੀ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਪਾ ਕੇ ਉਨ੍ਹਾਂ ਦੀ ਸਜ਼ਾ ਵਧਾਉਣ ਦੀ ਮੰਗ ਕੀਤੀ ਸੀ।

ਜ਼ਿਕਰਯੋਗ ਹੈ ਕਿ 13 ਜੂਨ 1997 ਨੂੰ ਉਪਹਾਰ ਸਿਨਮਾ ਘਰ ਵਿਚ ਅੱਗ ਤੋਂ ਬਾਅਦ ਹਫੜਾ ਦਫੜੀ ਮੱਚ ਗਈ ਸੀ ਤੇ ਬਾਲਕੋਨੀ ਵਿਚ ਲੋਕ ਫਸ ਗਏ ਸਨ ਜਿਨ੍ਹਾਂ ਵਿਚੋਂ 59 ਵਿਅਕਤੀਆਂ ਦੀ ਮੌਤ ਦਮ ਘੁਟਣ ਕਰਕੇ ਹੋ ਗਈ ਸੀ।

## ਆਰ.ਐਸ.ਐਸ. ਆਗੂ ਨੂੰ ਸਿਰੋਪਾ ਦੇਣ 'ਤੇ ਵਿਵਾਦ ਭਖਿਆ

**ਬਠਿੰਡਾ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪਿਛਲੇ ਦਿਨੀਂ ਰਾਧੇ ਮਾਂ ਨੂੰ ਸਿਰੋਪਾ ਦਿੱਤੇ ਜਾਣ ਮਗਰੋਂ ਹੁਣ ਤਖ਼ਤ ਦਮਦਮਾ ਸਾਹਿਬ ਸੁਰਖੀਆਂ ਵਿਚ ਆ ਗਿਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਆਰ.ਐਸ.ਐਸ. ਦੇ ਸੀਨੀਅਰ ਨੇਤਾ ਨੂੰ ਸਿਰੋਪਾ ਦਿੱਤੇ ਜਾਣ ਕਾਰਨ ਨਵਾਂ ਵਿਵਾਦ ਛਿੜ ਗਿਆ ਹੈ। ਇਥੇ ਆਰ.ਐਸ.ਐਸ. ਦੇ ਉੱਤਰੀ ਭਾਰਤ ਦੇ ਸਕੱਤਰ ਵਿਜੇ ਕੁਮਾਰ ਨੂੰ 15 ਅਗਸਤ ਨੂੰ ਸਿਰੋਪਾ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਪਹਿਲਾਂ ਤਾਂ ਮਾਮਲਾ ਅੰਦਰੋਂ ਅੰਦਰੀ ਦਬਾ ਦਿੱਤਾ ਸੀ ਪਰ ਹੁਣ ਜਦੋਂ ਰੌਲਾ ਪੈਣ ਦਾ ਡਰ ਪੈਦਾ ਹੋ ਗਿਆ ਤਾਂ ਕਮੇਟੀ ਨੇ ਸਿਰੋਪਾ ਦੇਣ ਵਾਲੇ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਹੁਣ ਮਾਮਲੇ ਨੂੰ ਠੰਢਾ ਕਰਨ ਵਾਸਤੇ ਤਿੰਨ ਮੁਲਾਜ਼ਮਾਂ ਨੂੰ ਮੌਜੂਦਾ ਡਿਊਟੀ ਤੋਂ ਤਬਦੀਲ ਕਰ ਦਿੱਤਾ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੇ ਆਰ.ਐਸ.ਐਸ. ਨੇਤਾ ਨੂੰ ਸਿਰੋਪਾ ਦਿੱਤੇ ਜਾਣ ਦੇ ਮਾਮਲੇ ਵਿਚ ਕਮੇਟੀ ਦੇ ਦੋ ਮੁਲਾਜ਼ਮਾਂ ਨੂੰ ਧਾਰਮਿਕ ਸਜ਼ਾ ਵੀ ਲਾ ਦਿੱਤੀ ਹੈ। ਜਾਣਕਾਰੀ ਅਨੁਸਾਰ ਆਰ.ਐਸ.ਐਸ. ਦੇ ਉੱਤਰੀ ਭਾਰਤ ਦੇ ਸਕੱਤਰ ਵਿਜੇ ਕੁਮਾਰ 15 ਅਗਸਤ ਨੂੰ ਦਿੱਲੀ ਤੋਂ ਰਾਮਾ ਮੰਡੀ ਜਾ ਰਹੇ ਸਨ ਅਤੇ ਉਹ ਇਸ ਦਿਨ ਤਲਵੰਡੀ ਸਾਬੋ ਵਿਖੇ ਰੁਕ ਕੇ ਤਖ਼ਤ ਸਾਹਿਬ ਉਤੇ ਮੱਥਾ ਟੇਕਣ ਗਏ ਸਨ। ਉਨ੍ਹਾਂ ਨਾਲ ਤਲਵੰਡੀ ਸਾਬੋ ਦੇ ਭਾਜਪਾ ਆਗੂ ਵੀ ਨਾਲ ਸਨ। ਸੂਤਰਾਂ ਅਨੁਸਾਰ ਭਾਜਪਾ ਦੇ ਤਲਵੰਡੀ ਸਾਬੋ ਦੇ ਮੰਡਲ ਪ੍ਰਧਾਨ ਤਰਸੇਮ ਕੁਮਾਰ ਆਪਣੇ ਸਾਥੀਆਂ ਨਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੂੰ ਮਿਲੇ ਸਨ।

ਮੰਡਲ ਪ੍ਰਧਾਨ ਤਰਸੇਮ ਕੁਮਾਰ ਦਾ ਕਹਿਣਾ ਸੀ ਕਿ ਉਹ ਤਾਂ ਜਥੇਦਾਰ ਸਾਹਿਬ ਕੋਲ ਆਪਣਾ ਪੱਖ ਰੱਖਣ ਹੀ ਗਏ ਸਨ ਕਿ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਆਰ.ਐਸ.ਐਸ. ਆਗੂ ਨੂੰ ਤਖ਼ਤ ਤੋਂ ਸਿਰੋਪਾ ਨਹੀਂ ਦਿੱਤਾ ਜਾ ਸਕਦਾ। ਤਖ਼ਤ ਦਮਦਮਾ ਸਾਹਿਬ ਦੇ ਮੈਨੇਜਰ ਦਰਬਾਰਾ ਸਿੰਘ ਦਾ ਕਹਿਣਾ ਸੀ ਕਿ ਕਮੇਟੀ ਮੁਲਾਜ਼ਮਾਂ ਤੋਂ ਗਲਤੀ ਨਾਲ ਆਰ.ਐਸ.ਐਸ. ਨੇਤਾ ਨੂੰ ਸਿਰੋਪਾ ਦੇ ਦਿੱਤਾ ਗਿਆ।

## ਸਿੱਖ ਕਤਲੇਆਮ ਪੀੜਤਾਂ ਨੇ ਸੁਣਾਈ ਹੱਡਬੀਤੀ

**ਜਲੰਧਰ:** ਪਟੌਦੀ ਵਿਖੇ ਦੋ ਨਵੰਬਰ, 1984 ਨੂੰ ਕਤਲ ਕੀਤੇ 17 ਸਿੱਖਾਂ ਦੇ ਮਾਮਲੇ ਦੀ ਹਿਸਾਰ ਵਿਖੇ ਜਸਟਿਸ ਟੀ.ਪੀ. ਗਰਗ ਕਮਿਸ਼ਨ ਦੀ ਅਦਾਲਤ ਵਿਚ ਲਗਾਤਾਰ ਦੋ ਦਿਨ ਸੁਣਵਾਈ ਚੱਲੀ। ਸੁਣਵਾਈ ਵਿਚ ਆਪਣੇ ਪਤੀ ਹਰਮਿੰਦਰ ਸਿੰਘ ਨੂੰ ਗੁਆ ਚੁੱਕੀ ਬੀਬੀ ਕਮਲਦੀਪ ਕੌਰ ਨੇ ਬਿਆਨ ਕਮਿਸ਼ਨ ਸਾਹਮਣੇ ਦਰਜ ਕਰਵਾਏ। ਉਸ ਨੇ ਦੱਸਿਆ ਕਿ ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਪਤੀ ਨੂੰ ਦਾਤੀਆਂ ਨਾਲ ਵੱਢ ਦਿੱਤਾ। ਉਸ ਦਾ ਘਰ-ਬਾਰ ਤੇ ਕਾਰੋਬਾਰ ਵੀ ਉਜਾੜ ਦਿੱਤਾ। ਉਹ ਵਿਧਵਾ ਦੇ ਰੂਪ ਵਿਚ ਪਿਛਲੇ 31 ਸਾਲਾਂ ਤੋਂ ਇਨਸਾਫ ਲਈ ਭਟਕ ਰਹੀ ਹੈ ਪਰ ਕਿਸੇ ਨੇ ਵੀ ਉਸ ਦੀ ਫਰਿਆਦ ਨਹੀਂ ਸੁਣੀ।

ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਉੱਦਮ ਸਦਕਾ ਉਸ ਨੂੰ ਇਨਸਾਫ ਮਿਲਣ ਦੀ ਆਸ ਬੱਝੀ ਹੈ। ਇਸ ਤੋਂ ਬਾਅਦ ਸਤਪਾਲ ਸਿੰਘ ਨੇ ਹੰਝੂ ਕੇਰਦਿਆਂ ਦੱਸਿਆ ਕਿ ਉਸ ਦੀ ਆਪਣੀ ਫੈਕਟਰੀ ਹੁੰਦੀ ਸੀ ਜਿਸ ਨੂੰ ਖ਼ੂਨੀ ਦਰਿੰਦਿਆਂ ਨੇ ਰਾਖ ਕਰ ਦਿੱਤਾ। ਕੰਪਨੀ 'ਹਰਿਆਣਾ ਮੈਟਲ' ਦੇ ਮਾਲਕ ਹਰਭਜਨ ਸਿੰਘ ਨੇ ਦੱਸਿਆ ਕਿ ਉਸ ਦੀ ਨਵੰਬਰ 1984 ਤੋਂ ਪਹਿਲਾਂ ਟਰਾਲੀਆਂ ਬਣਾਉਣ ਦੀ ਫੈਕਟਰੀ ਸੀ ਜੋ ਇਸ ਕਤਲੇਆਮ ਦੀ ਭੇਟ ਚੜ੍ਹ ਗਈ।

ਥਰੈਸ਼ਰ ਬਣਾਉਣ ਵਾਲੀ ਫੈਕਟਰੀ 'ਹੈਰੋ ਕਲਟੀਵੇਟਰ' ਦੀ ਮਾਲਕਣ ਨਛੱਤਰ ਕੌਰ ਨੇ ਜੱਜ ਨੂੰ ਦੱਸਿਆ ਕਿ ਦੋ ਨਵੰਬਰ 1984 ਨੂੰ ਉਨ੍ਹਾਂ ਦਾ ਸਭ ਕੁਝ ਤਬਾਹ ਹੋ ਗਿਆ। ਅਦਾਲਤ ਨੇ ਅਗਲੀ ਪੇਸ਼ੀ 18 ਸਤੰਬਰ ਉਤੇ ਪਾ ਦਿੱਤੀ। ਪੀੜਤਾਂ ਨੂੰ ਉਚੇਚੇ ਤੌਰ ਉਤੇ ਨਾਲ ਲੈ ਕੇ ਪਹੁੰਚੇ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਪੀੜਤਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।

## 350 ਸਾਲ ਬਾਅਦ ਬਣਿਆ ਇਕ ਹੋਰ ਤਾਜ ਮਹਿਲ

**ਆਗਰਾ:** ਬਾਦਸ਼ਾਹ ਸ਼ਾਹਜਹਾਂ ਨੇ ਆਪਣੀ ਬੇਗਮ ਮੁਮਤਾਜ ਦੀ ਯਾਦ ਵਿਚ ਤਾਜ ਮਹਿਲ ਬਣਾ ਮੁਹੱਬਤ ਦੀ ਮਿਸਾਲ ਪੇਸ਼ ਕੀਤੀ ਸੀ। ਉਸ ਤੋਂ ਤਕਰੀਬਨ 350 ਸਾਲ ਬਾਅਦ ਇਕ ਹੋਰ ਸ਼ਖਸ ਨੇ ਆਪਣੀ ਮੁਹੱਬਤ ਲਈ ਸਭ ਕੁਝ ਲੁਟਾ ਕੁਝ ਅਜਿਹਾ ਹੀ ਸੁਫਨਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਦੇ ਫੈਜ਼ੁਲ ਹਸਨ ਕਾਦਰੀ ਨੇ ਆਪਣੀ ਪਤਨੀ ਦੀ ਯਾਦ ਵਿਚ ਛੋਟਾ ਤਾਜ ਮਹਿਲ ਬਣਾਇਆ ਹੈ ਜੋ ਸੋਸ਼ਲ ਮੀਡੀਆ ਜ਼ਰੀਏ ਪੂਰੀ ਦੁਨੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

80 ਸਾਲ ਦੇ ਕਾਦਰੀ ਨੇ ਆਪਣੀ ਮਰਹੂਮ ਪਤਨੀ ਦੀ ਯਾਦ ਵਿਚ ਆਗਰਾ ਤੋਂ 130 ਕਿਲੋਮੀਟਰ ਦੂਰ ਬੁਲੰਦ ਸ਼ਹਿਰ ਦੇ ਕਸੇਰ ਕਲਾਂ ਪਿੰਡ ਵਿਚ ਤਾਜ ਮਹਿਲ ਬਣਾਇਆ ਹੈ। ਕਾਦਰੀ ਦੀ ਮੁਹੱਬਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਆਪਣੀ



ਬੇਗਮ ਦੀ ਯਾਦ ਵਿਚ ਤਾਜ ਮਹਿਲ ਬਣਾਉਣ ਲਈ ਸਾਰੀ ਜਮ੍ਹਾਂ ਪੂੰਜੀ ਲਗਾ ਦਿੱਤੀ। ਕਾਦਰੀ ਨੇ ਤਾਜ ਮਹਿਲ ਦੀ ਉਸਾਰੀ ਤਾਂ ਕਰਵਾ ਲਈ, ਪਰ ਸੰਗਮਰਮਰ ਦਾ ਕੰਮ ਹੋਣ ਤੋਂ ਪਹਿਲਾਂ ਹੀ ਉਸ ਦੀ ਸਾਰੀ ਕਮਾਈ ਖ਼ਤਮ ਹੋ ਗਈ। ਕਾਦਰੀ ਨੇ ਇਹ ਯਾਦ ਬਣਾਉਣ ਲਈ 23 ਲੱਖ ਰੁਪਏ ਖ਼ਰਚ ਕਰ ਦਿੱਤੇ। ਕਾਦਰੀ ਉੱਤਰ ਪ੍ਰਦੇਸ਼ ਦੇ ਇਕ ਰਿਟਾਇਰਡ ਪੋਸਟ ਮੈਨ ਹਨ। ਉਸ ਨੇ ਤਾਜ ਮਹਿਲ ਬਣਾਉਣ ਦੀ ਸ਼ੁਰੂਆਤ ਸਾਲ 2012 ਵਿਚ ਆਪਣੇ ਘਰ ਨੇੜੇ ਖੇਤ ਵਿਚ ਕੀਤੀ ਸੀ।

## ਮਿਥੇ ਟੀਚੇ ਤੋਂ ਪੱਛੜੀ ਜੰਗੀ ਯਾਦਗਾਰ ਦੀ ਉਸਾਰੀ

**ਅੰਮ੍ਰਿਤਸਰ:** ਜੰਗੀ ਸ਼ਹੀਦਾਂ ਦੀ ਯਾਦ ਵਿਚ ਉਸਾਰੀ ਜਾ ਰਹੀ ਪੰਜਾਬ ਰਾਜ ਜੰਗੀ ਨਾਇਕ ਯਾਦਗਾਰ ਤੇ ਅਜਾਇਬ ਘਰ ਦੀ ਉਸਾਰੀ ਮੁਕੰਮਲ ਕਰਨ ਦਾ ਕੰਮ ਮਿਥੇ ਟੀਚੇ ਨਾਲੋਂ ਫਿਲਹਾਲ ਪੱਛੜ ਗਿਆ ਹੈ। ਸਰਕਾਰ ਨੂੰ ਆਸ ਸੀ ਕਿ ਯਾਦਗਾਰ ਦੀ ਉਸਾਰੀ 15 ਅਗਸਤ ਤੱਕ ਮੁਕੰਮਲ ਹੋ ਜਾਵੇਗੀ ਪਰ ਅਜਿਹਾ ਨਹੀਂ ਹੋ ਸਕਿਆ। ਯਾਦਗਾਰ ਦਾ ਨੀਂਹ ਪੱਥਰ ਪਿਛਲੇ ਵਰ੍ਹੇ ਫਰਵਰੀ ਮਹੀਨੇ ਵਿਚ ਰੱਖਿਆ ਗਿਆ ਸੀ। ਮੁੱਖ ਮੰਤਰੀ ਵੱਲੋਂ ਇਸ ਯੋਜਨਾ ਦੀ ਨਿਗਰਾਨੀ ਖ਼ੁਦ ਕੀਤੀ ਜਾ ਰਹੀ ਹੈ ਤੇ ਉਹ ਇਸ ਯੋਜਨਾ ਨੂੰ ਛੇਤੀ ਮੁਕੰਮਲ ਕਰਨ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਦੀ ਜਦੋਂ ਵੀ ਸ਼ਹਿਰ ਵਿਚ ਆਮਦ ਹੁੰਦੀ ਹੈ ਤਾਂ ਉਹ ਵਿਸ਼ੇਸ਼ ਤੌਰ ਉਤੇ ਇਸ ਯਾਦਗਾਰ ਦੇ ਕੰਮ ਦਾ ਨਿਰੀਖਣ ਕਰਨ ਆਉਂਦੇ ਹਨ। ਇਹ ਯਾਦਗਾਰ ਸੱਤ ਏਕੜ ਰਕਬੇ ਵਿਚ ਅੰਮ੍ਰਿਤਸਰ-ਅਟਾਰੀ ਰੋਡ ਸਥਿਤ ਇੰਡੀਆ ਗੇਟ ਨੇੜੇ ਉਸਾਰੀ ਜਾ ਰਹੀ ਹੈ, ਜਿਸ ਉਤੇ 86 ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਯਾਦਗਾਰ ਵਿਚ 45 ਫੁੱਟ ਉੱਚੀ ਸਟੀਲ ਦੀ ਤਲਵਾਰ ਮੈਮੋਰੀਅਲ ਵਜੋਂ ਬਣਾਈ ਜਾਵੇਗੀ, ਜੋ ਕਿ ਦੇਸ਼ ਦੀ ਰੱਖਿਆ ਕਰਨ ਵਾਲੇ ਜੰਗੀ ਸ਼ਹੀਦਾਂ ਦੇ ਸਾਹਸ ਦਾ ਪ੍ਰਤੀਕ ਹੈ। ਯਾਦਗਾਰ ਦੇ ਆਲੇ-ਦੁਆਲੇ ਪਾਣੀ ਦਾ ਛੋਟਾ ਤਲਾਬ ਜਿਹਾ



ਹੋਵੇਗਾ ਜਿਸ ਦੇ ਵਿਚਾਲੇ ਇਹ ਯਾਦਗਾਰ ਹੋਵੇਗੀ। ਯਾਦਗਾਰ ਉਤੇ ਜੰਗ ਦੇ ਨਾਇਕਾਂ ਦੇ ਨਾਂ ਉਕਰੇ ਹੋਣਗੇ ਤੇ ਆਲੇ-ਦੁਆਲੇ ਜੰਗੀ ਟੈਂਕ ਤੇ ਲੜਾਕੂ ਜਹਾਜ਼ ਵੀ ਰੱਖਿਆ ਜਾਵੇਗਾ। ਇਥੇ ਅਜਾਇਬ ਘਰ ਵਿਚ ਅੱਠ ਗੈਲਰੀਆਂ ਹੋਣਗੀਆਂ ਜਿਨ੍ਹਾਂ ਵਿਚ ਵੱਖ-ਵੱਖ ਯਾਦਾਂ ਤੇ ਵਸਤਾਂ ਨੂੰ ਦਰਸਾਇਆ ਜਾਵੇਗਾ।

ਇਨ੍ਹਾਂ ਵਿਚ ਗੁਰੂ ਕਾਲ ਤੋਂ ਲੈ ਕੇ ਪੰਜਾਬੀਆਂ ਦੇ ਹੁਣ ਤੱਕ ਦੇ ਸਾਹਸ ਦੀ ਕਹਾਣੀ ਵੀ ਸ਼ਾਮਲ ਹੋਵੇਗੀ। ਕੈਂਪਸ ਵਿਚ 5ਡੀ ਆਡੀਟੋਰੀਅਮ, ਡਿਜੀਟਲ ਪੈਨਲ, ਐਲਸੀਡੀ ਸਕਰੀਨਾਂ ਤੇ ਪ੍ਰੋਜੈਕਟਰ ਆਦਿ ਲੱਗੇ ਹੋਣਗੇ, ਜਿਨ੍ਹਾਂ ਰਾਹੀਂ ਜੰਗ ਦੇ ਦ੍ਰਿਸ਼ ਵੀ ਲੋਕਾਂ ਨੂੰ ਦਿਖਾਏ ਜਾਣਗੇ। ਇਥੇ ਕੀਤੀ ਜਾਣ ਵਾਲੀ ਲੈਂਡ ਸਕੇਪਿੰਗ ਵੀ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੀਆਂ ਜੰਗਾਂ ਨੂੰ ਦਰਸਾਏਗੀ। ਇਥੇ ਲੇਜ਼ਰ ਸ਼ੋਅ ਦਾ ਪ੍ਰਬੰਧ ਵੀ ਹੋਵੇਗਾ। ਇਮਾਰਤ ਦਾ ਬਾਹਰੀ ਹਿੱਸਾ ਛੋਟੀ ਨਾਨਕਸ਼ਾਹੀ ਇੱਟ ਦਾ ਹੋਵੇਗਾ ਤੇ ਇਮਾਰਤ ਵਾਤਾਵਰਣ ਅਨੁਕੂਲ ਹੋਵੇਗੀ, ਜਿਸ ਵਿਚ ਪ੍ਰਸ਼ਾਸਕੀ ਬਲਾਕ, ਮਹਿਮਾਨ ਘਰ, ਸੋਵੀਨਾਰ ਦੁਕਾਨ ਤੇ ਹੋਰ ਸਹੂਲਤਾਂ ਉਪਲਬਧ ਹੋਣਗੀਆਂ।

# ਸੰਤ ਅਤੇ ਸਮਝੌਤੇ ਦੇ ਬਹਾਨੇ ਲੋਕਾਂ ਦੇ ਜਜ਼ਬਾਤ ਨਾਲ ਖਿਲਵਾੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਲੰਘੀ ਵੀਹ ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਈ ਗਈ ਸੀ। ਉਥੇ ਆਏ ਲੀਡਰਾਂ ਨੇ ਜੋ ਤਕਰੀਰਾਂ ਕੀਤੀਆਂ, ਉਨ੍ਹਾਂ ਵਿਚ ਇਹ ਸੁਰ ਭਾਰੂ ਸੀ ਕਿ ਸੰਤ ਦੇ ਨਾਲ ਸਮਝੌਤਾ ਕਰਨ ਵੇਲੇ ਉਦੋਂ ਦੀ ਕਾਂਗਰਸ ਲੀਡਰਸ਼ਿਪ ਨੇ ਉਸ ਨਾਲ ਧੋਖਾ ਕੀਤਾ ਸੀ। ਤਾੜੀਆਂ ਵਜਾਉਣ ਵਾਸਤੇ ਅੱਜ-ਕੱਲ੍ਹ ਨਰਿੰਦਰ ਮੋਦੀ ਵਾਲਾ ਫਾਰਮੂਲਾ ਸਭ ਤੋਂ ਫਿੱਟ ਹੈ। ਮਰਜ਼ੀ ਦੇ ਬੰਦੇ ਅੱਗੇ ਬਿਠਾਏ ਜਾਂਦੇ ਹਨ। ਉਨ੍ਹਾਂ ਦੀ ਸਿਰਫ ਇੱਕੋ ਜ਼ਿਮੇਵਾਰੀ ਹੁੰਦੀ ਹੈ ਕਿ ਹਰ ਗੱਲ ਉਤੇ ਤਾੜੀ ਮਾਰੀ ਜਾਣ। ਅਕਾਲੀ ਆਗੂਆਂ ਦੀ ਸਟੇਜ ਅੱਗੇ ਬੈਠੇ ਲੋਕਾਂ ਕੋਲ ਤਾੜੀਆਂ ਮਾਰਨ ਦੀ ਥਾਂ ਜੈਕਾਰੇ ਛੱਡਣ ਦਾ ਕੰਮ ਹੁੰਦਾ ਹੈ। ਉਹ ਕਈ ਵਾਰੀ ਉਦੋਂ ਵੀ ਜੈਕਾਰਾ ਲਾ ਦਿੰਦੇ ਹਨ, ਜਦੋਂ ਕੋਈ ਮੱਤਭੇਦਾਂ ਦੀ ਚਰਚਾ ਕਰ ਕੇ ਸ਼ਰਮ ਵਾਲੀ ਗੱਲ ਹੋ ਰਹੀ ਹੋਵੇ। ਇਸ ਗੱਲ ਨੂੰ ਕੋਈ ਨਹੀਂ ਗੌਲਦਾ। ਲੌਂਗੋਵਾਲ ਦੀ ਇਸ ਵਾਰ ਦੀ ਕਾਨਫਰੰਸ ਵਿਚ ਵੀ ਇਹੋ ਕੁਝ ਹੁੰਦਾ ਰਿਹਾ। ਹਰ ਵਾਰੀ ਇਹੋ ਹੁੰਦਾ ਹੋਣ ਕਰ ਕੇ ਕੋਈ ਫਰਕ ਨਹੀਂ ਪੈਂਦਾ।

ਫਰਕ ਇਸ ਗੱਲ ਤੋਂ ਪੈਂਦਾ ਹੈ ਕਿ ਇਸ ਮੌਕੇ ਹਕੀਕਤਾਂ ਨੂੰ ਸਿਆਸੀ ਝੂਠ ਦੀ ਕਾਵਾਂ-ਰੌਲੀ ਹੇਠ ਦੱਬ ਦਿੱਤਾ ਜਾਂਦਾ ਹੈ। ਸੰਤ ਲੌਂਗੋਵਾਲ ਨੂੰ ਰਾਜਨੀਤੀ ਵਿਚ ਜਿਨ੍ਹਾਂ ਨੇ ਲਿਆਂਦਾ ਸੀ, ਸਾਲਾਂ-ਬੱਧੀ ਸੱਚਾ-ਸੁੱਚਾ ਆਖਿਆ ਅਤੇ ਆਪ ਵਡਿਆਇਆ ਸੀ, ਉਸ ਦੇ ਅੰਤਲੇ ਦਿਨਾਂ ਵਿਚ ਉਹੋ ਲੋਕ ਉਸ ਨੂੰ ਗੱਦਾਰ ਕਹਿੰਦੇ ਰਹੇ ਸਨ। ਅੱਜ ਵਾਲੇ ਅਕਾਲੀਆਂ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਸ਼ਹੀਦ ਹੈ ਤੇ ਜਿਸ ਨੇ ਸੰਤ ਦਾ ਕਤਲ ਕੀਤਾ ਤੇ ਫਿਰ ਪੁਲਿਸ ਮੁਕਾਬਲੇ ਦਾ ਸ਼ਿਕਾਰ ਹੋ ਗਿਆ, ਉਹ ਵੀ ਸ਼ਹੀਦ ਹੈ। ਸਮਝੌਤੇ ਨੂੰ ਧੋਖਾ ਕਿਹਾ ਜਾ ਰਿਹਾ ਹੈ ਤੇ ਇਹ ਗੱਲ ਉਹ ਆਗੂ ਕਹਿੰਦੇ ਹਨ, ਜਿਨ੍ਹਾਂ ਨੇ ਸੰਤ ਦੇ ਸ਼ਰਧਾਂਜਲੀ ਸਮਾਗਮ ਮੌਕੇ ਇਹ ਲਿਖ ਕੇ ਦਿੱਤਾ ਸੀ ਕਿ ਅਸੀਂ ਸਮਝੌਤੇ ਦੀ ਹਮਾਇਤ ਕਰਦੇ ਹਾਂ। ਉਦੋਂ ਅਕਾਲੀ ਦਲ ਦੀ ਟਿਕਟ ਉਤੇ ਚੋਣ ਲੜਨ ਵਾਸਤੇ ਇਹ ਸ਼ਰਤ ਹੁਣ ਵਾਲੇ ਸਾਰੇ ਵੱਡੇ ਅਕਾਲੀ ਲੀਡਰਾਂ ਨੇ ਮੰਨ ਲਈ ਸੀ। ਬਾਅਦ ਵਿਚ ਉਹ ਰਾਜੀਵ-ਲੌਂਗੋਵਾਲ ਸਮਝੌਤੇ ਦੇ ਵਿਰੋਧੀ ਹੋ ਗਏ।

ਸੰਤ ਜਾਂ ਸਮਝੌਤਾ ਗਲਤ ਨਹੀਂ ਸੀ। ਅਸਲ ਵਿਚ ਬੰਦੂਕਾਂ ਵਾਲੀ ਧਿਰ ਤੋਂ ਓਹਲਾ ਰੱਖ ਕੇ ਸਮਝੌਤਾ ਕੀਤੇ ਜਾਣ ਨਾਲ ਕੁਝ ਲੋਕਾਂ ਨੂੰ ਜਾਨ ਦਾ ਖਤਰਾ ਜਾਪਦਾ ਸੀ ਤੇ ਦਿਲੋਂ ਸਹਿਮਤ ਹੁੰਦੇ ਹੋਏ ਵੀ ਇਸ ਦਾ ਵਿਰੋਧ ਉਹ ਇਸ ਲਈ ਕਰ ਰਹੇ ਸਨ ਕਿ ਮਰਨਾ ਪਵੇ ਤਾਂ ਕੋਈ ਦੂਸਰਾ ਮਰ ਜਾਵੇ, ਸਾਡੀ ਜਾਨ ਬਚੀ ਰਹੇ। ਸਮਝੌਤਾ ਕਰਨ ਵੇਲੇ ਵੱਡੇ ਅਕਾਲੀ ਆਗੂ ਉਦੋਂ ਵੀ ਏਦਾਂ ਹੀ ਆਪੋ ਵਿਚ ਪਾਟੇ ਹੋਏ ਸਨ, ਜਿਵੇਂ ਅੱਜ ਹਨ।

ਇਸ ਵਾਰ ਜਦੋਂ ਸੰਤ ਲੌਂਗੋਵਾਲ ਦੀ ਬਰਸੀ ਮਨਾਉਣੀ ਸੀ, ਅਕਾਲੀ ਦਲ ਦੇ ਤਿੰਨ ਲੀਡਰਾਂ ਤੋਂ ਉਸ ਸਮਝੌਤੇ ਬਾਰੇ ਸਵਾਲ ਪੁੱਛਿਆ ਗਿਆ ਤਾਂ ਤਿੰਨਾਂ ਦੀ ਬੋਲੀ ਵੱਖੋ-ਵੱਖ ਸੀ। ਸੁਖਦੇਵ ਸਿੰਘ ਢੀਂਡਸਾ ਉਦੋਂ ਤੋਂ ਬਾਦਲ ਧੜੇ ਵਿਚ ਹੋਣ ਕਰ ਕੇ ਇਸ ਸਮਝੌਤੇ ਨੂੰ ਧੋਖਾ ਕਹਿੰਦਾ ਰਿਹਾ। ਬਲਵੰਤ ਸਿੰਘ ਰਾਮੂਵਾਲੀਆ ਉਦੋਂ ਸਮਝੌਤਾ ਕਰਨ ਵਾਲਿਆਂ ਨਾਲ ਹੋਣ ਕਾਰਨ ਸਮਝੌਤੇ ਨੂੰ ਠੀਕ ਆਖਦਾ ਰਿਹਾ। ਤੀਸਰਾ ਆਗੂ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਇਸ ਦੇ ਨਾਲ ਵੀ ਨਹੀਂ ਖੜਾ ਤੇ ਇਸ ਦਾ ਵਿਰੋਧ ਵੀ ਨਹੀਂ ਕਰਦਾ, ਹਮੇਸ਼ਾ ਵਾਂਗ ਵਿਚ-ਵਿਚਾਲੇ ਦੀ ਗੱਲ ਕਰਦਾ ਰਿਹਾ। ਅਕਾਲੀ ਦਲ ਦੇ ਸਰਪ੍ਰਸਤ ਵੱਡੇ ਬਾਦਲ ਨੂੰ ਏਦਾਂ ਦੇ ਮੌਕੇ ਗੱਲ ਟਾਲਣ ਦੀ ਉਂਜ ਹੀ ਬੜੀ ਜਾਚ ਹੈ।

ਸਮਝੌਤੇ ਦਾ ਪਿਛੋਕੜ ਫੋਲਣ ਦੀ ਲੋੜ ਨਹੀਂ, ਸਗੋਂ ਇਹ ਵੇਖਣ ਦੀ ਲੋੜ ਹੈ ਕਿ ਇਸ ਤੋਂ ਬਾਅਦ ਦਾ ਘਟਨਾਕ੍ਰਮ ਕੀ ਹੈ? ਕਾਂਗਰਸ ਪਾਰਟੀ ਵਿਚ ਇਸ ਦਾ ਵੱਡਾ ਵਿਰੋਧੀ ਹਰਿਆਣੇ ਦਾ ਕਾਂਗਰਸੀ ਮੁੱਖ ਮੰਤਰੀ ਚੌਧਰੀ ਭਜਨ ਲਾਲ ਹੁੰਦਾ ਸੀ ਤੇ ਉਸ ਨੂੰ ਰਾਜੀਵ ਗਾਂਧੀ ਦੀ ਘੂਰੀ ਨੇ ਨਾ ਸਿਰਫ ਚੁੱਪ ਕਰਵਾ ਦਿੱਤਾ ਸੀ, ਸਗੋਂ ਦਿਲੋਂ ਵਿਰੋਧ ਕਰਦੇ ਹੋਏ ਵੀ ਉਸ ਸ਼ਾਮ ਨੂੰ ਉਹ ਲੱਡੂ ਵੰਡਦਾ ਫਿਰਦਾ ਸੀ। ਵਿਰੋਧੀ ਸੁਰਾਂ ਓਸੇ ਸ਼ਾਮ ਦੋਂਹ ਪਾਸਿਆਂ ਤੋਂ ਕਰਾਰ ਤਾਂ ਨਾ ਦਿੰਦੇ। ਹੁਣ ਜਦੋਂ ਓਸੇ ਸੰਤ ਲੌਂਗੋਵਾਲ ਦੀ ਬਰਸੀ ਮਨਾਈ ਜਾਂਦੀ ਹੈ ਤੇ ਉਥੇ ਅਕਾਲੀ ਲੀਡਰ ਹਰ ਵਾਰ ਇਹ ਤਵਾ ਲਾਉਂਦੇ ਹਨ ਕਿ ਸੰਤ ਜੀ ਨਾਲ ਧੋਖਾ ਕੀਤਾ ਗਿਆ ਸੀ ਤਾਂ ਇਹ ਤਕਰੀਰਾਂ ਵੀ ਇੱਕ ਤਰ੍ਹਾਂ ਨਾਲ ਧੋਖਾ ਹੀ ਨਜ਼ਰ ਆਉਣ ਲੱਗ ਪੈਂਦੀਆਂ ਹਨ।

ਉਂਜ ਵੇਖਿਆ ਜਾਵੇ ਤਾਂ ਸੰਤ ਲੌਂਗੋਵਾਲ ਨਾਲ ਸਭ ਤੋਂ ਵੱਡਾ ਧੋਖਾ ਹਰ ਸਾਲ ਉਸ ਦੀ ਬਰਸੀ ਮੌਕੇ ਹੁੰਦਾ ਹੈ। ਪਿਛਲੇ ਤੀਹ ਸਾਲਾਂ ਦੇ ਇਸ ਮੌਕੇ ਕੀਤੇ ਗਏ ਸਮਾਗਮਾਂ ਦੀਆਂ ਅਖਬਾਰੀ ਰਿਪੋਰਟਾਂ ਜੇ ਕੋਈ ਵਿਦਿਆਰਥੀ ਫੋਲਣ ਲੱਗ ਪਵੇ ਤਾਂ ਉਸ ਦੇ ਲਈ ਪੀ ਐਚ ਡੀ ਦਾ ਵਧੀਆ ਵਿਸ਼ਾ ਹੋ ਸਕਦਾ ਹੈ। ਸਮਾਗਮ ਵਿਚ ਹਰ ਸਾਲ ਆਏ ਚਿਹਰੇ ਵੀ ਬਦਲ ਜਾਂਦੇ ਹਨ ਤੇ ਭਾਸ਼ਣਾਂ ਦੀ ਸੁਰ ਵੀ ਬਦਲ ਜਾਂਦੀ ਹੈ। ਕਦੇ ਇਸ ਸਮਾਗਮ ਵਿਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤੇ ਅਟਲ ਬਿਹਾਰੀ ਵਾਜਪਾਈ ਜਾਂ ਲਾਲ ਕ੍ਰਿਸ਼ਨ ਅਡਵਾਨੀ ਅਤੇ ਕਾਂਗਰਸ ਪਾਰਟੀ ਦੇ ਵੱਡੇ ਲੀਡਰ ਉਚੇਚ ਨਾਲ ਆਉਂਦੇ ਸਨ। ਫਿਰ ਸੁਰਜੀਤ ਸਾਹਿਬ ਤੇ ਕਾਂਗਰਸੀ ਲੀਡਰਾਂ ਨੂੰ ਸੱਦਣਾ ਬੰਦ ਕਰ ਕੇ ਸਿਆਸੀ ਲੋੜ ਮੁਤਾਬਕ ਉਹ ਲੀਡਰ ਸੱਦਣੇ ਸ਼ੁਰੂ ਕਰ ਦਿੱਤੇ ਗਏ, ਜਿਨ੍ਹਾਂ ਨੂੰ ਪੰਜਾਬ ਬਾਰੇ ਜਾਣਕਾਰੀ ਹੀ ਕੋਈ ਨਹੀਂ ਸੀ। ਅਕਾਲੀ ਦਲ ਦੀ ਧੜੇਬੰਦੀ ਦੀ ਧੂੜ ਵੀ ਹਰ ਵਾਰੀ ਉਡਦੀ ਰਹੀ ਤੇ ਜਿਹੜੀ ਧਿਰ ਭਾਰੂ ਹੋ ਜਾਂਦੀ, ਦੂਸਰਿਆਂ ਨੂੰ ਬਾਹਰ ਧੱਕ ਕੇ ਆਪ ਅਖਾੜਾ ਮੱਲ ਲੈਂਦੀ। ਇੱਕ ਵਾਰੀ ਸਮਾਜਵਾਦੀ ਪਾਰਟੀ ਦੀ ਪਾਰਲੀਮੈਂਟ ਮੈਂਬਰ ਤੇ ਸਾਲਾਂ-ਬੱਧੀ ਚੰਬਲ ਘਾਟੀ ਵਿਚ ਡਾਕੂ ਵਜੋਂ ਦਹਿਸ਼ਤ ਦੀ ਪ੍ਰਤੀਕ ਬਣੀ ਰਹੀ ਫੂਲਾਂ ਦੇਵੀ ਸੱਦ ਲਈ। ਸਟੇਜ ਤੋਂ ਉਸ ਨੂੰ ਸਿਰੋਪਾ ਦੇਣ ਲਈ ਅਕਾਲੀ ਦਲ ਦੀਆਂ ਦੋ ਬੀਬੀਆਂ ਲੜ ਪਈਆਂ। ਦੋਵੇਂ ਇੱਕੋ ਅਕਾਲੀ ਦਲ ਵਿਚੋਂ ਸਨ, ਪਰ ਇਸਤਰੀ ਦਲ ਵੱਖੋ-ਵੱਖਰੇ ਸਨ। ਐਲਾਨ ਹੁੰਦੇ ਸਾਰ ਦੋਵੇਂ ਇੱਕੋ ਵੇਲੇ ਸਿਰੋਪਾ ਫੜ ਕੇ ਅੱਗੇ ਹੋ ਗਈਆਂ। ਫਿਰ ਹੱਥੋ-ਪਾਈ ਹੋਣ ਲੱਗੀ ਅਤੇ ਅਕਾਲੀ ਆਗੂ ਸਟੇਜ ਉਤੇ ਨੀਵੀਆਂ ਪਾ ਕੇ ਬੈਠੇ ਰਹੇ। ਜਿਹੜੀ ਫੂਲਾਂ ਦੇਵੀ ਦਾ ਨਾਂ ਸੁਣ ਕੇ ਕਈ ਰਾਜਾਂ ਦੀ ਪੁਲਿਸ ਵਾਲੇ ਕੰਬ ਜਾਇਆ ਕਰਦੇ ਸਨ, ਉਹ ਸਟੇਜ ਉਤੇ ਕ੍ਰਿਪਾਨ ਧਾਰੀ ਦੋ ਅਕਾਲੀ ਬੀਬੀਆਂ ਦੇ ਵਿਚਾਲੇ ਖੜੀ ਇਸ ਗੱਲੋਂ ਕੰਬੀ ਜਾਵੇ ਕਿ ਖਿੱਚ-ਧੂਹ ਕਰਦੀਆਂ ਇਹ ਬੀਬੀਆਂ ਸਿਰੋਪਾ ਮੇਰੇ ਗਲ ਪਾਉਣ ਲੱਗੀਆਂ ਦੋ ਪਾਸੇ ਖਿੱਚ ਕੇ ਮੈਨੂੰ ਫਾਹਾ ਨਾ ਦੇ ਦਿੰਦੀਆਂ ਹੋਣ। ਕੀ ਇਹ ਸਿਆਸੀ ਡਰਾਮੇ ਵੀ ਸੰਤ ਲੌਂਗੋਵਾਲ ਨਾਲ ਧੋਖਾ ਨਹੀਂ ਸਨ?



(ਖੱਬਿਓਂ) ਸੰਤ ਲੌਂਗੋਵਾਲ, ਸ. ਬਰਨਾਲਾ ਰਾਜੀਵ ਗਾਂਧੀ (ਐਨ ਸੱਜੇ) ਨਾਲ

ਸਮਝੌਤਾ ਗਲਤ ਲੱਗਦਾ ਸੀ ਤਾਂ ਇਸ ਤੋਂ ਵੱਖ ਹੋ ਜਾਂਦੇ, ਪਰ ਇਸ ਗੱਲ ਲਈ ਆਪਣੇ ਪੁਰਾਣੇ ਸਾਥੀ ਲੀਡਰ ਨੂੰ 'ਗੱਦਾਰੀ ਕਰ ਆਇਆ' ਪੂਰੇ ਤਾਲਮੇਲ ਦਾ ਪ੍ਰਭਾਵ ਦਿੰਦੀਆਂ ਨਿਕਲੀਆਂ ਸਨ। ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਸਮਝੌਤੇ ਦਾ ਵਿਰੋਧ ਕੀਤਾ ਤੇ ਹਰਿਆਣੇ ਵਿਚੋਂ ਪ੍ਰਕਾਸ਼ ਸਿੰਘ ਬਾਦਲ ਦੇ ਵੱਡੇ ਭਰਾ ਮੰਨੇ ਜਾਂਦੇ ਰਹੇ ਤਾਊ ਦੇਵੀ ਲਾਲ ਨੇ ਇਸ ਦਾ ਵਿਰੋਧ ਕਰ ਦਿੱਤਾ ਸੀ। ਦੋਵਾਂ ਨੇ ਇਸ ਸਮਝੌਤੇ ਨੂੰ ਆਪੋ ਆਪਣੇ ਰਾਜ ਦਾ ਨੁਕਸਾਨ ਕਰਨ ਵਾਲਾ ਆਖ ਕੇ ਗੱਦਾਰੀ ਦਾ ਫਤਵਾ ਦੇ ਦਿੱਤਾ। ਜਿਹੜਾ ਗੱਦਾਰੀ ਦਾ ਫਤਵਾ ਇਨ੍ਹਾਂ ਲੀਡਰਾਂ ਨੇ ਦਿੱਤਾ, ਅਗਲੇ ਦਿਨੀਂ ਉਹੋ ਫਤਵਾ ਸੰਤ ਲੌਂਗੋਵਾਲ ਦੇ ਕਤਲ ਦਾ ਇੱਕ ਕਾਰਨ ਬਣ ਗਿਆ ਤੇ ਗੱਦਾਰੀ ਕਹਿਣ ਵਾਲੇ ਲੀਡਰ ਓਸੇ ਸੰਤ ਦੇ ਸ਼ਰਧਾਂਜਲੀ ਸਮਾਗਮ ਪਿੱਛੋਂ ਹੋਈ ਅਕਾਲੀ ਦਲ ਦੀ ਮੀਟਿੰਗ ਵਿਚ ਸਮਝੌਤੇ ਦੀ ਹਮਾਇਤ ਕਰ ਆਏ, ਬਾਅਦ ਵਿਚ ਭਾਵੇਂ ਇਸ ਵੱਲੋਂ ਪਾਸਾ ਵੱਟ ਗਏ ਸਨ।

ਸੰਤ ਲੌਂਗੋਵਾਲ ਦੀ ਸ਼ਹਾਦਤ ਦੇ ਪ੍ਰਛਾਵੇਂ ਹੇਠ ਉਦੋਂ ਪੰਜਾਬ ਵਿਚ ਚੋਣਾਂ ਹੋਈਆਂ ਤਾਂ ਪਹਿਲੀ ਵਾਰ ਪੰਜਾਬ ਨੂੰ ਇੱਕ ਇਹੋ ਜਿਹੀ ਗੈਰ-ਕਾਂਗਰਸੀ ਸਰਕਾਰ ਮਿਲੀ, ਜਿਸ ਕੋਲ ਵਿਧਾਇਕਾਂ ਦੀ ਬਹੁ-ਗਿਣਤੀ ਸੀ। ਉਹ ਸਰਕਾਰ ਕਿਸੇ ਬਾਹਰਲੇ ਨੇ ਸੰਕਟ ਵਿਚ ਨਹੀਂ ਸੀ ਪਾਈ, ਉਨ੍ਹਾਂ ਆਪਣਿਆਂ ਨੇ ਪਾਈ ਸੀ, ਜਿਹੜੇ ਸੰਤ ਲੌਂਗੋਵਾਲ ਨੂੰ ਪਹਿਲਾਂ ਗੱਦਾਰ ਕਹੀ ਗਏ ਤੇ ਫਿਰ ਸਮਝੌਤੇ ਨੂੰ ਸਹੀ ਮੰਨਣ ਵਾਲੇ ਬਿਆਨ ਲਿਖ ਕੇ ਚੋਣਾਂ ਵੀ ਲੜੇ ਸਨ। ਸੰਕਟ ਦਾ ਕਾਰਨ ਕੋਈ ਸਿਧਾਂਤ ਨਹੀਂ, ਸਿਰਫ ਏਨੀ ਗੱਲ ਸੀ ਕਿ ਆਪਣੀ ਥਾਂ ਕਿਸੇ ਹੋਰ ਦਾ ਗੱਦੀ ਉਤੇ ਬੈਠਣਾ ਬਰਦਾਸ਼ਤ ਨਹੀਂ ਸੀ ਹੋਇਆ। ਪੰਜਾਬ ਦਾ ਨੁਕਸਾਨ ਇਸ ਸਿਆਸੀ ਤਿਕੜਮਬਾਜ਼ੀ ਨੇ ਵੀ ਬਹੁਤ ਕੀਤਾ।

29 ਅਪਰੈਲ 1986 ਨੂੰ ਅਕਾਲ ਤਖਤ ਸਾਹਿਬ ਤੋਂ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਦਰਬਾਰ ਸਾਹਿਬ ਪੁਲਿਸ ਭੇਜ ਦਿੱਤੀ। ਇਸ ਪਿੱਛੋਂ ਖੜੇ ਪੈਰ ਤੇਈ ਅਕਾਲੀ ਵਿਧਾਇਕਾਂ ਨਾਲ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਵੱਖਰੇ ਹੋ ਗਏ। ਬਾਗੀ ਹੋ ਗਏ ਇਨ੍ਹਾਂ ਦੋਵਾਂ ਨਾਲ ਤਿੰਨ ਹੋਰ ਵੱਡੇ ਆਗੂ ਸਨ, ਜਿਹੜੇ ਬਾਗੀ ਹੋਣ ਤੋਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਦਲ ਦੇ ਪ੍ਰਧਾਨ ਵਜੋਂ ਪਾਰਟੀ ਵਿਚੋਂ ਕੱਢ ਦਿੱਤੇ ਸਨ। ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਤਿੰਨਾਂ ਵਿਚੋਂ ਇੱਕ ਸੀ। ਜਿਹੜੇ ਸੱਜਣ ਬਰਨਾਲਾ ਸਰਕਾਰ ਵਿਚ ਰਹੇ, ਉਹ ਸਾਰੇ ਵੀ ਬਰਨਾਲਾ ਧੜੇ ਦੇ ਪੱਕੇ ਨਹੀਂ ਸੀ। ਤਿੰਨ ਜਣੇ ਪੂਰੀ ਤਰ੍ਹਾਂ ਦੂਸਰੇ ਧੜੇ ਨਾਲ ਹੁੰਦੇ ਹੋਏ ਵੀ ਮੰਤਰੀ ਬਣੇ ਰਹੇ। ਅਸੈਂਬਲੀ ਦਾ ਸਪੀਕਰ ਰਵੀਇੰਦਰ ਸਿੰਘ ਉਦੋਂ ਬਾਦਲ ਧੜੇ ਦਾ ਕਿਹਾ ਜਾਂਦਾ ਸੀ। ਇਨ੍ਹਾਂ ਤਿੰਨ ਮੰਤਰੀਆਂ ਵਿਚੋਂ ਇੱਕ ਨੇ ਰਵੀਇੰਦਰ ਨੂੰ ਲਲਕਾਰਿਆ ਕਿ ਜੇ ਸਾਥ ਛੱਡਣ ਵਾਲੇ ਲੀਡਰਾਂ ਨਾਲ ਮੋਹ ਹੈ ਤਾਂ ਉਹ ਸਪੀਕਰ ਦਾ ਅਹੁਦਾ ਛੱਡ ਦੇਵੇ, ਅਸੀਂ ਤਿੰਨੇ ਵੀ ਉਸ ਦੇ ਨਾਲ ਅਸਤੀਫੇ ਦੇ ਦੇਵਾਂਗੇ। ਰਵੀਇੰਦਰ ਸਿੰਘ ਨੇ ਅਸਤੀਫਾ ਦੇ ਦਿੱਤਾ।

ਅਗਲੇ ਦਿਨ ਨਵਾਂ ਸਪੀਕਰ ਚੁਣ ਕੇ ਉਸ ਧੜੇ ਵਾਲੇ ਤਿੰਨੇ ਮੰਤਰੀ ਅਸਤੀਫੇ ਦੇਣ ਦੀ ਥਾਂ ਇਹ ਕਹਿਣ ਲੱਗ ਪਏ ਕਿ ਅਸੀਂ ਤਾਂ ਰਵੀਇੰਦਰ ਸਿੰਘ ਕੋਲੋਂ ਅਸਤੀਫਾ ਦਿਵਾਉਣਾ ਸੀ, ਦਿਵਾ ਲਿਆ, ਹੁਣ ਸਾਡੀ ਸਰਕਾਰ ਸੌਖੀ ਚੱਲੇਗੀ। ਉਹ ਤਿੰਨੇ ਮੰਤਰੀ ਦਰਬਾਰ ਸਾਹਿਬ ਵਿਚ ਪੁਲਿਸ ਭੇਜਣ ਦੀ ਹਮਾਇਤ ਕਰਦੇ ਹੋਏ ਇਸ ਤੋਂ ਬਾਅਦ ਵੀ ਬਰਨਾਲਾ ਸਰਕਾਰ ਦੇ ਮੰਤਰੀ ਬਣੇ ਰਹੇ। ਸਵਾ ਸਾਲ ਪਿੱਛੋਂ ਜਦੋਂ ਬਰਨਾਲਾ ਸਰਕਾਰ ਟੁੱਟ ਗਈ ਤਾਂ ਤਿੰਨੇ ਜਣੇ ਰਾਤੋ-ਰਾਤ ਬਾਦਲ ਧੜੇ ਨਾਲ ਆ ਗਏ, ਪਰ ਬਾਦਲ ਸਾਹਿਬ ਨੇ ਉਦੋਂ ਉਨ੍ਹਾਂ ਨੂੰ ਗੱਦਾਰ ਨਹੀਂ ਸੀ ਕਿਹਾ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਗੱਦਾਰ ਕਹਿਣ ਦਾ ਸਿਲਸਿਲਾ ਤੀਹ ਸਾਲਾਂ ਤੋਂ ਚੱਲੀ ਜਾਂਦਾ ਹੈ।

ਬੜੀ ਲੰਮੀ ਦਾਸਤਾਨ ਹੈ ਪੰਜਾਬ ਨਾਲ ਧੋਖੇ ਦੀ। ਪਤਾ ਨਹੀਂ ਕੌਣ-ਕੌਣ ਕੀ-ਕੀ ਕਰਦਾ ਰਿਹਾ ਹੈ? ਅਕਾਲੀ ਆਗੂਆਂ ਨੂੰ ਇਹ ਸਮਝੌਤਾ ਗਲਤ ਜਾਪਦਾ ਹੈ ਤਾਂ ਇਸ ਨੂੰ ਰੱਦ ਕਰਨ ਦਾ ਮਤਾ ਕਿਉਂ ਨਹੀਂ ਪੇਸ਼ ਕਰਦੇ ਤੇ ਆਪਣੀ ਸਾਂਝ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਇਸ ਕੰਮ ਲਈ ਸਾਥ ਦੇਣ ਨੂੰ ਕਿਉਂ ਨਹੀਂ ਕਹਿੰਦੇ? ਭਾਜਪਾ ਪਿਛਲੇ ਤੀਹ ਸਾਲਾਂ ਤੋਂ ਕਦੇ ਇਸ ਸਮਝੌਤੇ ਦੇ ਪੱਖ ਵਿਚ ਖੜੋਂਦੀ ਤੇ ਕਦੇ ਇਸ ਦੇ ਵਿਰੋਧ ਵਿਚ ਅਕਾਲੀਆਂ ਦੀ ਬੋਲੀ ਬੋਲਦੀ ਹੈ। ਉਸ ਦੇ ਆਗੂ ਸਾਫ ਸਟੈਂਡ ਕਿਉਂ ਨਹੀਂ ਲੈ ਰਹੇ? ਜੇ ਸਮਝੌਤੇ ਵਿਚ ਕੁਝ ਗਲਤ ਹੈ ਤਾਂ ਇਸ ਦੀ ਸੋਧ ਦਾ ਮਤਾ ਪੇਸ਼ ਕਿਉਂ ਨਹੀਂ ਕਰਦੇ? ਸਿਰਫ ਇੱਕੋ ਧਿਰ ਖੱਬੇ ਪੱਖੀ ਹਨ, ਜਿਹੜੇ ਉਦੋਂ ਵੀ ਕਹਿੰਦੇ ਸਨ ਤੇ ਅੱਜ ਵੀ ਕਹਿੰਦੇ ਹਨ ਕਿ ਇਹ ਸਮਝੌਤਾ ਲਾਗੂ ਹੋ ਸਕਦਾ ਹੈ। ਹੋਰ ਇੱਕ ਵੀ ਧਿਰ ਇਹੋ ਜਿਹੀ ਨਹੀਂ, ਜਿਸ ਨੇ ਪਿਛਲੇ ਤੀਹ ਸਾਲਾਂ ਵਿਚ ਇਸ ਮੁੱਦੇ ਉਤੇ ਪਲਸੇਟੇ ਨਾ ਮਾਰੇ ਹੋਣ। ਸਮਝੌਤਾ ਕਰਨ ਵਾਲੇ ਕਾਂਗਰਸੀ ਵੀ ਇਸ ਬਾਰੇ ਗੰਭੀਰ ਨਹੀਂ ਸਨ।

ਅੱਜ ਦੀ ਤਰੀਕ ਵਿਚ ਵੀ ਇਹ ਸਮਝੌਤਾ ਮਰਿਆ ਨਹੀਂ, ਤੇ ਇਹ ਜਿੰਦਾ ਵੀ ਨਹੀਂ, ਨੂਰਮਹਿਲ ਵਾਲੇ ਆਸ਼ੂਤੋਸ਼ ਵਾਂਗ ਸਿਆਸਤ ਦੇ ਸਰਦਖਾਨੇ ਵਿਚ ਲੱਗਾ ਪਿਆ ਹੈ। ਜਦੋਂ ਕਿਸੇ ਨੂੰ ਲੋੜ ਪਵੇ ਤਾਂ ਕੱਢ ਕੇ ਚਾਰ ਦਿਨ ਵਰਤ ਲੈਂਦਾ ਹੈ। ਫਿਰ ਲੋੜ ਨਿਕਲ ਗਈ ਵੇਖ ਕੇ ਓਸੇ ਥਾਂ ਸੰਭਾਲ ਦਿੱਤਾ ਜਾਂਦਾ ਹੈ। ਸਮਝੌਤਾ ਅਤੇ ਸੰਤ ਲੌਂਗੋਵਾਲ ਸਿਰਫ ਵੀਹ ਅਗਸਤ ਨੂੰ ਯਾਦ ਆਉਂਦੇ ਹਨ। ਅੱਗੋਂ ਪਿੱਛੋਂ ਸੰਤ ਅਤੇ ਸਮਝੌਤਾ ਦੋਵੇਂ ਭੁੱਲ ਜਾਂਦੇ ਹਨ। ਗੁਜਰਾਤ ਵਿਚ ਇੱਕ ਬਾਈ ਸਾਲਾਂ ਦਾ ਮੁੰਡਾ ਹਾਰਦਿਕ ਪਟੇਲ ਉਠਿਆ ਤੇ ਉਸ ਨੇ ਕਿਹਾ ਕਿ ਸਰਦਾਰ ਪਟੇਲ ਦਾ ਨਾਂ ਲੈ ਕੇ ਖੇਤੀ ਕਰਦੇ ਪਟੇਲ ਭਾਈਚਾਰੇ ਨੂੰ ਵਰਤਿਆ ਜਾ ਰਿਹਾ ਹੈ। ਉਸ ਦੇ ਲਲਕਾਰੇ ਉਤੇ ਬੀਤੇ ਹਫਤੇ ਪੰਜ ਲੱਖ ਲੋਕ ਸੂਰਤ ਵਿਚ ਆਣ ਜੁੜੇ ਸਨ। ਪੰਜਾਬ ਦੇ ਲੋਕਾਂ ਨੂੰ ਅਜੇ ਕਿਸੇ ਨੇ ਝੰਜੋੜਿਆ ਨਹੀਂ। ਇਥੋਂ ਦੇ ਲੀਡਰ ਜੇ ਲੋਕਾਂ ਦੇ ਜਜ਼ਬਾਤ ਨਾਲ ਏਦਾਂ ਹੀ ਖੇਡਦੇ ਰਹੇ ਤਾਂ ਅੱਕੇ ਹੋਏ ਲੋਕਾਂ ਵਿਚੋਂ ਕਿਸੇ ਵਕਤ ਇਥੇ ਵੀ ਕੋਈ ਹਾਰਦਿਕ ਉਠ ਸਕਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 29 ਅਗਸਤ 2015*

## ਪੰਜਾਬ, ਦੇਸ ਤੇ ਦੁਨੀਆਂ

ਇਸ ਹਫਤੇ ਤਿੰਨ ਅਹਿਮ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਦਾ ਸਬੰਧ ਪੰਜਾਬ ਪ੍ਰਾਂਤ, ਮੁਲਕ ਅਤੇ ਫਿਰ ਸਮੁੱਚੀ ਦੁਨੀਆਂ ਨਾਲ ਹੈ। ਤਿੰਨੇ ਘਟਨਾਵਾਂ ਭਾਵੇਂ ਆਪਸ ਵਿਚ ਜੁੜੀਆਂ ਹੋਈਆਂ ਨਹੀਂ, ਪਰ ਇਨ੍ਹਾਂ ਤਿੰਨਾਂ ਘਟਨਾਵਾਂ ਦਾ ਮੁਲਕ ਦੇ ਆਵਾਮ ਨਾਲ ਸਿੱਧਾ ਸਬੰਧ ਹੈ ਤੇ ਇਨ੍ਹਾਂ ਦਾ ਆਪੋ-ਆਪਣਾ ਗਹਿਰਾ ਅਸਰ ਵੀ ਪੈਂਦਾ ਹੈ। ਪਹਿਲੀ ਘਟਨਾ ਪੰਜਾਬ ਵਿਚ ਨਸ਼ਿਆਂ ਦੀ ਚੱਲ ਰਹੀ ਪੁਣ-ਛਾਣ ਨਾਲ ਸਬੰਧਤ ਹੈ। ਕੇਸ ਦੀ ਪੁਣ-ਛਾਣ ਕਰ ਰਹੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਸਿਸਟੈਂਟ ਡਾਇਰੈਕਟਰ ਨਿਰੰਜਣ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਾਫ ਕਿਹਾ ਹੈ ਕਿ ਉਨ੍ਹਾਂ ਦੀ ਕੋਲਕਾਤਾ ਵਿਖੇ ਬਦਲੀ ਇਸ ਕਰ ਕੇ ਕੀਤੀ ਗਈ, ਕਿਉਂਕਿ ਉਨ੍ਹਾਂ ਇਸ ਕੇਸ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਤਲਬ ਕੀਤਾ ਸੀ। ਹੁਣ ਇਹ ਕੇਸ ਭਾਵੇਂ ਨਿਰੋਲ ਕਾਨੂੰਨੀ ਤੇ ਤਕਨੀਕੀ ਨੁਕਤਿਆਂ ਨੂੰ ਆਧਾਰ ਬਣਾ ਕੇ ਲੜਿਆ ਜਾ ਰਿਹਾ ਹੈ ਅਤੇ ਦੋਹਾਂ ਧਿਰਾਂ ਦੇ ਵਕੀਲ ਆਪੋ-ਆਪਣੇ ਢੰਗ ਨਾਲ ਕੇਸ ਨੂੰ ਘੁਮਾਉਣ ਦਾ ਯਤਨ ਕਰ ਰਹੇ ਹਨ, ਪਰ ਨਸ਼ਿਆਂ ਨਾਲ ਸਬੰਧਤ ਇਸ ਕੇਸ ਵਿਚ ਜਿਸ ਤਰ੍ਹਾਂ ਸ. ਮਜੀਠੀਆ ਦਾ ਨਾਮ ਬੋਲਦਾ ਰਿਹਾ ਹੈ, ਉਸ ਨਾਲ ਜਿਹੜੀਆਂ ਕੜੀਆਂ ਹੌਲੀ ਹੌਲੀ ਜੁੜ ਰਹੀਆਂ ਹਨ, ਉਸ ਤੋਂ ਸਾਫ ਹੋ ਗਿਆ ਹੈ ਕਿ ਕਿਸੇ ਖਾਸ ਸ਼ਖਸ ਦੀ ਸਰਪ੍ਰਸਤੀ ਤੋਂ ਬਗੈਰ ਇੰਨੇ ਵੱਡੇ ਪੱਧਰ ਉਤੇ ਨਸ਼ਿਆਂ ਦਾ ਕਾਰੋਬਾਰ ਸੰਭਵ ਨਹੀਂ ਹੈ। ਨਿਰੰਜਣ ਸਿੰਘ ਦਾ ਬਿਆਨ ਇਸ ਕਰ ਕੇ ਵੀ ਅਹਿਮ ਹੈ, ਕਿਉਂਕਿ ਹੁਣ ਇਹ ਕੇਸ ਛੇਤੀ ਹੀ ਅਦਾਲਤ ਵਿਚ ਜਾਣ ਵਾਲਾ ਹੈ। ਨਿਰੰਜਣ ਸਿੰਘ ਦੇ ਬਿਆਨ ਦੇ ਆਧਾਰ 'ਤੇ ਹੀ ਹਾਈਕੋਰਟ ਨੇ ਸਰਕਾਰੀ ਵਕੀਲ ਸੁਰੇਸ਼ ਬਤਰਾ ਦਾ ਬੰਗਲੌਰ ਤਬਾਦਲਾ ਰੋਕ ਦਿੱਤਾ ਹੈ। ਇਸ ਵਕੀਲ ਨੂੰ ਵੀ ਨਿਰੰਜਣ ਸਿੰਘ ਵਾਲੀ ਤਰਜ਼ 'ਤੇ ਅਚਾਨਕ ਬਦਲ ਦਿੱਤਾ ਗਿਆ ਸੀ। ਸੁਰੇਸ਼ ਬਤਰਾ ਵੀ ਮੁੱਢ ਤੋਂ ਇਸ ਕੇਸ ਨਾਲ ਜੁੜਿਆ ਹੋਇਆ ਹੈ। ਮੋਦੀ ਸਰਕਾਰ ਨੇ ਇਸ ਤਬਾਦਲੇ ਨੂੰ ਵੀ ਰੁਟੀਨ ਤਬਾਦਲਾ ਆਖ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਸੀ।

ਦੂਜਾ ਮਸਲਾ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦਾ ਹੈ। ਪਿਛਲੇ ਸਾਲ ਮੋਦੀ ਸਰਕਾਰ ਨੇ ਹੁਰੀਅਤ ਆਗੂਆਂ ਨਾਲ ਮਿਲਣੀ ਦਾ ਬਹਾਨਾ ਬਣਾ ਕੇ ਪਾਕਿਸਤਾਨ ਨਾਲ ਗੱਲਬਾਤ ਅੱਧ ਵਿਚਾਲਿਉਂ ਤੋੜ ਦਿੱਤੀ ਸੀ। ਹੁਣ ਵੀ ਦੋਹਾਂ ਮੁਲਕਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਵਿਚਕਾਰ ਹੋਣ ਵਾਲੀ ਗੱਲਬਾਤ ਵਿਚ ਮੁੱਖ ਅੜਿੱਕਾ, ਹੁਰੀਅਤ ਆਗੂਆਂ ਨਾਲ ਮਿਲਣੀ ਹੀ ਬਣੀ ਹੈ। ਪਾਕਿਸਤਾਨ ਦਾ ਤਰਕ ਹੈ ਕਿ ਇਤਨੇ ਸਾਲਾਂ ਤੋਂ ਮਿਲਣੀ ਦੀ ਰਵਾਇਤ ਹੈ। ਜਦੋਂ ਵੀ ਕੋਈ ਪਾਕਿਸਤਾਨੀ ਆਗੂ ਅਜਿਹੇ ਮੌਕਿਆਂ ਉਤੇ ਭਾਰਤ ਜਾਂਦਾ ਹੈ ਤਾਂ ਕਸ਼ਮੀਰੀ ਆਗੂਆਂ ਨਾਲ ਮਿਲਣੀ ਆਮ ਗੱਲ ਹੈ। ਮੋਦੀ ਸਰਕਾਰ ਨੇ ਹੀ ਇਸ ਨੂੰ ਮੁੱਦਾ ਬਣਾਇਆ ਹੈ। ਅਸਲ ਵਿਚ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਆਪੋ-ਆਪਣੇ ਪੈਂਤੜੇ ਤੋਂ ਪਿਛਾਂਹ ਹਟਣ ਲਈ ਤਿਆਰ ਨਹੀਂ ਹੋਈਆਂ ਅਤੇ ਚਾਹੁੰਦੀਆਂ ਵੀ ਇਹੋ ਸਨ ਕਿ ਗੱਲਬਾਤ ਅਗਾਂਹ ਵਧੇ ਹੀ ਨਾ, ਕਿਉਂਕਿ ਭਾਰਤ ਵਿਚ ਸੱਤਾਧਾਰੀ ਭਾਜਪਾ ਦਾ ਪਾਕਿਸਤਾਨ ਪ੍ਰਤੀ ਹੁਣ ਤੱਕ ਜੋ ਰੁਖ ਰਿਹਾ ਹੈ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਭਾਜਪਾ ਦੀ ਅੱਧੀ ਸਿਆਸਤ ਤਾਂ ਪਾਕਿਸਤਾਨ ਦੀ ਨੁਕਤਾਚੀਨੀ ਦੇ ਆਧਾਰ 'ਤੇ ਹੀ ਚੱਲਦੀ ਹੈ ਅਤੇ ਇਕ ਖਾਸ ਵਰਗ ਨੂੰ ਇਹ ਪਾਰਟੀ ਸਦਾ ਹੀ ਨਿਸ਼ਾਨੇ ਉਤੇ ਰੱਖਦੀ ਹੈ। ਮੁਲਕ ਦੇ ਪ੍ਰਧਾਨ ਮੰਤਰੀ ਦੀ ਇਸ ਬਾਰੇ ਕੀ ਰਾਏ ਹੈ, ਇਹ ਵੀ ਸਭ ਜਾਣਦੇ ਹਨ। ਦੂਜੇ ਬੰਨੇ, ਪਾਕਿਸਤਾਨ ਵਿਚ ਭਾਵੇਂ ਕਹਿਣ ਨੂੰ ਤਾਂ ਜਮਹੂਰੀ ਸਰਕਾਰ ਕਾਇਮ ਹੈ, ਪਰ ਇਸ ਸਰਕਾਰ ਅੰਦਰ ਜਿੰਨਾ ਦਖਲ ਫੌਜ ਅਤੇ ਮਜ਼ਹਬੀ ਜਥੇਬੰਦੀਆਂ ਦਾ ਹੈ, ਉਸ ਨਾਲ ਅੰਦਰੂਨੀ ਤੇ ਬਹਿਰੂਨੀ ਹਾਲਾਤ ਸਦਾ ਹੀ ਲੀਹੋਂ ਲਹਿੰਦੇ ਰਹੇ ਹਨ। ਫੌਜ ਤੇ ਮਜ਼ਹਬੀ ਜਥੇਬੰਦੀਆਂ ਦਾ ਸਮੁੱਚਾ ਪੈਂਤੜਾ ਭਾਰਤ ਨਾਲ ਐਨ ਵਿਰੋਧ ਵਿਚ ਖੜ੍ਹਾ ਹੈ। ਇਨ੍ਹਾਂ ਨਾਲ ਹੁਣ ਇਕ ਤੀਜੀ ਧਿਰ ਵੀ ਆਣ ਜੁੜੀ ਹੈ। ਇਹ ਪਾਕਿਸਤਾਨ ਦੇ ਵੱਡੇ ਕਾਰੋਬਾਰੀਆਂ ਦਾ ਉਹ ਹਿੱਸਾ ਹੈ ਜਿਹੜਾ ਦੋਹਾਂ ਮੁਲਕਾਂ ਦਰਮਿਆਨ ਸੁਖਾਵੇਂ ਰਿਸ਼ਤੇ ਨਹੀਂ ਚਾਹੁੰਦਾ। ਪਾਕਿਸਤਾਨ ਦਾ ਦਰਮਿਆਨਾ ਤੇ ਛੋਟਾ ਵਪਾਰੀ ਭਾਵੇਂ ਭਾਰਤ ਨਾਲ ਕਾਰੋਬਾਰ ਵਧਾਉਣ ਦੇ ਹੱਕ ਵਿਚ ਹੈ, ਪਰ ਧਨਾਢ ਵਪਾਰੀ ਤਬਕੇ ਦਾ ਡਰ ਹੈ ਕਿ ਜਿੰਨਾ ਤਾਲਮੇਲ ਦੋਹਾਂ ਮੁਲਕਾਂ ਵਿਚਕਾਰ ਵਧੇਗਾ, ਉਨ੍ਹਾਂ ਦੇ ਕਾਰੋਬਾਰ 'ਤੇ ਭਾਰਤੀ ਬਾਜ਼ਾਰ ਉਤਨਾ ਹੀ ਭਾਰੂ ਹੁੰਦਾ ਜਾਵੇਗਾ। ਸਿੱਟੇ ਵਜੋਂ ਕੌਮਾਂਤਰੀ ਦਬਾਅ ਦੇ ਬਾਵਜੂਦ ਦੋਹਾਂ ਮੁਲਕਾਂ ਦਰਮਿਆਨ ਦੂਰੀ ਅਤੇ ਨੇੜਤਾ ਐਨ ਪਹਿਲਾਂ ਵਾਲੀ ਹੀ ਹੈ।

ਤੀਜਾ ਮਸਲਾ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਚੀਨ ਅੱਜ ਕੱਲ੍ਹ ਜਿਸ ਤਰ੍ਹਾਂ ਦੇ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ, ਉਸ ਸੰਕਟ ਨੇ ਦੁਨੀਆਂ ਭਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਦਰਅਸਲ ਪਿਛਲੇ ਤਿੰਨ-ਚਾਰ ਦਹਾਕਿਆਂ ਦੌਰਾਨ ਆਰਥਿਕ ਫਰੰਟ ਉਤੇ ਚੀਨ ਦੀ ਜਿਹੜੀ ਚੜ੍ਹਤ ਦਿਖਾਈ ਜਾ ਰਹੀ ਸੀ, ਉਹ ਮਸਨੂਈ ਸੀ। ਮਸਨੂਈ ਇਸ ਕਰ ਕੇ, ਕਿਉਂਕਿ ਸਾਰਾ ਕੁਝ ਕਰਜ਼ਿਆਂ ਉਤੇ ਹੀ ਆਧਾਰਿਤ ਹੋ ਗਿਆ ਸੀ। ਇਸੇ ਤਰ੍ਹਾਂ ਦਾ ਮਸਨੂਈ ਵਿਕਾਸ, ਭਾਰਤ ਵਿਚ ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸੇ ਕਰ ਕੇ ਇਸ ਸੰਕਟ ਦੀ ਸਭ ਤੋਂ ਵੱਧ ਮਾਰ ਚੀਨ ਅਤੇ ਭਾਰਤ ਉਤੇ ਹੀ ਪਈ ਹੈ। ਉਂਜ ਵੀ ਦੋਵੇਂ ਮੁਲਕ ਜਿਸ ਢੰਗ ਅਤੇ ਚਾਲ ਨਾਲ ਪੱਛਮ ਦੇ ਪੂੰਜੀਵਾਦੀ ਆਰਥਿਕ ਪ੍ਰਬੰਧ ਦੀ ਨਕਲ ਮਾਰ ਰਹੇ ਸਨ, ਤੇ ਇਹ ਨਕਲ ਮਾਰਦਿਆਂ ਜਿਸ ਤਰ੍ਹਾਂ ਸਥਾਨਕਤਾ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਸੀ, ਉਸ ਦੇ ਸਿੱਟੇ ਇਹੀ ਨਿਕਲਣੇ ਸਨ। ਹੋਰ ਤਾਂ ਹੋਰ, ਪੂੰਜੀਵਾਦੀ ਵਿਕਾਸ ਚੌਖਟੇ ਨੇ ਜਿੰਨੀ ਮਾਰ ਵਾਤਾਵਰਨ ਨੂੰ ਪਾਈ ਹੈ, ਉਸ ਦੀ ਭਰਪਾਈ ਤਾਂ ਸ਼ਾਇਦ ਦਹਾਕਿਆਂ ਤੱਕ ਵੀ ਸੰਭਵ ਨਹੀਂ ਜਾਪਦੀ। ਇਸ ਲਈ ਇਸ ਸੰਕਟ ਬਾਰੇ ਚਰਚਾ ਦੇ ਨਾਲ ਹੀ ਬਦਲਵੇਂ ਵਿਕਾਸ ਮਾਡਲ ਬਾਰੇ ਬਹਿਸ ਵੀ ਹੁਣ ਇਕ ਵਾਰ ਫਿਰ ਕੇਂਦਰ ਵਿਚ ਆ ਗਈ। ਜ਼ਾਹਿਰ ਹੈ ਕਿ ਉਪਰ ਵਿਚਾਰੇ ਤਿੰਨਾਂ ਹੀ ਮਸਲਿਆਂ ਦੀਆਂ ਤੰਦਾਂ ਤਾਨਾਸ਼ਾਹੀ ਨਾਲ ਜੁੜੀਆਂ ਹੋਈਆਂ ਹਨ ਅਤੇ ਤਾਨਾਸ਼ਾਹੀ ਦੀਆਂ ਇਹ ਤਾਰਾਂ ਉਲੰਘ ਕੇ ਹੀ ਲੋਕ ਹਿਤੂ ਸਮਾਜ ਲਈ ਰਾਹ ਖੁੱਲ੍ਹ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਘਾਗ ਕਿ ਘੁੱਗੂ?*

ਬੁਰੀ ਤਰ੍ਹਾਂ ਪੰਜਾਬ ਦੀ ਲੁੱਟ ਪਾਈ, ਮਾਲਕ ਸੂਬੇ ਦਾ 'ਖਾਸ' ਪਰਿਵਾਰ ਹੋਇਆ।
'ਮੋਦੀ ਰਾਜ' ਲਿਆਉਣ ਲਈ 'ਘਾਗ' ਨੇਤਾ, ਚੋਣਾਂ ਸਮੇਂ ਸੀ ਪੱਬਾਂ ਦੇ ਭਾਰ ਹੋਇਆ।
ਅੱਖਾਂ ਫੇਰੀਆਂ 'ਪਤੀ' ਨੇ ਮੱਲ ਕੁਰਸੀ, ਚਿਹਰਾ 'ਪਤਨੀ' ਦਾ ਜ਼ਰਦ ਬਸਾਰ ਹੋਇਆ।
ਸੁਪਨੇ ਲਏ ਸੀ ਮੌਰੀਂ ਚੜ੍ਹ ਭਾਜਪਾ ਦੀ, ਹਾਲੇ ਤੱਕ ਨਾ ਕੋਈ ਸਾਕਾਰ ਹੋਇਆ।
ਆਏ ਟਰੱਕ ਨਾ ਨੋਟਾਂ ਦੇ ਭਰੇ ਹੋਏ, ਰੁਖ ਉਨ੍ਹਾਂ ਦਾ ਵੱਲ ਬਿਹਾਰ ਹੋਇਆ।
'ਘਾਗ ਪੁਣੇ' ਦੀ ਨਿਕਲ ਗਈ ਫੂਕ ਸਾਰੀ, ਫਿਰੇ ਮੰਗਦਾ 'ਪੈਕੇਸ' ਲਾਚਾਰ ਹੋਇਆ!

# ਕੌਮੀ ਹਿਤਾਂ ਵਾਲੇ ਇਹ ਲਾਡਲੇ ਦਹਿਸ਼ਤਗਰਦ

***ਹਿੰਦੂਤਵੀ ਦਹਿਸ਼ਤਗਰਦੀ ਦੀ ਇਕ ਹੋਰ ਪਰਤ ਉਘੜ ਕੇ ਸਾਹਮਣੇ ਆਈ ਹੈ ਜਿਸ ਦਾ ਸਬੰਧ ਬਿਹਾਰ ਵਿਚ 1990ਵਿਆਂ ਦੇ ਦਹਾਕੇ ਦੌਰਾਨ ਉਥੇ ਜਗੀਰੂ ਸੈਨਾਵਾਂ ਵਲੋਂ ਅੰਜਾਮ ਦਿੱਤੇ ਗਏ ਦਲਿਤਾਂ ਦੇ ਕਤਲੇਆਮਾਂ ਨਾਲ ਹੈ। ਵੈੱਬਸਾਈਟ 'ਕੋਬਰਾਪੋਸਟ' ਨੇ ਸਟਿੰਗ ਓਪਰੇਸ਼ਨ ਰਾਹੀਂ ਬਣਾਈ ਦਸਤਾਵੇਜ਼ੀ ਫਿਲਮ ਜ਼ਰੀਏ ਰਣਬੀਰ ਸੈਨਾ, ਪੁਲਿਸ ਅਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੂੜ੍ਹੇ ਸਬੰਧਾਂ ਦੀ ਸਬੂਤਾਂ ਸਹਿਤ ਤਸਦੀਕ ਕੀਤੀ ਹੈ।***

**ਬੂਟਾ ਸਿੰਘ**
ਫੋਨ: +91-94634-74342

ਬਾਲ ਠਾਕਰੇ ਦੀ ਸ਼ਿਵ ਸੈਨਾ ਇਨ੍ਹੀਂ ਦਿਨੀਂ ਅੰਗਰੇਜ਼ੀ ਰਸਾਲੇ 'ਤਹਿਲਕਾ' ਨੂੰ ਸਬਕ ਸਿਖਾਉਣ ਲਈ ਸ਼ਰੇਆਮ ਦਹਿਸ਼ਤਗਰਦ ਐਲਾਨ ਕਰ ਰਹੀ ਹੈ। ਧਾਰਮਿਕ ਘੱਟ-ਗਿਣਤੀ, ਕੌਮੀਅਤ ਜਾਂ ਦਲਿਤ ਜਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਮਹਿਜ਼ ਜਮਹੂਰੀ ਸੰਘਰਸ਼ ਲੜਦੀਆਂ ਹਨ। ਇਨ੍ਹਾਂ ਦੇ ਆਗੂਆਂ ਨੂੰ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਤਹਿਤ ਬਿਨਾਂ ਦਲੀਲ, ਅਪੀਲ ਤੇ ਵਕੀਲ ਸਾਲਾਂ ਬੱਧੀ ਜੇਲ੍ਹ ਵਿਚ ਸੜਨ ਲਈ ਸੁੱਟ ਦੇਣ ਵਾਲਾ ਸਟੇਟ ਦਹਿਸ਼ਤਗਰਦੀ ਦਾ ਪੈਮਾਨਾ ਆਪਣੇ ਚਹੇਤੇ ਦਹਿਸ਼ਤਗਰਦ ਗਰੋਹਾਂ ਉਪਰ ਕਦੀ ਲਾਗੂ ਨਹੀਂ ਕਰਦਾ।

ਸ਼ਿਵ ਸੈਨਾ ਨੇ ਮੁੰਬਈ ਵਿਚ 'ਤਹਿਲਕਾ' ਦੀਆਂ ਕਾਪੀਆਂ ਸਾੜ ਕੇ ਧਮਕੀ ਦਿੱਤੀ ਕਿ ਇਸ ਮਰ ਰਹੇ ਰਸਾਲੇ ਨੂੰ ਮਾਰਕੀਟ ਵਿਚ ਬੁਰੀ ਤਰ੍ਹਾਂ ਕੁਚਲ ਦਿੱਤਾ ਜਾਵੇਗਾ। 'ਤਹਿਲਕਾ' ਨੇ ਆਪਣੇ ਇਕ ਪਿਛਲੇ ਅੰਕ ਵਿਚ ਬਾਲ ਠਾਕਰੇ ਉਪਰ ਕਿੰਤੂ-ਪ੍ਰੰਤੂ ਕੀਤੇ ਸਨ। 18 ਅਗਸਤ ਨੂੰ ਸ਼ਿਵ ਸੈਨਾ (ਬਾਲ ਠਾਕਰੇ) ਦੇ ਤਰਜਮਾਨ ਅਖ਼ਬਾਰ 'ਸਾਮਨਾ' ਨੇ ਆਪਣੇ ਸੰਪਾਦਕੀ ਵਿਚ ਲਿਖਿਆ- "ਲੋਕਾਂ ਦੇ ਦਿਲਾਂ ਵਿਚ ਬਾਲਾਸਾਹਿਬ ਲਈ ਬਹੁਤ ਪਿਆਰ ਤੇ ਸਤਿਕਾਰ ਹੈ...। ਨਿਸ਼ਚੇ ਹੀ ਉਸ ਨੇ ਲੋਕਾਂ ਵਿਚ ਹਿੰਦੂਆਂ ਦਾ ਖੌਫ਼ ਭਰਿਆ।... ਜੇ ਪਾਕਿਸਤਾਨੀ ਅਤਿਵਾਦੀਆਂ ਨੂੰ ਉਸੇ ਭਾਸ਼ਾ 'ਚ ਜਵਾਬ ਦੇਣ ਦਾ ਉਸ ਦਾ ਸਟੈਂਡ ਦਹਿਸ਼ਤਵਾਦ ਹੈ, ਤਾਂ ਇਸ ਤਰ੍ਹਾਂ ਦਾ ਦਹਿਸ਼ਤਵਾਦ ਕੌਮੀ ਹਿਤ ਵਿਚ ਸੀ।" ਹੋਰ ਅੱਗੇ- "ਪਾਕਿਸਤਾਨ ਨੂੰ ਜਵਾਬ ਦੇਣ ਲਈ, ਹਿੰਦੂਆਂ ਨੂੰ ਮਨੁੱਖੀ ਬੰਬ ਬਣਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਮੁਲਕ ਉਪਰ ਧਾਵੇ ਬੋਲਣੇ ਚਾਹੀਦੇ ਹਨ।"

ਸ਼ਿਵ ਸੈਨਾ ਦੀ ਇਸ ਦਹਿਸ਼ਤਗਰਦੀ ਬਾਰੇ ਮੋਦੀ ਹਕੂਮਤ ਖ਼ਾਮੋਸ਼ ਹੈ। ਇਸ ਤਰ੍ਹਾਂ ਦੇ ਸ਼ਰੇਆਮ ਦਹਿਸ਼ਤਗਰਦ ਬਿਆਨਾਂ ਬਾਰੇ ਮੁਲਕ ਦੀ 'ਸਮੂਹਕ ਆਤਮਾ' ਦੇ ਝੰਡਾਬਰਦਾਰ ਜੱਜਾਂ ਦੇ ਮੂੰਹਾਂ ਨੂੰ ਵੀ ਜੰਦਰੇ ਲੱਗੇ ਹੋਏ ਹਨ ਜਿਨ੍ਹਾਂ ਨੇ ਅਫ਼ਜ਼ਲ ਗੁਰੂ ਨੂੰ ਮੁਲਕ ਦੀ 'ਸਮੂਹਕ ਆਤਮਾ' ਨੂੰ ਸ਼ਾਂਤ ਕਰਨ ਲਈ ਫਾਹੇ ਲਾ ਦਿੱਤਾ ਸੀ।

'ਦਹਿਸ਼ਤਗਰਦ ਵਾਰਦਾਤਾਂ' ਨੂੰ ਬਿਨਾ ਕਿਸੇ ਸਬੂਤ ਦੇ ਝਟਪਟ ਮੁਸਲਿਮ ਦਹਿਸ਼ਤਗਰਦਾਂ ਦੇ ਖ਼ਾਤੇ ਪਾ ਕੇ ਘਿਨਾਉਣੀਆਂ ਨਿਖੇਧੀਆਂ ਦੀ ਝੜੀ ਲਗਾਉਣ ਵਾਲਾ ਇਹ ਸਟੇਟ ਇੰਨਾ ਸਹਿਣਸ਼ੀਲ ਹੈ ਕਿ ਹਿੰਦੂਤਵੀਆਂ ਅਤੇ ਸ਼ਿਵ ਸੈਨਿਕਾਂ ਦੇ ਸ਼ਰੇਆਮ, ਦਹਿਸ਼ਤਗਰਦ ਐਲਾਨਾਂ ਨੂੰ ਭੋਰਾ ਖ਼ਤਰਾ ਨਹੀਂ ਮੰਨਿਆ ਜਾਂਦਾ। ਜਦੋਂ ਸਮਝੌਤਾ ਐਕਸਪ੍ਰੈੱਸ ਅਤੇ ਮਾਲੇਗਾਓਂ ਵਰਗੇ ਬੰਬ ਕਾਂਡਾਂ ਵਿਚ ਸ਼ਾਮਲ ਹਿੰਦੂਤਵੀ ਦਹਿਸ਼ਤਗਰਦਾਂ, ਖ਼ਾਸ ਕਰ ਕੇ ਹਿੰਦੂਤਵੀ ਸਰਗਨੇ ਪ੍ਰਵੀਨ ਤੋਗੜੀਆ ਵਰਗਿਆਂ ਦੇ ਚਿਹਰੇ ਸਾਹਮਣੇ ਆਏ, ਤਾਂ ਤੱਤਕਾਲੀ ਗ੍ਰਹਿ ਮੰਤਰੀ ਐਲ.ਕੇ. ਅਡਵਾਨੀ ਨੇ ਇਹ ਐਲਾਨ ਕਰਨ ਵਿਚ ਕੋਈ ਝਿਜਕ ਨਹੀਂ ਸੀ ਦਿਖਾਈ ਕਿ ਹਿੰਦੂ, ਦਹਿਸ਼ਤਗਰਦ ਨਹੀਂ ਹੋ ਸਕਦੇ; ਮਹਾਂਰਾਸ਼ਟਰ ਦਾ ਐਂਟੀ-ਟੈਰਰਿਸਟ ਸਕੁਐਡ ਝੂਠ ਬੋਲ ਰਿਹਾ ਹੈ। ਦਰਅਸਲ ਉਹ ਕਹਿ ਰਿਹਾ ਸੀ ਮੁਸਲਮਾਨ, ਸਿੱਖ ਆਦਿ ਧਾਰਮਿਕ ਘੱਟ-ਗਿਣਤੀ ਭਾਈਚਾਰੇ ਜਮਾਂਦਰੂ ਦਹਿਸ਼ਤਗਰਦ ਹਨ। ਭਾਜਪਾ ਆਗੂ ਗਿਰੀਰਾਜ ਸਿੰਘ ਨੇ ਤਾਂ ਰਣਬੀਰ ਸੈਨਾ ਦੇ ਮੁਖੀ ਬ੍ਰਹਮੇਸ਼ਵਰ ਮੁਖੀਆ ਨੂੰ 'ਬਿਹਾਰ ਦੇ ਗਾਂਧੀ' ਦਾ ਖ਼ਿਤਾਬ ਵੀ ਦਿੱਤਾ ਸੀ ਜਿਸ ਦੇ ਉੱਚ-ਜਾਤੀ ਦਹਿਸ਼ਤਗਰਦ ਗਰੋਹ ਵਲੋਂ 300 ਤੋਂ ਉਪਰ ਦਲਿਤਾਂ ਦੇ ਕਤਲੇਆਮ ਕੀਤੇ ਗਏ ਸਨ। ਹਿੰਦੂਵਾਦੀ ਗਰੋਹਾਂ ਦੀ ਦਹਿਸ਼ਤਗਰਦੀ ਪ੍ਰਤੀ ਇਸ 'ਧਰਮ ਨਿਰਪੱਖ' ਸਟੇਟ ਦੀ ਦਰਿਆਦਿਲੀ ਦਾ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਹਜ਼ਾਰਾਂ ਲੋਕਾਂ ਦੀ ਕਤਲੋਗ਼ਾਰਤ ਦੇ ਸਿਆਸੀ ਸੂਤਰਧਾਰ ਸਹਿਜੇ ਹੀ ਪ੍ਰਧਾਨ ਮੰਤਰੀ ਚੁਣੇ ਜਾਂਦੇ ਹਨ। ਇਹ ਕਾਂਗਰਸ ਦਾ ਆਗੂ ਰਾਜੀਵ ਗਾਂਧੀ ਹੋਵੇ ਜਾਂ ਸੰਘ ਪਰਿਵਾਰ ਦਾ ਨਰੇਂਦਰ ਮੋਦੀ ਇਨ੍ਹਾਂ ਨੂੰ ਰਾਜ ਕਰਨ ਦਾ ਮੌਕਾ ਦੇਣ ਪੱਖੋਂ 'ਧਰਮ ਨਿਰਪੱਖ' ਸਟੇਟ ਕੋਈ ਵਿਤਕਰਾ ਨਹੀਂ ਕਰਦਾ।

ਇਨ੍ਹੀਂ ਦਿਨੀਂ ਹਿੰਦੂਤਵੀ ਦਹਿਸ਼ਤਗਰਦੀ ਦੀ ਇਕ ਹੋਰ ਪਰਤ ਉਘੜ ਕੇ ਸਾਹਮਣੇ ਆਈ ਹੈ ਜਿਸ ਦਾ ਸਬੰਧ ਬਿਹਾਰ ਵਿਚ 1990ਵਿਆਂ ਦੇ ਦਹਾਕੇ ਦੌਰਾਨ ਉਥੇ ਜਗੀਰੂ ਸੈਨਾਵਾਂ ਵਲੋਂ ਅੰਜਾਮ ਦਿੱਤੇ ਗਏ ਦਲਿਤਾਂ ਦੇ ਕਤਲੇਆਮਾਂ ਨਾਲ ਹੈ। ਵੈੱਬਸਾਈਟ 'ਕੋਬਰਾਪੋਸਟ' ਨੇ ਇਕ ਸਟਿੰਗ ਓਪਰੇਸ਼ਨ ਰਾਹੀਂ ਬਣਾਈ ਦਸਤਾਵੇਜ਼ੀ ਫਿਲਮ ਜ਼ਰੀਏ ਰਣਬੀਰ ਸੈਨਾ, ਪੁਲਿਸ ਅਤੇ ਹਾਕਮ ਜਮਾਤੀ ਸਿਆਸਤਦਾਨਾਂ ਦੇ ਗੂੜ੍ਹੇ ਸਬੰਧਾਂ ਦੀ ਸਬੂਤਾਂ ਸਹਿਤ ਤਸਦੀਕ ਕੀਤੀ ਹੈ। 'ਕੋਬਰਾਪੋਸਟ' ਦਾ ਐਸੋਸੀਏਟ ਐਡੀਟਰ ਕੇ. ਅਸ਼ੀਸ਼ ਰਣਬੀਰ ਸੈਨਾ ਬਾਰੇ ਫਿਲਮ ਬਣਾਉਣ ਦੇ ਭੇਖ 'ਚ ਖੁਫ਼ੀਆ ਕੈਮਰੇ ਨਾਲ ਉਨ੍ਹਾਂ ਦੇ ਬਿਆਨ ਰਿਕਾਰਡ ਕਰਨ 'ਚ ਕਾਮਯਾਬ ਹੋ ਗਿਆ ਜਿਸ ਨਾਲ ਮਿਲੀਭੁਗਤ ਦੇ ਇਹ ਪੱਖ ਸਾਹਮਣੇ ਆ ਗਏ।

ਬਹੁਤ ਜ਼ਿਆਦਾ ਹਾਹਾਕਾਰ ਮੱਚ ਜਾਣ 'ਤੇ ਰਣਬੀਰ ਸੈਨਾ ਦੇ ਸਿਆਸੀ ਸਬੰਧਾਂ ਦੀ ਪੜਤਾਲ ਕਰਨ ਲਈ 1997 ਵਿਚ ਜਸਟਿਸ (ਰਿਟਾਇਰਡ) ਅਮੀਰ ਦਾਸ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਬਣਾਇਆ ਗਿਆ। ਇਨ੍ਹਾਂ ਕਤਲੇਆਮਾਂ ਵਿਚ ਸਟੇਟ ਦੀ ਇੰਨੀ ਡੂੰਘੀ ਮਿਲੀਭੁਗਤ ਸੀ ਕਿ ਇਸ ਕਮਿਸ਼ਨ ਨੂੰ ਲਾਲੂ-ਰਾਬੜੀ ਦੇਵੀ ਹਕੂਮਤ ਨੇ ਕੋਈ ਸਹਿਯੋਗ ਨਹੀਂ ਦਿੱਤਾ; ਕਿਉਂ? ਕਿਉਂਕਿ ਉਨ੍ਹਾਂ ਦੇ 6 ਸਾਲਾਂ ਦੇ ਰਾਜ ਵਿਚ ਰਣਬੀਰ ਸੈਨਾ ਵਲੋਂ ਕੀਤੇ 16 ਕਤਲੇਆਮਾਂ ਵਿਚ ਇਨ੍ਹਾਂ ਹਾਕਮ ਜਮਾਤੀ ਸਿਆਸਤਦਾਨਾਂ ਦਾ ਘਿਨਾਉਣਾ ਹੱਥ ਸਾਹਮਣੇ ਆਉਂਦਾ ਸੀ।

ਜਦੋਂ ਫਿਰ ਵੀ ਕਮਿਸ਼ਨ ਨੇ ਰਿਪੋਰਟ ਤਿਆਰ ਕਰ ਲਈ ਤਾਂ ਜਨਤਾ ਦਲ (ਯੂਨਾਈਟਿਡ) ਅਤੇ ਭਾਜਪਾ ਗੱਠਜੋੜ ਦੀ ਨਿਤੀਸ਼ ਕੁਮਾਰ ਸਰਕਾਰ ਨੇ 2005 ਵਿਚ ਕਮਿਸ਼ਨ ਹੀ ਭੰਗ ਕਰ ਦਿੱਤਾ। ਜਾਂਚ ਦਬਾਉਣ ਬਾਬਤ ਜਸਟਿਸ ਦਾਸ ਨੇ ਖ਼ੁਲਾਸਾ ਕੀਤਾ ਹੈ, "ਕੁਛ ਕਾ ਨਾਮ ਤੋ ਬਤਾ ਸਕਤੇ ਹੈਂ ਜੈਸੇ ਸ਼ਿਵਨੰਦ ਤਿਵਾਰੀ ਹੈ, ਸੀ.ਪੀ. ਠਾਕੁਰ ਹੈਂ। ਮੁਰਲੀ ਮਨੋਹਰ ਜੋਸ਼ੀ ਔਰ ਸੁਸ਼ੀਲ ਕੁਮਾਰ ਮੋਦੀ ਔਰ ਏਕ ਮੁਖੀਆ ਥੇ, ਨਾਮ ਥਾ ਉਨਕਾ ਉਸ ਗਾਓਂ ਮੇਂ ਲਕਸ਼ਮਣ ਬਾਥੇ ਕੇ ਬਗਲ ਮੇਂ। ਕਾਨਕਲੂਜ਼ਨ ਆਇਆ ਹੈ ਕੀ ਵੋਹ ਭੀ ਸੁਪੋਰਟ ਕਰਤੇ ਥੇ।" ਜਸਟਿਸ ਦਾਸ ਨੇ ਹੋਰ ਦੱਸਿਆ, "ਸਾਡੇ ਕੋਲ ਐਸਾ ਗਵਾਹ ਸੀ ਜਿਸ ਨੇ ਦੱਸਿਆ ਕਿ ਮੁਰਲੀ ਮਨੋਹਰ ਜੋਸ਼ੀ ਨੇ ਉਸ ਨੂੰ ਸੀਮਾ ਵਿਚ ਰਹਿ ਕੇ ਕੰਮ ਕਰਨ ਲਈ ਕਿਹਾ ਸੀ ਅਤੇ ਧਮਕਾਇਆ ਸੀ ਕਿ ਜੇ ਉਸ ਨੇ ਸਹੀ ਜਾਂਚ ਕੀਤੀ ਤਾਂ ਜਦੋਂ ਅਸੀਂ ਸੱਤਾ ਵਿਚ ਆਏ ਤਾਂ ਤੈਨੂੰ ਦੇਖ ਲਵਾਂਗੇ। ਇਸ ਦਾ ਮਤਲਬ ਸੀ, ਉਸ ਉਪਰ ਦਬਾਓ ਪਾ ਕੇ ਜਾਂਚ ਨੂੰ ਆਪਣੇ ਹੱਕ 'ਚ ਕਰਵਾਉਣਾ।"

ਅਗਲੀ ਭੂਮਿਕਾ ਨਿਆਂ ਪ੍ਰਬੰਧ ਦੀ ਸੀ। 2012-13 ਵਿਚ ਪਟਨਾ ਹਾਈਕੋਰਟ ਨੇ ਬਥਾਨੀਟੋਲਾ, ਲਕਸ਼ਮਣਪੁਰ ਬਾਥੇ ਅਤੇ ਮੀਆਂਪੁਰ ਕਤਲੇਆਮਾਂ ਦੇ ਸਾਰੇ ਮੁਜਰਿਮ ਬਰੀ ਕਰ ਦਿੱਤੇ। ਅਮਨ-ਕਾਨੂੰਨ ਦੀ ਰਖਵਾਲੀ ਪੁਲਿਸ ਨੂੰ ਇਸ ਕਤਲੋਗ਼ਾਰਤ ਦਾ ਇਕ ਵੀ ਠੋਸ ਸਬੂਤ ਨਹੀਂ ਲੱਭਿਆ। ਸਿਆਸੀ ਇਸ਼ਾਰੇ 'ਤੇ ਪੁਲਿਸ ਨੇ ਸਬੂਤ ਮਿਟਾਉਣ 'ਚ ਮੁਸਤੈਦੀ ਦਿਖਾਈ। ਕਿਸੇ ਵੀ ਜੱਜ ਨੇ ਪੁਲਿਸ ਵਾਲਿਆਂ ਨੂੰ ਸਵਾਲ ਨਹੀਂ ਕੀਤਾ ਕਿ ਮੰਨਿਆ, ਮੁਕੱਦਮਿਆਂ 'ਚ ਸ਼ਾਮਲ ਬੰਦਿਆਂ ਦੇ ਖ਼ਿਲਾਫ਼ ਕਤਲੋਗ਼ਾਰਤ ਵਿਚ ਸ਼ਾਮਲ ਹੋਣ ਦੇ ਸਬੂਤ ਨਹੀਂ ਤੇ ਉਹ ਬੇਕਸੂਰ ਹਨ, ਪਰ ਇਹ ਕਤਲੇਆਮ ਕਰਨ ਵਾਲੇ ਕੌਣ ਸਨ?

ਦਲਿਤਾਂ ਦੀ ਐਨੇ ਵਸੀਹ ਪੈਮਾਨੇ 'ਤੇ ਕਤਲੋਗ਼ਾਰਤ ਦੇ ਜੋ ਸਬੂਤ ਤਫ਼ਤੀਸ਼ੀ ਏਜੰਸੀਆਂ ਦੇਖ ਕੇ ਅਣਡਿੱਠ ਕੀਤੇ, 'ਕੋਬਰਾਪੋਸਟ' ਦੇ ਸਟਿੰਗਰਾਂ ਨੇ ਸਾਰਥੂਆ (1995), ਬਥਾਨੀਟੋਲਾ (1996), ਲਕਸ਼ਮਣਪੁਰ ਬਾਥੇ (1997), ਮੀਆਂਪੁਰ (2000), ਸ਼ੰਕਰਬਿੱਘਾ (1999) ਅਤੇ ਇਕਵਾੜੀ (1997) ਕਤਲੇਆਮ ਵਿਚ ਭੂਮਿਕਾ ਨਿਭਾਉਣ ਵਾਲੇ ਰਣਬੀਰ ਸੈਨਾ ਦੇ ਛੇ 'ਕਮਾਂਡਰਾਂ' ਦੀਆਂ ਇੰਟਰਵਿਊਆਂ ਰਿਕਾਰਡ ਕਰ ਕੇ ਉਹ ਸਬੂਤ ਸਾਹਮਣੇ ਲਿਆਂਦੇ ਹਨ। ਇਨ੍ਹਾਂ ਵਿਚ ਅਦਾਲਤਾਂ ਵਲੋਂ ਬਰੀ ਕੀਤੇ ਗਏ ਸਰਗਨੇ ਵੀ ਹਨ। ਉਨ੍ਹਾਂ ਨੇ ਭਾਜਪਾ ਸਮੇਤ ਚੋਟੀ ਦੇ ਸਿਆਸਤਦਾਨਾਂ ਦੀ ਭੂਮਿਕਾ ਬਿਆਨ ਕਰਦਿਆਂ ਇਹ ਖ਼ੁਲਾਸਾ ਵੀ ਕੀਤਾ ਹੈ ਕਿ ਰਣਬੀਰ ਸੈਨਾ ਨੂੰ ਸਿਖਲਾਈ ਅਤੇ ਹਥਿਆਰ ਦੇਣ ਵਿਚ ਸਾਬਕਾ ਫ਼ੌਜੀਆਂ ਅਤੇ ਨੌਕਰੀਸ਼ੁਦਾ ਫ਼ੌਜੀਆਂ ਦੀ ਕੀ ਭੂਮਿਕਾ ਸੀ।

ਰਣਬੀਰ ਸੈਨਾ ਦੇ 'ਮੁਖੀਆ ਜੀ' ਬ੍ਰਹਮੇਸ਼ਵਰ ਸਿੰਘ ਦੇ ਸਹਾਇਕ ਸਿਧਨਾਥ ਸਿੰਘ ਮੁਤਾਬਿਕ ਉਸ ਨੇ ਛੇ ਕਤਲੇਆਮਾਂ ਵਿਚ ਹਿੱਸਾ ਲਿਆ। ਉਸ ਨੇ ਗ੍ਰਿਫ਼ਤਾਰ ਹੋਣ ਪਿਛੋਂ ਪੁਲਿਸ ਨੂੰ ਦੱਸਿਆ ਸੀ- "... ਤੋ ਵੋਹ ਮਿਲਟਰੀ ਕਾ ਰਿਜੈਕਟਿਡ ਸਮਾਨ ਥਾ, ਵੋਹੀ ਹਮ ਲੋਗੋਂ ਕੋ ਉਪਲਭਦ ਹੂਆ ਥਾ... ਜਬ ਪ੍ਰਧਾਨ ਮੰਤਰੀ ਹਮਾਰੇ ਹੂਏ ਥੇ... ਚੰਦਰ ਸ਼ੇਖਰ।" ਇਹ ਹਥਿਆਰ ਧਨਬਾਦ ਦੇ ਤਾਕਤਵਰ ਸਿਆਸਤਦਾਨ ਅਤੇ ਚੰਦਰ ਸ਼ੇਖਰ ਦੇ ਗੂੜ੍ਹੇ ਯਾਰ ਸੂਰਿਆ ਦੇਵ ਜ਼ਰੀਏ ਪਹੁੰਚੇ ਅਤੇ ਇਹ ਬ੍ਰਹਮੇਸ਼ਵਰ ਸਿੰਘ ਵਲੋਂ ਦਿੱਤੇ ਪੈਸੇ ਨਾਲ ਬਾਕਾਇਦਾ ਟੈਂਡਰ ਭਰ ਕੇ ਖ਼ਰੀਦੇ ਗਏ ਸਨ। ਲਕਸ਼ਮਣਪੁਰ ਬਾਥੇ ਕਾਂਡ ਲਈ ਜ਼ਿੰਮੇਵਾਰ ਪ੍ਰਮੋਦ ਸਿੰਘ ਜਿਸ ਨੂੰ ਪਟਨਾ ਹਾਈ ਕੋਰਟ ਨੇ ਬਰੀ ਕਰ ਦਿੱਤਾ, ਅਨੁਸਾਰ "ਭਾਜਪਾ ਕਾ ਸਰਕਾਰ ਜਿਸ ਸਮੇਂ ਥਾ... ਅਟਲ ਬਿਹਾਰੀ ਵਾਜਪਾਈ ਥੇ... ਉਸ ਸਮੇਂ ਥੇ ਯਸ਼ਵੰਤ ਸਿਨਹਾ... ਮੁਖੀਆ ਜੀ ਸੇ ਬਾਰ ਬਾਰ ਮਿਲਤੇ ਥੇ।" ਉਸ ਨੇ ਰਣਬੀਰ ਸੈਨਾ ਨੂੰ ਸਾਢੇ ਪੰਜ ਲੱਖ ਰੁਪਏ ਦਿੱਤੇ। ਰਾਸ਼ਟਰੀ ਲੋਕ ਸਮਤਾ ਪਾਰਟੀ (ਅੱਜ ਕੱਲ੍ਹ ਮੋਦੀ ਸਰਕਾਰ ਵਿਚ ਭਾਈਵਾਲ) ਦਾ ਐਮ.ਪੀ. ਅਰੁਨ ਕੁਮਾਰ ਰਣਬੀਰ ਸੈਨਾ ਦੇ ਮੈਂਬਰਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਂਦਾ ਸੀ। ਇਸੇ ਕਾਂਡ ਵਿਚ ਸ਼ਾਮਲ ਚੰਦਰ ਸ਼ੇਖਰ ਨੂੰ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਦਿੱਤੀ, ਪਰ ਪਟਨਾ ਹਾਈ ਕੋਰਟ ਨੇ ਬਰੀ ਕਰ ਦਿੱਤਾ।

ਭੋਲਾ ਰਾਏ ਜੋ ਹੁਣ ਟਾਟਾਨਗਰ ਵਿਚ ਲੁਕਿਆ ਹੋਇਆ ਹੈ, ਅਨੁਸਾਰ, ਸੈਨਾ ਦੇ 100 ਮੈਂਬਰਾਂ ਨੇ ਇਕਵਾੜੀ ਪਿੰਡ ਤੋਂ ਉਸ ਦੇ ਭਤੀਜੇ ਸੰਤੂ ਦੀ ਅਗਵਾਈ ਵਿਚ ਹਮਲਾ ਕੀਤਾ ਸੀ। ਰਵਿੰਦਰ ਚੌਧਰੀ ਨੇ ਦੱਸਿਆ ਕਿ ਕਿਵੇਂ ਰਣਬੀਰ ਸੈਨਾ ਨੇ ਸਰਕਾਰ ਨੂੰ ਜਗਾਉਣ ਲਈ ਇਕੋ ਵਕਤ 50 ਪਿੰਡਾਂ ਵਿਚ 50 ਕਤਲੇਆਮ ਕਰਨ ਦੀ ਯੋਜਨਾ ਉਲੀਕੀ। ਸਟੇਟ ਮਸ਼ੀਨਰੀ ਦੀ ਹਮਾਇਤ ਬਾਰੇ ਉਸ ਨੇ ਖ਼ੁਲਾਸਾ ਕੀਤਾ, "ਤੀਨ ਵਜੇ ਔਰ ਹਮਾਰੀ ਸੇਨਾ ਗੋਲੀ ਚਲਾਨਾ ਚਾਲੂ। ਤੀਨ ਵਜੇ ਦਿਨ ਮੇਂ ਵਹਾਂ ਪੁਲੀਸ ਚੌਕੀ ਭੀ ਥੀ, ਫਿਰ ਭੀ ਨਰਸੰਘਾਰ ਹੂਆ।" ਬਿਹਾਰ ਪੀਪਲਜ਼ ਪਾਰਟੀ ਦੇ ਆਨੰਦ ਮੋਹਨ ਸਿੰਘ ਦੇ ਸਹਿਯੋਗ ਬਾਰੇ ਉਸ ਨੇ ਖ਼ੁਲਾਸਾ ਕੀਤਾ- "ਆਨੰਦ ਮੋਹਨ ਆਏ, ਬੇਚਾਰੇ ਪੂਰਾ ਕਹਿ ਗਏ ਕੀ ਹਮਾਰੇ ਪਾਸ ਹਥਿਆਰੋਂ ਕਾ ਜਖ਼ੀਰਾ ਹੈ, ਜੋ ਜੋ ਭੀ ਹਥਿਆਰ ਚਾਹਤੇ ਹੋ, ਆਕਰ ਲੇ ਜਾਓ।" ਫ਼ੌਜ ਦੀ ਮਦਦ ਬਾਰੇ ਉਸ ਨੇ ਕਿਹਾ, "ਸਾਡੇ ਬੰਦੇ ਫ਼ੌਜ ਵਿਚ ਹਨ ਅਤੇ ਜਦੋਂ ਉਹ ਛੁੱਟੀ ਆਉਂਦੇ ਹਨ, ਸਾਨੂੰ ਸਿਖਲਾਈ ਦਿੰਦੇ ਸਨ... ਪਿੰਡ ਖਾਸਾ ਵੱਡਾ ਹੈ ਅਤੇ 200-400 ਬੰਦੇ ਫ਼ੌਜ ਵਿਚ ਹਨ।... ਜੇ ਹਰ ਟੱਬਰ ਦੇ ਇਕ-ਦੋ ਬੰਦੇ ਵੀ ਸਾਡੇ ਨਾਲ ਆਉਣ ਤਾਂ ਸਾਡੇ ਕੋਲ ਲੜਨ ਵਾਲੇ ਚੋਖੇ ਬੰਦੇ ਹੋ ਜਾਂਦੇ ਹਨ।"

ਕੀ ਅਜੇ ਵੀ ਮੁਲਕ ਦੇ ਨਿਆਂ ਪ੍ਰਬੰਧ ਨੂੰ ਸਬੂਤ ਚਾਹੀਦੇ ਹਨ ਕਿ ਹਿੰਦੂਤਵੀ ਜਥੇਬੰਦੀਆਂ, ਰਣਬੀਰ ਸੈਨਾ ਤੇ ਸ਼ਿਵ ਸੈਨਾ ਵਗੈਰਾ ਦਹਿਸ਼ਤਗਰਦ ਜਥੇਬੰਦੀਆਂ ਹਨ ਅਤੇ ਕਤਲੇਆਮ ਰਣਬੀਰ ਸੈਨਾ ਦੇ ਉਨ੍ਹਾਂ ਸਰਗਨਿਆਂ ਨੇ ਕੀਤੇ ਜਿਨ੍ਹਾਂ ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਹੈ?

*ਭਾਜਪਾਈ ਸੋਚ ਵਾਲੀਆਂ ਜਥੇਬੰਦੀਆਂ ਹਰ ਮੌਕਾ ਤਾੜ ਰਹੀਆਂ ਹਨ। ਉਹ ਸਿਆਸੀ ਗ਼ਲਬੇ ਨੂੰ ਸਾਹਿਤਕ-ਸਭਿਆਚਾਰਕ ਖੇਤਰ ਵਿਚ ਫੈਲਾਉਣਾ ਚਾਹੁੰਦੀਆਂ ਹਨ। ਉਨ੍ਹਾਂ ਦਾ ਕੰਮ ਅਵਾਮ ਨੂੰ ਸੀਲ ਕਰ ਕੇ ਇਹ ਸਮਝਾਉਣਾ ਹੈ ਕਿ ਉਨ੍ਹਾਂ ਦੀ ਸੋਚ ਹੀ ਮੁਲਕ ਤੇ ਸਮਾਜ ਦੀ ਸੁਰੱਖਿਆ, ਵਿਕਾਸ ਤੇ ਭਵਿੱਖ ਦੀ ਜ਼ਾਮਨੀ ਭਰਦੀ ਹੈ। ਇਸ ਸੋਚ ਉਤੇ ਸੁਆਲ ਕਰਨ ਵਾਲੇ ਹਰ ਸ਼ਬਦ ਨੂੰ ਉਹ ਸ਼ਬਦਕੋਸ਼ ਵਿਚੋਂ ਕੱਢ ਦੇਣਾ ਚਾਹੁੰਦੇ ਹਨ। ਉਹ ਭਾਜਪਾਈ ਸੋਚ ਉਤੇ ਹਰ ਸੁਆਲ ਨੂੰ ਦੇਸ਼-ਧ੍ਰੋਹ ਜਾਂ ਸਮਾਜਘਾਤ ਜਾਂ ਭਾਰਤੀ ਵਿਰਾਸਤ ਦੇ ਖ਼ਿਲਾਫ਼ ਸਾਜ਼ਿਸ਼ ਕਰਾਰ ਦੇਣਾ ਚਾਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅੱਠ ਸੌ ਸਾਲਾਂ ਬਾਅਦ ਮੁਲਕ ਵਿਚ ਹਿੰਦੂ ਰਾਜ ਆਇਆ ਹੈ, ਤਾਂ 'ਗ਼ੁਲਾਮੀ' ਦੀ ਹਰ ਨਿਸ਼ਾਨੀ ਮਿਟਾਈ ਜਾਣੀ ਚਾਹੀਦੀ ਹੈ।... ਨਕੁਲ ਸਿੰਘ ਸਾਹਨੀ ਦੀ ਦਸਤਾਵੇਜ਼ੀ ਫਿਲਮ 'ਮੁਜ਼ੱਫ਼ਰਨਗਰ ਬਾਕੀ ਹੈ...' ਇਸੇ ਪੱਖੋਂ ਅਹਿਮ ਹੈ। ਉਹ ਭਾਜਪਾਈ ਸੋਚ ਉਤੇ ਹਰ ਪੱਖੋਂ ਸੁਆਲ ਕਰਨ ਦੀ ਵਿੱਥ ਸਿਰਜਦੀ ਹੈ ਅਤੇ ਇਸ ਸੋਚ ਦੇ ਘੇਰੇ ਤੋਂ ਬਾਹਰ ਬਿਹਤਰ ਸਮਾਜ ਦੇ ਸੁਫ਼ਨੇ ਦੀ ਦੱਸ ਪਾਉਂਦੀ ਹੈ।*

# ਮੁਜ਼ੱਫ਼ਰਨਗਰ ਬਾਕੀ ਹੈ ਜਾਂ ਜਾਰੀ ਹੈ?

ਨਕੁਲ ਸਿੰਘ ਸਾਹਨੀ ਦੀ ਦਸਤਾਵੇਜ਼ੀ ਫਿਲਮ 'ਮੁਜ਼ੱਫ਼ਰਨਗਰ ਬਾਕੀ ਹੈ...' ਚਰਚਾ ਵਿਚ ਹੈ। ਭਾਜਪਾ ਦੀ ਵਿਦਿਆਰਥੀ ਜਥੇਬੰਦੀ- ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.), ਨੇ ਦਿੱਲੀ ਦੇ ਕਰੋੜੀ ਮੱਲ ਕਾਲਜ ਵਿਚ ਇਸ ਫਿਲਮ ਦੀ ਪਰਦਾਪੇਸ਼ੀ ਨੂੰ ਜ਼ਬਰਦਸਤੀ ਰੋਕਿਆ। ਪੱਛਮੀ ਉੱਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਅਤੇ ਸ਼ਾਮਲੀ ਜ਼ਿਲ੍ਹਿਆਂ ਵਿਚ ਫ਼ਿਰਕੂ ਫ਼ਸਾਦ ਹੋਏ ਸਨ ਜਿਨ੍ਹਾਂ ਵਿਚ ਸੌ ਤੋਂ ਜ਼ਿਆਦਾ ਜਾਨਾਂ ਗਈਆਂ ਸਨ। ਕਈ ਪਿੰਡਾਂ ਵਿਚ ਸਦੀਆਂ ਤੋਂ ਵਸਦਾ ਮੁਸਲਮਾਨ ਭਾਈਚਾਰਾ ਹਿਜਰਤ ਲਈ ਮਜਬੂਰ ਹੋਇਆ ਸੀ। ਕੜਕਦੀ ਠੰਢ ਤੇ ਰੜੇ ਮੈਦਾਨ ਵਿਚ ਤੰਬੂਆਂ ਹੇਠ ਗੁਜ਼ਾਰਾ ਕਰਨ ਲਈ ਮਜਬੂਰ ਹੋਇਆ ਤਬਕਾ ਖ਼ਬਰਾਂ ਵਿਚ ਆਇਆ ਸੀ। ਪ੍ਰਸ਼ਾਸਨ ਅਤੇ ਸਿਆਸਤਦਾਨਾਂ ਨੇ ਆਪੋ-ਆਪਣੇ ਦਾਅਵਿਆਂ ਨੂੰ ਠੀਕ ਸਾਬਤ ਕਰਨ ਲਈ ਇਨ੍ਹਾਂ ਰਾਹਤਾਂ ਕੈਂਪਾਂ ਨੂੰ ਛੋਟੇ-ਵੱਡੇ ਦਰਸਾਉਣ ਦੀ ਕਵਾਇਦ ਕੀਤੀ ਸੀ। ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਇਨ੍ਹਾਂ ਕੈਂਪਾਂ ਨੂੰ ਬੰਦ ਕਰਨ ਲਈ ਬੁਲਡੋਜ਼ਰਾਂ ਤੱਕ ਦੀ ਵਰਤੋਂ ਕੀਤੀ ਸੀ। ਨਕੁਲ ਸਿੰਘ ਸਾਹਨੀ ਦੀ ਦਸਤਾਵੇਜ਼ੀ ਫਿਲਮ ਇਨ੍ਹਾਂ ਤੱਥਾਂ ਪਿਛਲੀ ਸੋਚ, ਤਫ਼ਸੀਲ ਅਤੇ ਪੀੜ ਨੂੰ ਸਮਝਣ ਦਾ ਤਰੱਦਦ ਹੈ।




**ਦਲਜੀਤ ਅਮੀ**
**ਫੋਨ: +1(253) 455-8932**

ਨਕੁਲ ਨੇ ਆਪਣੇ ਕੈਮਰੇ ਰਾਹੀਂ ਉਨ੍ਹਾਂ ਸਮਿਆਂ ਵਿਚ ਉਸ ਇਲਾਕੇ ਉਤੇ ਨਜ਼ਰ ਰੱਖੀ; ਉਸ ਇਲਾਕੇ ਦੀ ਹੋਣੀ ਨੂੰ ਮੁਲਕ ਦੀ ਸਿਆਸਤ ਅਤੇ ਇਤਿਹਾਸ ਨਾਲ ਜੋੜ ਕੇ ਸਮਝਣ ਦਾ ਉਪਰਾਲਾ ਕੀਤਾ। ਨਕੁਲ ਨੇ ਉਨ੍ਹਾਂ ਫ਼ਸਾਦ ਨਾਲ ਮਜ਼ਬੂਤ ਹੋਈ ਫ਼ਿਰਕੂ ਵੰਡੀ ਅਤੇ ਟੁੱਟੀ ਸਮਾਜਕ ਤੇ ਤਬਕਾਤੀ ਸਾਂਝ ਦੀਆਂ ਗਵਾਹੀਆਂ ਦਰਜ ਕੀਤੀਆਂ। ਇਸ ਫਿਲਮ ਵਿਚ ਗਲੀਆਂ 'ਚ ਦੰਗਾਬਾਜ਼ਾਂ ਦੀਆਂ ਗਾਲਾਂ ਅਤੇ ਭਾਜਪਾ ਦੇ ਸਿਆਸੀ ਜਲਸੇ ਇਕੋ ਲੜੀ ਦੀਆਂ ਕੜੀਆਂ ਵਜੋਂ ਪੇਸ਼ ਹੁੰਦੇ ਹਨ। ਕੁਝ ਸ਼ਬਦਾਂ ਦੇ ਹੇਰ-ਫੇਰ ਨਾਲ ਗਾਲਾਂ, ਨਾਅਰੇ ਅਤੇ ਸਿਆਸਤਦਾਨਾਂ ਦੇ ਜਲਸੇ ਇਕ-ਦੂਜੇ ਦਾ ਪਸਾਰਾ ਜਾਪਣ ਲੱਗਦੇ ਹਨ। ਸਿੱਧੀਆਂ ਲਕੀਰਾਂ ਪਾਉਣੀਆਂ ਸਿੱਖ ਰਹੇ ਬੱਚੇ, ਆਪਣੇ ਮਾਰੇ ਗਏ ਮਾਪਿਆਂ ਦੇ ਆਖ਼ਰੀ ਪਲਾਂ ਨੂੰ ਕਾਗ਼ਜ਼ ਉਤੇ ਬਿਆਨ ਕਰਦੇ ਹਨ। ਬਾਲਗ, ਬੱਚਿਆਂ ਨੂੰ ਫ਼ਿਰਕੂ ਸੋਚ ਤੋਂ ਬਚਾਉਣ ਦੇ ਨਾਕਾਮਯਾਬ ਆਹਰ ਵਿਚ ਲੱਗੇ ਹਨ। ਨਕੁਲ ਦਾ ਕੈਮਰਾ ਦੰਗਿਆਂ ਦੇ ਤੱਥਾਂ ਤੋਂ ਅੱਗੇ ਨਿਕਲ ਕੇ ਮਨੁੱਖੀ ਪੀੜ ਅਤੇ ਦੁਸ਼ਵਾਰੀਆਂ ਨੂੰ ਫੜਨ ਦਾ ਉਪਰਾਲਾ ਕਰਦਾ ਹੈ। ਇਹ ਬੇਕਿਰਕੀ ਦੀ ਸੋਚ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਦਲੀਲ ਨੂੰ ਰੱਦ ਕਰ ਕੇ ਨਫ਼ਰਤ ਨਾਲ ਚੱਲਣ ਵਾਲੀ ਸਿਆਸਤ ਦੀਆਂ ਤੰਦਾਂ ਨੂੰ ਗਲੀਆਂ ਵਿਚ ਡੁੱਲ੍ਹੇ ਮਨੁੱਖੀ ਖ਼ੂਨ ਤੋਂ ਥਾਣਿਆਂ, ਜਲਸਿਆਂ ਰਾਹੀਂ ਅਖ਼ਬਾਰਾਂ-ਟੈਲੀਵਿਜ਼ਨਾਂ ਵਿਚੋਂ ਹੁੰਦਾ ਹੋਇਆ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣ ਦੇ ਸਫ਼ਰ ਨਾਲ ਜੋੜਦਾ ਹੈ।

'ਮੁਜ਼ੱਫ਼ਰਨਗਰ ਬਾਕੀ ਹੈ...' ਇਕ ਪਾਸੇ ਕਤਲੇਆਮ ਦੀਆਂ ਤਫ਼ਸੀਲਾਂ ਦਰਜ ਕਰਦੀ ਹੈ, ਦੂਜੇ ਪਾਸੇ ਫ਼ਿਰਕੂ ਸੋਚ ਦੀ ਪੈੜ ਨੱਪਦੀ ਹੋਈ ਸਿਆਸਤਦਾਨਾਂ ਦੇ ਬੋਲਿਆਂ ਵਿਚੋਂ ਸਿਧਾਂਤਕ ਪੈਂਤੜਾ ਉਜਾਗਰ ਕਰਦੀ ਹੈ। ਜਦੋਂ ਸਮਕਾਲੀਆਂ ਦੇ ਕਤਲੇਆਮ ਉਤੇ ਦਸਤਾਵੇਜ਼ੀ ਫਿਲਮ ਬਣ ਰਹੀ ਹੋਵੇ, ਤਾਂ ਕਤਲ ਨੂੰ ਅੰਜ਼ਾਮ ਦੇਣ ਵਾਲੇ ਤੋਂ ਸ਼ਹਿ ਦੇਣ ਵਾਲੇ ਅਤੇ ਕਾਤਲਾਨਾ ਸੋਚ ਦਾ ਮੁੱਢ ਬੰਨ੍ਹਣ ਵਾਲਿਆਂ ਦਾ ਜ਼ਿਕਰ ਹੁੰਦਾ ਹੀ ਹੈ। ਨਕੁਲ ਦੀ ਫਿਲਮ ਇਹ ਕੜੀਆਂ ਜੋੜਦੀ ਹੋਈ ਮੁਕਾਮੀ ਬੁਰਛਾਗਰਦਾਂ ਤੋਂ ਭਾਜਪਾ ਦੇ ਆਗੂ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੱਕ ਦਾ ਰਿਸ਼ਤਾ ਸਾਫ਼ ਕਰਦੀ ਹੈ। ਇਸ ਤੋਂ ਅੱਗੇ ਜਾ ਕੇ ਕਤਲੇਆਮ ਦੇ ਮੁਲਜ਼ਮਾਂ ਦੇ ਸਿਆਸੀ ਉਭਾਰ ਅਤੇ ਉਨ੍ਹਾਂ ਦੇ ਸਮਾਜਕ-ਸਿਆਸੀ-ਕਾਨੂੰਨੀ 'ਚੋਰ-ਮੋਰੀਆਂ' ਵਿਚੋਂ 'ਬਾਇੱਜ਼ਤ' ਬਚ ਨਿਕਲਣ ਦਾ ਗੌਣ ਢਾਂਚਾ ਬੇਪਰਦ ਕਰਦਾ ਹੈ।

ਫ਼ਿਰਕੂ ਫ਼ਸਾਦ ਅਤੇ ਗੰਨਾ ਮਿੱਲਾਂ ਦੇ ਬਾਹਰ ਰੁਲਦੇ ਗੰਨੇ ਦੀ ਕਹਾਣੀ ਬਿਆਨ ਕਰਦਾ ਹੋਇਆ ਨਕੁਲ ਸਮਝਾਉਂਦਾ ਹੈ ਕਿ ਗਲੀਆਂ ਵਿਚ ਡੁੱਲ੍ਹਿਆ ਖ਼ੂਨ ਟੁੱਟੀ ਸਾਂਝ ਰਾਹੀਂ ਮੁਨਾਫ਼ਾਖ਼ੋਰ ਦੀ ਜੇਬ ਭਰਦਾ ਹੈ। ਇਕੋ ਝਟਕੇ ਨਾਲ ਕਿਸਾਨ ਦੇ ਧੜੱਲੇਦਾਰ ਆਗੂ ਬੇਅਸਰ ਹੋ ਜਾਂਦੇ ਹਨ। ਮੋਢੇ ਨਾਲ ਮੋਢੇ ਜੋੜ ਕੇ ਮਿਹਨਤ ਦਾ ਮੁੱਲ ਮੰਗਣ ਵਾਲੇ ਇਕ-ਦੂਜੇ ਦੀ ਪਛਾਣ ਮਜ਼ਹਬਾਂ ਦੇ ਹਵਾਲੇ ਨਾਲ ਕਰਦੇ ਹਨ। ਗਲੀਆਂ ਵਿਚ ਖ਼ੂਨ ਡੁੱਲ੍ਹਦਾ ਅਤੇ ਖੇਤਾਂ ਵਿਚ ਡੁੱਲ੍ਹਿਆ ਮੁੜ੍ਹਕਾ ਮਿੱਲਾਂ ਦੇ ਬਾਹਰ ਬੇਕਦਰ ਹੁੰਦਾ ਹੈ। ਅਣਵਿਕਿਆ ਗੰਨਾ ਕਿਸਾਨੀ ਦਾ ਸੁਆਦ ਕੁਸੈਲਾ ਕਰਦਾ ਹੈ। ਜਦੋਂ ਇਹ ਪੱਖ ਉਜਾਗਰ ਹੁੰਦਾ ਹੈ ਤਾਂ ਨਕੁਲ ਉਨ੍ਹਾਂ ਤਾਕਤਾਂ ਦੀ ਨਿਸ਼ਾਹਦੇਹੀ ਕਰਨ ਦਾ ਤਰੱਦਦ ਕਰਦਾ ਹੈ ਜੋ ਕਤਲੇਆਮ ਦੇ ਖ਼ਦਸ਼ਿਆਂ ਅਤੇ ਦਲੀਲ ਤੇ ਦਰਦਮੰਦੀ ਦੀ ਸਿਆਸਤ ਦੀ ਬਾਤ ਪਾਉਂਦਾ ਹੈ। ਉਹ ਨਿਮਾਣੇ ਅਤੇ ਨਿਗੁਣੇ ਮਨੁੱਖੀ ਉਪਰਾਲਿਆਂ ਦੀ ਗਵਾਹੀ ਭਰਦਾ ਹੈ ਤੇ ਸਾਫ਼ ਕਰਦਾ ਹੈ ਕਿ ਦਰਦਮੰਦੀ ਅਤੇ ਸਮਾਜਕ ਇਨਸਾਫ਼ ਦੀ ਲੜਾਈ ਦਿਨੋ-ਦਿਨ ਔਖੀ ਹੁੰਦੀ ਜਾ ਰਹੀ ਹੈ। ਸਮਝ ਇਹੋ ਉਭਰਦੀ ਹੈ ਕਿ ਫ਼ਿਰਕੂ ਸਿਆਸਤ ਦਾ ਟੀਚਾ ਮਨੁੱਖ ਨੂੰ ਦਲੀਲ ਦੇ ਘੇਰੇ ਵਿਚ ਕੱਢ ਕੇ ਸ਼ਰਧਾ ਨਾਲ ਜੋੜਨਾ ਤੇ ਸੀਲ ਸ਼ਹਿਰੀ ਬਣਾਉਣਾ ਹੈ।






*ਅੱਜ ਕੱਲ੍ਹ ਚਰਚਾ ਵਿਚ ਚੱਲ ਰਹੀ ਫਿਲਮ 'ਮੁਜ਼ੱਫ਼ਰਨਗਰ ਬਾਕੀ ਹੈ...' ਦਾ ਟਾਈਟਲ ਅਤੇ ਫਿਲਮਸਾਜ਼ ਨਕੁਲ ਸਿੰਘ ਸਾਹਨੀ।*

ਨਕੁਲ ਦੀ ਫਿਲਮ ਉੱਤੇ ਭਾਜਪਾਈ ਜਥੇਬੰਦੀਆਂ ਦੀ ਔਖ ਸਮਝ ਆਉਂਦੀ ਹੈ। ਇਸ ਔਖ ਦੀ ਗੱਲ ਕਰਨ ਤੋਂ ਪਹਿਲਾਂ ਇਹ ਸੁਆਲ ਜਾਇਜ਼ ਬਣਦਾ ਹੈ ਕਿ ਫਿਲਮ ਤੋਂ ਕਿਸੇ ਨੂੰ ਖ਼ਤਰਾ ਕੀ ਹੈ? ਜਦੋਂ ਭਾਜਪਾਈ ਸੋਚ ਨੂੰ ਸਿਆਸੀ ਪਿੜ ਵਿਚ ਕੋਈ ਵੱਡੀ ਵੰਗਾਰ ਨਹੀਂ ਹੈ, ਫਿਰ ਇਸ ਦੀਆਂ ਜਥੇਬੰਦੀਆਂ ਦਸਤਾਵੇਜ਼ੀ ਖ਼ਿਲਾਫ਼ ਹਮਲਾਵਰ ਰੁਖ਼ ਕਿਉਂ ਅਖ਼ਤਿਆਰ ਕਰਦੀਆਂ ਹਨ? ਦਸਅਸਲ ਇਹੋ ਸੁਆਲ ਮੌਜੂਦਾ ਮਾਹੌਲ ਨੂੰ ਸਮਝਣ ਦੀ ਕੁੰਜੀ ਬਣਦੇ ਹਨ। ਭਾਜਪਾਈ ਜਾਂ ਬੁਨਿਆਦਪ੍ਰਸਤੀ ਦੀ ਸੋਚ ਦਾ ਪਸਾਰਾ ਲਗਾਤਾਰ ਹੋਇਆ ਹੈ, ਪਰ ਕੇਂਦਰ ਵਿਚ ਮੋਦੀ ਸਰਕਾਰ ਬਣਨ ਨਾਲ ਇਨ੍ਹਾਂ ਦਾ ਰੁਖ਼ ਹੋਰ ਹਮਲਾਵਰ ਹੋਇਆ ਹੈ। ਅੰਧ-ਵਿਸ਼ਵਾਸ਼ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਨਰੇਂਦਰ ਦਾਭੋਲਕਰ ਦਾ ਕਤਲ, ਕਬੀਰ ਕਲਾ ਮੰਚ ਖ਼ਿਲਾਫ਼ ਦੇਸ਼-ਧ੍ਰੋਹ ਦਾ ਮੁਕੱਦਮਾ, ਮਹਾਰਾਸ਼ਟਰ ਵਿਚ ਕਾਮਰੇਡ ਗੋਬਿੰਦ ਪਨਸਾਰੇ ਦਾ ਕਤਲ, ਤੀਸਤਾ ਸੇਤਲਵਾਡ ਤੇ ਸੰਜੀਵ ਭੱਟ ਦੀ ਘੇਰਾਬੰਦੀ, ਆਨੰਦ ਪਟਵਰਧਨ ਦੀ ਦਸਤਾਵੇਜ਼ੀ ਫਿਲਮ 'ਰਾਮ ਕੇ ਨਾਮ' ਦੀ ਪਰਦਾਪੇਸ਼ੀ ਖ਼ਿਲਾਫ਼ ਮੁਹਿੰਮ, ਆਈ.ਆਈ.ਟੀ. ਮਦਰਾਸ ਵਿਚ ਅੰਬੇਦਕਰ ਪੇਰੀਆਰ ਸਟੱਡੀ ਸੈਂਟਰ ਉਤੇ ਪਾਬੰਦੀ, ਜੀ.ਐਨ. ਸਾਈਬਾਬਾ ਦੀ ਗ੍ਰਿਫ਼ਤਾਰੀ, ਬੈਂਡੀ ਡੋਨੀਗਰ ਦੀ ਕਿਤਾਬ ਉਤੇ ਪਾਬੰਦੀ ਅਤੇ ਤਾਮਿਲ ਲੇਖਕ ਮੁਰੂਗਨ ਦਾ ਆਪਣੀ ਮੌਤ ਦਾ ਐਲਾਨ, ਸਭ ਇਕੋ ਲੜੀ ਦੀਆਂ ਕੜੀਆਂ ਹਨ। ਇਸੇ ਦੌਰਾਨ ਭਾਜਪਾ ਨੇ ਅਜਿਹੇ ਬੰਦਿਆਂ ਨੂੰ ਅਹਿਮ ਅਦਾਰਿਆਂ ਵਿਚ ਅਹੁਦੇ ਦਿੱਤੇ ਹਨ ਜੋ ਆਪਣੀ ਮੂਲਵਾਦੀ ਸੋਚ ਲਈ ਜਾਣੇ ਜਾਂਦੇ ਹਨ।

ਮੌਜੂਦਾ ਹਾਲਾਤ ਵਿਚ ਭਾਜਪਾਈ ਸੋਚ ਵਾਲੀਆਂ ਜਥੇਬੰਦੀਆਂ ਹਰ ਮੌਕਾ ਤਾੜ ਰਹੀਆਂ ਹਨ। ਉਹ ਸਿਆਸੀ ਗ਼ਲਬੇ ਨੂੰ ਸਾਹਿਤਕ-ਸਭਿਆਚਾਰਕ ਖੇਤਰ ਵਿਚ ਫੈਲਾਉਣਾ ਚਾਹੁੰਦੀਆਂ ਹਨ। ਇਸ ਮਾਮਲੇ ਵਿਚ ਉਨ੍ਹਾਂ ਦਾ ਕੰਮ ਅਵਾਮ ਨੂੰ ਸੀਲ ਕਰ ਕੇ ਇਹ ਸਮਝਾਉਣਾ ਹੈ ਕਿ ਉਨ੍ਹਾਂ ਦੀ ਸੋਚ ਹੀ ਮੁਲਕ ਅਤੇ ਸਮਾਜ ਦੀ ਸੁਰੱਖਿਆ, ਵਿਕਾਸ ਅਤੇ ਭਵਿੱਖ ਦੀ ਜ਼ਾਮਨੀ ਭਰਦੀ ਹੈ। ਇਸ ਸੋਚ ਉਤੇ ਸੁਆਲ ਕਰਨ ਵਾਲੇ ਹਰ ਸ਼ਬਦ ਨੂੰ ਉਹ ਸ਼ਬਦਕੋਸ਼ ਵਿਚੋਂ ਕੱਢ ਦੇਣਾ ਚਾਹੁੰਦੇ ਹਨ। ਉਹ ਭਾਜਪਾਈ ਸੋਚ ਉਤੇ ਹਰ ਸੁਆਲ ਨੂੰ ਦੇਸ਼-ਧ੍ਰੋਹ ਜਾਂ ਸਮਾਜਘਾਤ ਜਾਂ ਭਾਰਤੀ ਵਿਰਾਸਤ ਦੇ ਖ਼ਿਲਾਫ਼ ਸਾਜ਼ਿਸ਼ ਕਰਾਰ ਦੇਣਾ ਚਾਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅੱਠ ਸੌ ਸਾਲਾਂ ਬਾਅਦ ਇਸ ਮੁਲਕ ਵਿਚ ਹਿੰਦੂ ਰਾਜ ਆਇਆ ਹੈ, ਤਾਂ 'ਗ਼ੁਲਾਮੀ' ਦੀ ਹਰ ਨਿਸ਼ਾਨੀ ਮਿਟਾਈ ਜਾਣੀ ਚਾਹੀਦੀ ਹੈ।

ਨਕੁਲ ਦੀ ਫਿਲਮ ਇਸੇ ਪੱਖੋਂ ਅਹਿਮ ਹੈ। ਉਹ ਭਾਜਪਾਈ ਸੋਚ ਉਤੇ ਹਰ ਪੱਖੋਂ ਸੁਆਲ ਕਰਨ ਦੀ ਵਿੱਥ ਸਿਰਜਦੀ ਹੈ ਅਤੇ ਇਸ ਸੋਚ ਦੇ ਘੇਰੇ ਤੋਂ ਬਾਹਰ ਬਿਹਤਰ ਸਮਾਜ ਦੇ ਸੁਫ਼ਨੇ ਦੀ ਦੱਸ ਪਾਉਂਦੀ ਹੈ। ਦਸਤਾਵੇਜ਼ੀ ਫਿਲਮ ਦੀ ਭਾਵੇਂ ਮੁਲਕ ਵਿਚ ਪਹੁੰਚ ਬਹੁਤ ਘੱਟ ਹੈ, ਪਰ ਭਾਜਪਾਈ ਉਸੇ ਤਬਕੇ ਨੂੰ ਮੁਖ਼ਾਤਬ ਹੋਣਾ ਚਾਹੁੰਦੀ ਹੈ। ਇਹ ਤਬਕਾ ਦਲੀਲ ਨਾਲ ਸੋਚਦਾ ਹੈ ਅਤੇ ਆਵਾਮ ਦੀ ਹਰ ਵੰਡੀ ਤੋਂ ਪਾਰ ਕਰ ਕੇ ਮਨੁੱਖ ਨਾਲ ਮਨੁੱਖ ਦੀ ਸਾਂਝ ਦੀ ਹਾਮੀ ਭਰਦਾ ਹੈ। ਕੁਲ ਮਿਲਾ ਕੇ ਇਹ ਤਬਕਾ ਭਾਵੇਂ ਮੁਲਕ ਦੇ ਅਹਿਮ ਫ਼ੈਸਲਿਆਂ ਉਤੇ ਅਸਰਅੰਦਾਜ਼ ਨਾ ਹੋਵੇ, ਪਰ ਇਹ ਸੁਆਲਾਂ ਦਾ ਛੱਟਾ ਦਿੰਦਾ ਹੈ। ਨਿਜ਼ਾਮ ਨੂੰ ਕਿਤੇ ਨਾ ਕਿਤੇ ਇਨ੍ਹਾਂ ਸੁਆਲਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਇਸ ਤਬਕੇ ਵਿਚੋਂ ਦਲੀਲਮੰਦੀ ਅਤੇ ਦਰਦਮੰਦੀ ਵਾਲੀ ਸਿਆਸਤ ਦੀ ਗੱਲ ਤੁਰਦੀ ਹੈ। ਭਾਜਪਾਈ ਸੋਚ ਵਾਲੀਆਂ ਜਥੇਬੰਦੀਆਂ ਨੂੰ ਆਪਣੀ ਸਮਝ ਅਤੇ ਕਾਰਗੁਜ਼ਾਰੀ ਉਤੇ ਹਰ ਸੁਆਲ ਨਾਖ਼ੁਸ਼ਗਵਾਰ ਜਾਪਦਾ ਹੈ। ਇਸੇ ਕਰ ਕੇ ਸੁਆਲ ਕਰਨ ਵਾਲਿਆਂ ਨੂੰ ਦੇਸ਼-ਧ੍ਰੋਹੀ ਤੋਂ ਹਿੰਦੂ-ਵਿਰੋਧੀ ਅਤੇ ਨਕਸਲੀ ਜਾਂ ਅਤਿਵਾਦੀ ਹੋਣ ਤੱਕ ਦੇ ਵਿਸ਼ੇਸ਼ਣ ਦਿੱਤੇ ਜਾ ਰਹੇ ਹਨ।

ਦਸਤਾਵੇਜ਼ੀ ਫਿਲਮਾਂ ਤੋਂ ਭਾਜਪਾਈਆਂ ਦੀ ਔਖ ਦਾ ਲੰਮਾ ਇਤਿਹਾਸ ਹੈ। ਆਨੰਦ ਪਟਵਰਧਨ ਤੋਂ ਰਾਕੇਸ਼ ਕੁਮਾਰ ਅਤੇ ਗੋਪਾਲ ਮੈਨਨ ਤੋਂ ਸੰਜੇ ਕਾਕ ਦੀਆਂ ਫਿਲਮਾਂ ਦਾ ਲੰਮਾ ਇਤਿਹਾਸ ਹੈ। 'ਮੁਜ਼ੱਫ਼ਰਨਗਰ ਬਾਕੀ ਹੈ...' ਇਸੇ ਰੁਝਾਨ ਵਿਚ ਨਵੀਂ ਕੜੀ ਹੈ। ਇਸ ਫਿਲਮ ਵਿਚ ਇਸ ਨੂੰ ਬਣਾਉਣ ਦੀਆਂ ਔਕੜਾਂ ਵਿਚ ਦਰਜ ਹਨ। ਪਰਦਾਪੇਸ਼ੀ ਦੌਰਾਨ ਆਉਣ ਵਾਲੀਆਂ ਔਕੜਾਂ ਨੇ ਹੁਣ ਬਣਾਉਣ ਵੇਲੇ ਤੱਕ ਪਸਾਰਾ ਕਰ ਲਿਆ ਹੈ। ਇਨ੍ਹਾਂ ਹਾਲਾਤ ਵਿਚ ਦੱਸ ਇਹ ਪੈਂਦੀ ਹੈ ਕਿ ਅਜਿਹੀਆਂ ਫਿਲਮਾਂ ਬਣਾਉਣੀਆਂ ਹੁਣ ਸੁਖਾਲਾ ਨਹੀਂ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਔਖਾ ਹੋ ਸਕਦਾ ਹੈ। ਇਸ ਫਿਲਮ ਵਿਚ ਦਰਜ ਹੈ ਕਿ ਪਿਛਲੀਆਂ ਫਿਲਮਾਂ ਵਿਚ ਫ਼ਿਰਕੂ ਜਨੂੰਨ ਉਤੇ ਸੁਆਲ ਕਰਨ ਵਾਲਿਆਂ ਦੀ ਅਸਰਦਾਰ ਆਵਾਜ਼ ਹੁਣ ਕਮਜ਼ੋਰ ਹੋ ਰਹੀ ਹੈ। ਜੋ ਸੁਆਲ ਪਹਿਲੀਆਂ ਫਿਲਮਾਂ ਵਿਚ ਠੋਸ ਨਜ਼ਰ ਆਉਂਦੇ ਸਨ, ਉਹ 'ਮੁਜ਼ੱਫ਼ਰਨਗਰ ਬਾਕੀ ਹੈ...' ਤੱਕ ਕੁਰੇਦ ਕੇ ਲੱਭਣੇ ਪੈਂਦੇ ਹਨ। ਮਾਮਲਾ ਸਾਫ਼ ਹੈ ਕਿ ਗ਼ਾਲਬ ਧਿਰ ਦਾ ਦਬਦਬਾ ਮੁਲਕ ਵਿਚ ਵਧ ਰਿਹਾ ਹੈ ਤਾਂ ਸਿਆਸੀ ਦਸਤਾਵੇਜ਼ੀ ਫਿਲਮਾਂ ਬਣਾਉਣ ਲਈ ਵਧੇਰੇ ਹੁਨਰ ਅਤੇ ਦ੍ਰਿੜਤਾ ਦੀ ਲੋੜ ਪੈਣ ਵਾਲੀ ਹੈ। ਜੇ ਫਿਲਮ ਬਣਾਉਣ ਨਾਲ ਖ਼ਦਸ਼ੇ ਜੁੜੇ ਹੋਏ ਹਨ ਤਾਂ ਪਰਦਾਪੇਸ਼ੀ ਹੋਰ ਜ਼ਿਆਦਾ ਮੁਸ਼ਕਿਲ ਹੋਣ ਵਾਲੀ ਹੈ। ਸੁਆਲਾਂ ਵਾਲੀਆਂ ਫਿਲਮਾਂ ਨੂੰ ਥਾਂ ਦੇਣ ਵਾਲੇ ਅਦਾਰਿਆਂ ਦਾ ਖ਼ਾਸਾ ਬਦਲ ਰਿਹਾ ਹੈ। ਇਸ ਮਾਹੌਲ ਵਿਚ 'ਮੁਜ਼ੱਫ਼ਰਨਗਰ ਬਾਕੀ ਹੈ...' ਸਿਰਫ਼ ਫਿਲਮ ਦਾ ਨਾਮ ਨਹੀਂ ਹੈ, ਸਗੋਂ ਇਹ ਦਸਤਾਵੇਜ਼ੀ ਫਿਲਮਸਾਜ਼ੀ ਦੇ ਮੌਜੂਦਾ ਦੌਰ ਦਾ ਬਿੰਬ ਹੈ। 'ਮੁਜ਼ੱਫ਼ਰਨਗਰ ਬਾਕੀ ਹੈ...' ਦਰਅਸਲ ਦਸਤਾਵੇਜ਼ੀ ਫਿਲਮਾਂ ਖ਼ਿਲਾਫ਼ ਬਣਾਏ ਜਾ ਰਹੇ ਮਾਹੌਲ ਦੇ ਐਨ ਬਰਾਬਰ ਕੋਈ ਮੌਕਾ ਹੈ। ਜੇ ਇਸ ਦੌਰ ਵਿਚ ਅਜਿਹੇ ਹਰ ਮੌਕੇ ਨੂੰ ਸੰਘਰਸ਼ ਵਿਚ ਤਬਦੀਲ ਨਾ ਕੀਤਾ ਗਿਆ, ਤਾਂ ਆਉਂਦੇ ਦਿਨਾਂ ਦੌਰਾਨ ਚੁੱਪ ਦੀ ਭਿਆਨਕਤਾ ਠੋਸ ਰੂਪ ਅਖ਼ਤਿਆਰ ਕਰੇਗੀ।

# ਪਾਕਿਸਤਾਨ ਦੀ ਵਿਦੇਸ਼ ਨੀਤੀ

**ਆਰਿਫ ਨਿਜ਼ਾਮੀ**

ਅਤਿਵਾਦ ਵਿਰੋਧੀ ਮੁਹਾਜ਼ 'ਤੇ ਪਿਛਲੇ ਐਤਵਾਰ ਤੱਕ ਸਾਰਾ ਕੁਝ ਠੀਕ-ਠਾਕ ਨਜ਼ਰ ਆਉਂਦਾ ਸੀ, ਪਰ ਪੰਜਾਬ ਦੇ ਗ੍ਰਹਿ ਮੰਤਰੀ ਅਤੇ ਅਤਿਵਾਦ ਵਿਰੋਧੀ ਲੜਾਈ ਦੇ ਅਹਿਮ ਥੰਮ੍ਹ ਸ਼ੁਜਾ ਖਾਨਜ਼ਾਦਾ ਦਾ ਉਨ੍ਹਾਂ ਦੇ ਜੱਦੀ ਕਸਬੇ ਵਿਚ ਘਾਤਕ ਹਮਲੇ ਦੌਰਾਨ ਹੋਇਆ ਕਤਲ ਇਸ ਗੱਲ ਦੀ ਚਿਤਾਵਨੀ ਹੈ ਕਿ ਅਸੀਂ ਸੱਪ ਨੂੰ ਫੱਟੜ ਹੀ ਕੀਤਾ ਹੈ, ਉਸ ਦਾ ਖਾਤਮਾ ਨਹੀਂ ਕੀਤਾ। ਪੰਜਾਬ ਪੁਲਿਸ ਵੱਲੋਂ ਖ਼ਤਰਨਾਕ ਅਤਿਵਾਦੀ ਮਲਿਕ ਇਸਹਾਕ ਅਤੇ ਉਸ ਦੇ ਪੁੱਤਰਾਂ ਖਿਲਾਫ਼ ਕੀਤੀ ਕਾਰਵਾਈ ਤੋਂ ਬਾਅਦ ਲਸ਼ਕਰ-ਏ-ਝੰਗਵੀ ਵੱਲੋਂ ਅਜਿਹਾ ਕੋਈ ਜਵਾਬੀ ਹਮਲਾ ਕੀਤਾ ਜਾਣਾ ਤੈਅ ਹੀ ਸੀ।

ਦਹਿਸ਼ਤਗਰਦਾਂ ਨੇ ਆਪਣਾ ਸੰਦੇਸ਼ ਉਚੀ ਤੇ ਸਪਸ਼ਟ ਆਵਾਜ਼ ਵਿਚ ਦਿੱਤਾ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਅਤੇ ਪੰਜਾਬ ਦੀ ਲੀਡਰਸ਼ਿਪ ਵਿਚਕਾਰ ਜੋ ਕਥਿਤ ਜੰਗਬੰਦੀ ਹੋਈ ਸੀ, ਉਹ ਇਸ ਇਕੱਲੇ ਅਤਿਵਾਦੀ ਹਮਲੇ ਨਾਲ ਟੁੱਟ ਗਈ ਹੈ। ਟੀ.ਟੀ.ਪੀ. ਦੀ ਛਤਰ-ਛਾਇਆ ਹੇਠ ਕੰਮ ਕਰਨ ਵਾਲੇ ਭਾਂਤ ਭਾਂਤ ਦੇ ਅਤਿਵਾਦੀ ਗਰੁੱਪ ਲੜਾਈ ਨੂੰ ਹੁਣ ਅਗਲੇ ਪੱਧਰ ਤੱਕ ਲੈ ਗਏ ਹਨ। ਘੱਟ-ਗਿਣਤੀਆਂ ਅਤੇ ਸੁਰੱਖਿਆ ਬਲਾਂ ਨੂੰ ਤਾਂ ਭਾਵੇਂ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ, ਪਰ ਗੰਭੀਰ ਖ਼ਤਰੇ ਹੇਠ ਹੋਣ ਦੇ ਬਾਵਜੂਦ ਸੂਬੇ ਦੀ ਸਿਆਸੀ ਲੀਡਰਸ਼ਿਪ 'ਤੇ ਕਦੇ ਕੋਈ ਸਫਲ ਹਮਲਾ ਨਹੀਂ ਸੀ ਹੋਇਆ। ਜੋ ਵੀ ਹੋਵੇ, ਅਤਿਵਾਦੀਆਂ ਨੇ ਤਾਂ ਵੰਗਾਰ ਦੇ ਦਿੱਤੀ ਹੈ। ਦਾਅਵੇ ਭਾਵੇਂ ਇਹ ਕੀਤੇ ਜਾ ਰਹੇ ਸਨ ਕਿ ਅਤਿਵਾਦੀ ਦੌੜ ਰਹੇ ਹਨ, ਪਰ ਉਹ ਅਜੇ ਵੀ ਮੁਲਕ ਲਈ ਖ਼ਤਰਾ ਹਨ। ਸਾਫ ਤੌਰ 'ਤੇ ਜ਼ਾਹਿਰ ਹੀ ਹੈ ਕਿ ਅਫ਼ਗਾਨ ਜਹਾਦ ਦੇ ਸਮੇਂ ਤੋਂ ਜਿਸ ਚੀਜ਼ ਨੂੰ ਸਟੇਟ ਵੱਲੋਂ ਇੰਨੀ ਵੱਡੀ ਪੱਧਰ 'ਤੇ ਪਾਲਿਆ-ਪੋਸਿਆ ਜਾਂਦਾ ਰਿਹਾ ਹੈ, ਉਸ ਦਾ ਇਕ-ਦੋ ਵਰ੍ਹਿਆਂ ਵਿਚ ਤਾਂ ਸਫ਼ਾਇਆ ਨਹੀਂ ਹੋ ਸਕਦਾ। ਜਹਾਦੀ ਸਾਡੇ ਧੁਰ ਅੰਦਰ ਤੱਕ ਜੜ੍ਹਾਂ ਜਮਾ ਚੁੱਕੇ ਹਨ।

ਬਦਕਿਸਮਤੀ ਵਾਲੀ ਗੱਲ ਹੈ ਕਿ ਜਿਥੇ ਪਾਕਿਸਤਾਨ 'ਚ ਘਰੇਲੂ ਹਾਲਾਤ ਸੰਕਟਮਈ ਬਣੇ ਹੋਏ ਹਨ, ਉਥੇ ਖੇਤਰੀ ਸੁਰੱਖਿਆ ਸਬੰਧੀ ਵਾਤਾਵਰਨ ਵੀ ਵਿਗੜਿਆ ਹੋਇਆ ਹੈ। ਨਰੇਂਦਰ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਨਾਲ ਪਾਕਿਸਤਾਨ ਦੇ ਰਿਸ਼ਤੇ ਚੰਗੇ ਨਹੀਂ ਰਹੇ। ਦੂਜੇ ਪਾਸੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨਾਲ ਵੀ ਸਾਡਾ ਹਨੀਮੂਨ ਥੋੜ੍ਹ-ਚਿਰਾ ਹੀ ਸਾਬਤ ਹੋਇਆ ਹੈ, ਹਾਲਾਂਕਿ ਗਨੀ ਆਪਣੇ ਤੋਂ ਪਹਿਲੇ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਮੁਕਾਬਲੇ ਪਾਕਿਸਤਾਨ ਪ੍ਰਤੀ ਵਧੇਰੇ ਹਾਂ-ਪੱਖੀ ਨਜ਼ਰ ਆਉਂਦੇ ਸਨ। ਅਫ਼ਗਾਨਿਸਤਾਨ ਦੇ ਅੰਦਰੂਨੀ ਹਾਲਾਤ ਤੇਜ਼ੀ ਨਾਲ ਵਿਗੜਨ ਕਰ ਕੇ ਇਸਲਾਮਾਬਾਦ ਲਗਾਤਾਰ ਉਨ੍ਹਾਂ ਦੇ ਸ਼ਬਦੀ ਹਮਲਿਆਂ ਦਾ ਸ਼ਿਕਾਰ ਹੋ ਰਿਹਾ ਹੈ।

ਜਿਸ ਤਰੀਕੇ ਨਾਲ ਕੌਮੀ ਸੁਰੱਖਿਆ ਸਲਾਹਕਾਰ ਪੱਧਰ ਦੀ ਗੱਲਬਾਤ ਅਵਿਵਸਥਾ ਦੀ ਸ਼ਿਕਾਰ ਹੋ ਗਈ ਹੈ, ਉਸ ਤੋਂ ਪਤਾ ਲਗਦਾ ਹੈ ਕਿ ਭਾਰਤ ਨਾਲ ਸੰਵਾਦ ਦੇ ਮਾਮਲੇ ਸਬੰਧੀ ਕਿਸ ਤਰ੍ਹਾਂ ਦੇ ਦਬਾਅ ਜੁੜੇ ਹੋਏ ਹਨ। ਹੁਰੀਅਤ




ਲੀਡਰਸ਼ਿਪ ਨਾਲ ਮੁਲਾਕਾਤ ਦੀ ਗੱਲ ਦੋਵਾਂ ਧਿਰਾਂ ਲਈ ਵੱਡਾ ਅੜਿਕਾ ਬਣੀ ਹੋਈ ਹੈ। ਇਸ ਪਿਛੋਕੜ 'ਚ ਭਾਵੇਂ ਗੱਲਬਾਤ 'ਚੋਂ ਕੁਝ ਹਾਂ-ਪੱਖੀ ਨਿਕਲਣ ਦੀ ਸੰਭਾਵਨਾ ਘੱਟ ਸੀ, ਫਿਰ ਵੀ 'ਲੜਾਈ' ਨਾਲੋਂ 'ਫੋਕੀ ਗੱਲਬਾਤ' ਫਿਰ ਵੀ ਚੰਗੀ ਹੁੰਦੀ ਹੈ। ਇਸ ਦੌਰਾਨ ਮੋਦੀ ਕੂਟਨੀਤਕ ਪੱਖ ਤੋਂ ਚੜ੍ਹਾਈ 'ਤੇ ਹਨ। ਪਾਕਿਸਤਾਨ ਦੇ ਰਵਾਇਤੀ ਮਿੱਤਰ ਸੰਯੁਕਤ ਅਰਬ ਅਮੀਰਾਤ ਨੇ 35 ਸਾਲਾਂ ਬਾਅਦ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਮਹਿਮਾਨ-ਨਿਵਾਜ਼ੀ ਕੀਤੀ ਹੈ। ਯਮਨ ਵਿਵਾਦ ਸਬੰਧੀ ਪਾਕਿਸਤਾਨ ਵੱਲੋਂ ਖਾੜੀ ਗਠਜੋੜ ਦਾ ਸਾਥ ਨਾ ਦਿੱਤੇ ਜਾਣ ਬਾਰੇ ਅਮੀਰਾਤ ਵੱਲੋਂ ਸਪਸ਼ਟ ਰੂਪ ਵਿਚ ਗੁੱਸਾ ਜ਼ਾਹਿਰ ਕੀਤਾ ਗਿਆ ਹੈ। ਦੌਰੇ ਦੇ ਅੰਤ 'ਚ ਭਾਰਤ ਅਤੇ ਯੂ.ਏ.ਈ. ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ 'ਚ ਕਿਹਾ ਗਿਆ ਕਿ ਹੋਰਾਂ ਮੁਲਕਾਂ ਖਿਲਾਫ਼ ਅਤਿਵਾਦ ਨੂੰ ਉਤਸ਼ਾਹਿਤ ਕਰਨ ਲਈ ਮਜ਼ਹਬ ਦੀ ਵਰਤੋਂ ਦੇ ਯਤਨਾਂ ਦੀ ਦੋਵੇਂ ਮੁਲਕ ਨਿੰਦਾ ਕਰਦੇ ਹਨ।

ਪਾਕਿਸਤਾਨ ਲਈ ਹੁਣ ਜਦੋਂ ਨਾ ਤਾਂ ਘਰੇਲੂ ਅਤੇ ਨਾ ਹੀ ਖੇਤਰੀ ਸੁਰੱਖਿਆ ਸਬੰਧੀ ਵਾਤਾਵਰਨ ਸੁਖਾਵਾਂ ਹੈ ਤਾਂ ਲੋੜ ਇਸ ਗੱਲ ਦੀ ਹੈ ਕਿ ਇਸਲਾਮਾਬਾਦ ਲਕੀਰ ਤੋਂ ਹਟ ਕੇ ਸੋਚੇ। ਨਾ ਸਿਰਫ ਵਿਦੇਸ਼ ਨੀਤੀ ਨੂੰ 'ਓਵਰਹਾਲ' ਕੀਤੇ ਜਾਣ ਦੀ ਲੋੜ ਹੈ, ਸਗੋਂ ਇਸ ਨੂੰ ਚਲਾਏ ਜਾਣ ਦਾ ਢੰਗ-ਤਰੀਕਾ ਵੀ ਸੋਧਿਆ ਜਾਣਾ ਚਾਹੀਦਾ ਹੈ। ਸ਼ਰੀਫ਼ ਅਤੇ ਮੋਦੀ ਵਿਚਕਾਰ ਹੋਈਆਂ ਪਿਛਲੀਆਂ ਦੋ ਮਿਲਣੀਆਂ ਪਾਕਿਸਤਾਨ ਲਈ ਕੂਟਨੀਤਕ ਤੌਰ 'ਤੇ ਤਬਾਹੀ ਸਿੱਧ ਹੋਈਆਂ।

# ਬਾਦਲੀ ਸਿਆਸਤ ਤੋਂ ਬਾਹਰ ਵੱਸਦੇ ਸਿੱਖ ਖ਼ਫ਼ਾ ਕਿਉਂ?

*ਪਿੱਛੇ ਜਿਹੇ ਪੰਜਾਬ ਦੇ ਅਕਾਲੀ ਆਗੂ ਅਮਰੀਕਾ ਅਤੇ ਕੈਨੇਡਾ ਦੌਰੇ 'ਤੇ ਆਏ। ਉਨ੍ਹਾਂ ਦਾ ਇਥੇ ਆਉਣ ਦਾ ਮੁੱਖ ਮਕਸਦ ਬਾਦਲ ਸਰਕਾਰ ਦਾ ਪ੍ਰਚਾਰ ਸੀ, ਪਰ ਇਨ੍ਹਾਂ ਨੂੰ ਇਧਰ ਵੱਸਦੇ ਸਿੱਖਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਅਸਲ ਵਿਚ ਪਿਛਲੇ ਕੁਝ ਵਰ੍ਹਿਆਂ ਦੌਰਾਨ ਜੋ ਬੇਭਰੋਸਗੀ ਅਕਾਲੀ ਆਗੂਆਂ ਪ੍ਰਤੀ ਵਧੀ ਹੈ, ਉਸ ਤੋਂ ਪਰਦੇਸੀਂ ਵੱਸਦੇ ਸਿੱਖ ਔਖੇ ਸਨ। ਹੁਣ ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਆਪਣਾ ਗੁੱਸਾ ਬਾਕਾਇਦਾ ਜ਼ਾਹਿਰ ਕੀਤਾ। ਸਾਡੇ ਕਾਲਮਨਵੀਸ ਮਝੈਲ ਸਿੰਘ ਸਰਾਂ ਦਾ ਇਹ ਲੇਖ ਇਸੇ ਵਰਤਾਰੇ ਬਾਰੇ ਹੈ। ਸਾਡਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਲੇਖ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪਿਆ ਜਾ ਰਿਹਾ ਹੈ। -ਸੰਪਾਦਕ*

ਕਿਸੇ ਸ਼ਰੀਫ਼ ਇਨਸਾਨ ਲਈ ਇਹ ਕੰਮ ਬਹੁਤ ਔਖਾ ਹੁੰਦਾ ਹੈ, ਜਦੋਂ ਉਹਨੂੰ ਆਪਣਿਆਂ ਦੀਆਂ ਤੱਦੀਆਂ ਖਿਲਾਫ ਖੜ੍ਹਨਾ ਪੈਂਦਾ ਹੈ। ਇਹ ਕਦਮ ਸੌਖਿਆਂ ਨਹੀਂ ਪੁੱਟ ਹੁੰਦਾ, ਪਰ ਜਦੋਂ ਕੋਈ ਜਿਗਰਾ ਕਰ ਕੇ ਬੈਠੇ ਨੂੰ ਵੀ ਹੁੱਝਾਂ ਮਾਰਨੋਂ ਨਾ ਹਟੇ, ਫਿਰ ਅੱਕ ਕੇ ਉਹਦੀਆਂ ਕਰਤੂਤਾਂ ਦਾ ਪਰਦਾ ਫਾਸ਼ ਕਰਨਾ ਹੀ ਪੈਂਦਾ ਹੈ।

ਪਿਛਲੇ ਦਿਨੀਂ ਉਤਰੀ ਅਮਰੀਕਾ ਦੇ ਦੌਰੇ 'ਤੇ ਆਏ ਅਕਾਲੀ ਲੀਡਰਾਂ ਅਤੇ ਜਥੇਦਾਰ ਗੁਰਬਚਨ ਸਿੰਘ ਦਾ ਇਥੇ ਵਸਦੇ ਸਿੱਖਾਂ ਨੇ ਜਿਸ ਤਰ੍ਹਾਂ ਅਦਬ-ਸਤਿਕਾਰ ਕੀਤਾ, ਉਹ ਚਿਰਾਂ ਤੋਂ ਧੁਖ ਰਹੀ ਪੀੜ ਦਾ ਨਤੀਜਾ ਸੀ। ਲੋਕ ਬੱਸ ਇਹ ਸੋਚ ਕੇ ਚੁੱਪ ਸਨ ਕਿ ਬਾਹਰਲੇ ਮੁਲਕਾਂ ਵਾਲੇ ਲੋਕ, ਸਿੱਖਾਂ ਬਾਰੇ ਕੀ ਸੋਚਣਗੇ! ਪਰਦੇਸੀਂ ਵੱਸਦੇ ਸਿੱਖਾਂ ਨੇ ਇਥੋਂ ਦੇ ਸਮਾਜ ਵਿਚ ਮਿਹਨਤੀ ਤੇ ਅਮਨ-ਪਸੰਦ ਬਾਸ਼ਿੰਦਿਆਂ ਵਜੋਂ ਦਿਖ ਕਾਇਮ ਕੀਤੀ ਹੈ। ਸਿੱਖ ਭਾਈਚਾਰਾ ਇਸ ਸਾਖ ਨੂੰ ਖੋਰਾ

**ਮਝੈਲ ਸਿੰਘ ਸਰਾਂ**

ਨਹੀਂ ਸੀ ਲਾਉਣਾ ਚਾਹੁੰਦਾ। ਇਸੇ ਮਜਬੂਰੀ ਨੂੰ ਬਾਦਲ ਪਰਿਵਾਰ ਆਪਣੀ ਸਿਆਸੀ ਪੌੜੀ ਵਜੋਂ ਫਿਰ ਵਰਤਣਾ ਚਾਹੁੰਦਾ ਸੀ, ਪਰ ਐਤਕੀਂ ਬਾਹਰਲੇ ਸਿੱਖ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪੌੜੀ ਬਣਨੋਂ ਇਨਕਾਰੀ ਹੋ ਗਏ ਤੇ ਉਹਦੇ ਭੇਜੇ ਸਿਆਸੀ ਪਿਆਦੇ ਅਮਰੀਕਾ-ਕੈਨੇਡਾ ਵਿਚ ਆਪਣੀ ਖੁੰਬ ਠਪਾ ਬੈਠੇ।

ਕਹਿਣ ਨੂੰ ਤਾਂ ਇਹ ਅਕਾਲੀ ਲੀਡਰ ਬਾਹਰਲੇ ਸਿੱਖਾਂ ਦੀਆਂ ਤਕਲੀਫ਼ਾਂ ਸੁਣਨ ਅਤੇ ਇਨ੍ਹਾਂ ਦਾ ਹੱਲ ਕੱਢਣ ਆਏ ਸਨ, ਜੋ ਉਨ੍ਹਾਂ ਨੂੰ ਪੰਜਾਬ ਗਿਆਂ ਨੂੰ ਝੱਲਣੀਆਂ ਪੈਂਦੀਆਂ ਹਨ। ਇਸ ਤੋਂ ਪਹਿਲਾਂ ਵੀ ਇਹ ਬੜੀ ਵਾਰੀ ਆਏ ਤੇ ਭਰੋਸਾ ਦੇ ਗਏ, ਪਰ ਹੱਲ ਕਦੇ ਨਾ ਹੋਣਾ ਸੀ ਤੇ ਨਾ ਹੀ ਹੋਇਆ। ਇਸ ਵਾਰੀ ਇਨ੍ਹਾਂ ਦੇ ਸਮਾਗਮਾਂ ਵਾਲੀਆਂ ਥਾਂਵਾਂ 'ਤੇ ਸੈਂਕੜੇ ਸਿੱਖਾਂ ਨੇ ਰੋਹ ਭਰੇ ਮੁਜ਼ਾਹਰੇ ਕਰ ਕੇ ਇਨ੍ਹਾਂ ਨੂੰ ਬੋਲਣ ਹੀ ਨਹੀਂ ਦਿੱਤਾ। ਕਿਤੇ ਕਿਤੇ ਕੁਝ ਬਾਦਲ ਹਮਦਰਦੀਆਂ ਨੇ ਇਹ ਕਹਿ ਕੇ ਨੁਕਤਾਚੀਨੀ ਕੀਤੀ ਕਿ ਘੱਟੋ-ਘੱਟ ਉਨ੍ਹਾਂ ਨੂੰ ਸੁਣਦੇ ਤਾਂ ਸਹੀ, ਪਰ ਸਵਾਲ ਹੈ ਕਿ ਕਿਉਂ ਸੁਣਦੇ ਇਨ੍ਹਾਂ ਦੀਆਂ ਗੱਲਾਂ? ਕੀ ਬਾਦਲ ਪਰਿਵਾਰ ਨੇ ਇਨ੍ਹਾਂ ਪਿਆਦਿਆਂ ਲਈ ਕੋਈ ਅਧਿਕਾਰ ਛੱਡਿਆ ਵੀ ਹੋਇਆ ਹੈ? ਬੱਸ ਇਨ੍ਹਾਂ ਨੂੰ ਤਾਂ ਇਹੋ ਹੁਕਮ ਸੀ ਕਿ ਮਿੱਠੇ ਪਿਆਰੇ ਬਣ ਕੇ ਸੁਣ ਸਭ ਕੁਝ ਲਿਓ, ਤੇ ਭਰੋਸਾ ਵੀ ਦੇ ਦਿਓ, ਇਵਜ਼ ਵਿਚ ਰੱਜ ਕੇ ਸੋਹਲੇ ਗਾਇਓ ਬਾਦਲ ਦੇ। ਇਹ ਸਭ ਇਥੇ ਵਾਲਿਆਂ ਨੂੰ ਪਤਾ ਸੀ ਤੇ ਫਿਰ ਕਿਉਂ ਸੁਣਦੇ ਇਨ੍ਹਾਂ ਕਠਪੁਤਲੀਆਂ ਨੂੰ, ਜਦ ਇਨ੍ਹਾਂ ਦੇ ਪੱਲੇ ਹੀ ਨਹੀਂ ਸੀ ਕੁਝ?

ਬਾਦਲ ਨੂੰ ਸੁਨੇਹਾ ਦੇਣ ਦਾ ਜੋ ਤਰੀਕਾ ਅਮਰੀਕਾ-ਕੈਨੇਡਾ ਵਾਲਿਆਂ ਨੇ ਅਪਨਾਇਆ, ਉਹ ਸੌ ਫੀਸਦੀ ਦਰੁਸਤ ਸਾਬਤ ਹੋਇਆ। ਨਾਲੇ ਅਸੀਂ ਤਾਂ ਜਾਣਦੇ ਹੀ ਹਾਂ ਕਿ ਇਹ ਧੁਸਮਾਰ ਲੀਡਰ ਜਨਤਕ ਤੌਰ 'ਤੇ ਕਿੰਨੇ ਕੁ ਸਲੀਕੇ ਨਾਲ ਬੋਲਦੇ ਤੇ ਪੇਸ਼ ਆਉਂਦੇ ਆ ਲੋਕਾਂ ਨਾਲ।

ਬਾਹਰ ਵੱਸਦੇ ਸਿੱਖਾਂ ਨੂੰ ਗੁੱਸਾ ਸ਼ਾਇਦ ਇਥੇ ਆਏ ਲੀਡਰਾਂ ਨਾਲ ਨਹੀਂ ਹੈ, ਗੁੱਸਾ ਹੈ ਤਾਂ ਸਿਰਫ਼ ਤੇ ਸਿਰਫ਼ ਬਾਦਲ ਨਾਲ। ਕਿਉਂ ਆ ਇੰਨਾ ਗੁੱਸਾ ਤੇ ਨਫ਼ਰਤ ਬਾਦਲ ਪ੍ਰਤੀ ਭਲਾ? ਇਨ੍ਹਾਂ ਲੋਕਾਂ ਨੇ ਹੀ ਤਾਂ ਵੋਟਾਂ ਪਾ ਅਤੇ ਪੁਆ ਕੇ ਇਨ੍ਹਾਂ ਨੂੰ ਤਖਤ ਉਤੇ ਬਿਠਾਇਆ ਸੀ ਅਤੇ ਅੱਜ ਇਹ ਲੋਕ ਇਨ੍ਹਾਂ ਦੀ ਗੱਲ ਸੁਣਨ ਲਈ ਵੀ ਰਾਜ਼ੀ ਨਹੀਂ? ਕਾਰਨ ਤਾਂ ਬਥੇਰੇ ਹਨ, ਪਰ ਵੱਡੇ ਕਾਰਨ ਦੋ ਜਾਂ ਤਿੰਨ ਹੀ ਹਨ।

ਸਿੱਖ ਮਨਾਂ ਵਿਚੋਂ ਸਾਕਾ ਨੀਲਾ ਤਾਰਾ ਕਦੇ ਮਨਫ਼ੀ ਨਹੀਂ ਹੋਇਆ ਤੇ ਨਾ ਹੀ ਹੋਣਾ ਹੈ, ਹੋਣਾ ਚਾਹੀਦਾ ਵੀ ਨਹੀਂ। ਇਸ ਨੇ ਸਿੱਖਾਂ ਨੂੰ ਨਵੀਆਂ ਵੰਗਾਰਾਂ ਤਾਂ ਪਾਈਆਂ ਹੀ, ਸਗੋਂ ਸਿੱਖ ਵਿਰਾਸਤ ਨੂੰ ਜੋ ਢਾਹ ਲਾਈ, ਉਹ ਬਿਆਨ ਕਰਨੀ ਮੁਸ਼ਕਿਲ ਹੈ। ਸਿੱਖ-ਸੋਚ ਨੇ ਇਸ ਕਾਰੇ ਲਈ ਸ੍ਰੀਮਤੀ ਇੰਦਰਾ ਗਾਂਧੀ ਨੂੰ ਮੁੱਖ ਦੋਸ਼ੀ ਮੰਨਿਆ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਦਾ ਹਿਸਾਬ-ਕਿਤਾਬ ਬਰਾਬਰ ਕਰ ਲਿਆ। ਸਮਾਂ ਆਪਣੀ ਚਾਲੇ ਚੱਲੀ ਜਾਂਦਾ ਹੈ ਤੇ ਵਕਤ ਨੇ ਇੰਦਰਾ ਗਾਂਧੀ ਦੇ ਨਾਲ ਨਾਲ ਹੋਰ ਚਿਹਰੇ ਵੀ ਸਾਹਮਣੇ ਲਿਆਉਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਸਾਕਾ ਨੀਲਾ ਤਾਰਾ ਕਰਵਾਉਣ ਵਿਚ ਅੰਦਰਖਾਤੇ ਬੜਾ ਕੋਝਾ ਰੋਲ ਅਦਾ ਕੀਤਾ। ਉਨ੍ਹਾਂ ਵਿਚ ਆਪਣੇ ਆਪ ਨੂੰ ਦਰਵੇਸ਼ ਸਿਆਸਤਦਾਨ ਕਹਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਵੀ ਆਉਣ ਲੱਗ ਪਿਆ। ਸਿੱਖ-ਸੋਚ ਨੂੰ ਇਹ ਗੱਲ ਖੜਕ ਤਾਂ ਕਾਫੀ ਚਿਰ ਪਹਿਲਾਂ ਉਦੋਂ ਹੀ ਗਈ ਸੀ ਜਦੋਂ ਬਾਦਲ 1997 ਵਿਚ ਤੀਜੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਦੱਬੀ ਜ਼ਬਾਨ ਵਿਚ ਇਹ ਕਹਿਣ ਲੱਗ ਪਿਆ ਸੀ ਕਿ ਸਾਨੂੰ ਸਿੱਖਾਂ ਨੂੰ ਹੁਣ ਨੀਲਾ ਤਾਰਾ ਸਾਕਾ ਭੁੱਲ ਕੇ ਆਪਸੀ ਭਾਈਚਾਰਾ ਬਣਾਈ ਰੱਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਇਸ ਸਾਕੇ ਨੂੰ ਭੁੱਲਣ ਦੀ ਗੱਲ ਸ. ਬਾਦਲ ਦੇ ਮੂੰਹੋਂ ਸੁਣ ਕੇ ਇਹ ਲੱਗਣ ਲੱਗ ਪਿਆ ਸੀ ਕਿ ਕੁਝ ਗੜਬੜ ਤਾਂ ਹੈ ਪਰ ਹੁਣ ਪਿਛਲੇ ਦੋ ਕੁ ਸਾਲਾਂ ਵਿਚ ਤਾਂ ਉਨ੍ਹਾਂ ਮੀਟਿੰਗਾਂ ਦਾ ਵੀ ਖੁਲਾਸਾ ਹੋ ਗਿਆ ਹੈ ਜੋ ਇਸੇ ਬਾਦਲ ਨੇ ਗੁਪਤ ਰੂਪ ਵਿਚ ਇੰਦਰਾ ਸਰਕਾਰ ਨਾਲ ਸਾਕੇ ਤੋਂ ਐਨ ਪਹਿਲਾਂ ਕੀਤੀਆਂ ਸਨ। ਕੁਝ ਚਿੱਠੀਆਂ ਵੀ ਬਾਹਰ ਆਈਆਂ ਜਿਨ੍ਹਾਂ ਤੋਂ ਇਹਦੀ ਮਨਸ਼ਾ ਜ਼ਾਹਿਰ ਹੋਈ ਅਤੇ ਰਹਿੰਦੀ ਕਸਰ ਸਾਬਕਾ ਪੁਲਿਸ ਮੁਖੀ ਸ਼ਸ਼ੀਕਾਂਤ ਨੇ ਇਹ ਦੱਸ ਕੇ ਪੂਰੀ ਕਰ ਦਿੱਤੀ ਕਿ ਸਾਕਾ ਨੀਲਾ ਤਾਰਾ ਪਿਛੇ ਬਾਦਲ ਦੀ ਪੂਰੀ ਸਲਾਹ ਸੀ। ਇਹੀ ਉਹ ਕਾਰਨ ਹੈ ਜਿਸ ਨੇ ਜਾਗਦੀ ਜ਼ਮੀਰ ਵਾਲੇ ਸਿੱਖਾਂ ਵਿਚ ਇਸ ਇਨਸਾਨ ਪ੍ਰਤੀ ਨਫ਼ਰਤ ਤੇ ਗੁੱਸਾ ਭਰ ਦਿੱਤਾ ਹੈ।

ਸਿੱਖ ਧਰਮ ਇਕ ਵਿਲੱਖਣ ਧਰਮ ਹੈ। ਹਰ ਧਰਮ ਵਾਲੇ ਆਪਣੇ ਧਰਮ ਬਾਰੇ ਇੰਦਾਂ ਹੀ ਕਹਿੰਦੇ ਹੋਣਗੇ, ਪਰ ਬਾਬੇ ਨਾਨਕ ਦੇ ਚਲਾਏ ਨਿਰਮਲ ਪੰਥ ਵਿਚ ਤਾਂ ਸਭ ਕੁਝ ਵਿਲੱਖਣ ਤੇ ਨਵਾਂ ਨਕੋਰ ਹੈ। ਇਸ ਵਿਚ ਸਾਰੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਧਾਰਮਿਕ ਦੇ ਨਾਲ ਨਾਲ ਸਮਾਜਕ ਤੇ ਆਰਥਿਕ ਆਜ਼ਾਦੀ ਦਾ ਨਿੱਘ ਦੇਣ ਦੀ ਸਮਰੱਥਾ ਹੈ। ਮਨੁੱਖੀ ਅਧਿਕਾਰਾਂ ਦੀ ਗੱਲ ਦੂਜੀ ਵੱਡੀ ਜੰਗ ਤੋਂ ਬਾਅਦ ਦੁਨੀਆਂ ਵਿਚ ਚੱਲੀ, ਪਰ ਇਸ ਤੋਂ ਪਹਿਲਾਂ ਕਿਸੇ ਵੀ ਧਰਮ ਨੇ ਇਹਨੂੰ ਆਪਣਾ ਫਲਸਫਾ ਨਹੀਂ ਬਣਾਇਆ, ਸਗੋਂ ਲਗਦੀ ਵਾਹ ਧਰਮ ਤਾਂ ਸਟੇਟ ਦੇ ਪੱਖ ਵਿਚ ਭੁਗਤਿਆ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਬਾਤ ਹੀ ਮਨੁੱਖੀ ਅਧਿਕਾਰਾਂ ਤੋਂ ਅਰੰਭੀ ਤੇ ਆਪਣੇ ਗਲ ਨਾਲ ਲਾਏ ਲਾਲੋ ਤੇ ਮਰਦਾਨੇ। ਗੁਰੂ ਗੋਬਿੰਦ ਸਿੰਘ ਨੇ ਤਾਂ ਇਕ ਲੜੀ ਵਿਚ ਪਰੋ ਕੇ ਬਰਾਬਰ ਖੜ੍ਹੇ ਕਰ ਦਿੱਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਜ਼ਾਦੀ ਦਾ ਝਲਕਾਰਾ ਵੀ ਦਿਖਾ ਦਿੱਤਾ। ਬੱਸ ਇਹ ਵਿਲੱਖਣਤਾ ਬਿਪਰਵਾਦੀਆਂ ਨੂੰ ਬਰਦਾਸ਼ਤ ਨਹੀਂ ਹੋ ਰਹੀ। ਇਹ ਇਸ ਨਿਆਰੇਪਣ 'ਤੇ ਵਾਰ ਕਰਨ ਦਾ ਕੋਈ ਮੌਕਾ ਖੁੰਝਣ ਨਹੀਂ ਦਿੰਦੇ।

ਬਿਪਰ ਨੇ ਜਿਹੜੀ ਚਾਲ ਪਿਛਲੇ ਤਿੰਨ ਕੁ ਦਹਾਕਿਆਂ ਤੋਂ ਸ਼ੁਰੂ ਕੀਤੀ, ਬਹੁਤ ਖਤਰਨਾਕ ਸਾਬਤ ਹੋ ਰਹੀ ਹੈ ਤੇ ਉਸ ਚਾਲ ਦਾ ਮੋਹਰਾ ਬਣਿਆ ਬਾਦਲ, ਤੇ ਇਹਨੇ ਇਸ ਕਿਰਦਾਰ ਨੂੰ ਅੱਜ ਤੱਕ ਨਿਭਾਇਆ ਵੀ ਪੂਰੀ ਤਨਦੇਹੀ ਨਾਲ ਹੈ। ਗੁਰਮਤਿ ਨੂੰ ਢਾਹ ਲਾਉਣ ਲਈ ਸੰਤਾਂ-ਸਾਧਾਂ ਦੀ ਫੌਜ ਨੂੰ ਬਾਦਲ ਅਤੇ ਉਹਦੇ ਪਰਿਵਾਰ ਨੇ ਥਾਪੜਾ ਦਿੱਤਾ। ਸਾਰੀਆਂ ਸਿੱਖ ਸੰਸਥਾਵਾਂ 'ਤੇ ਭਗਵੇਂਕਰਨ ਦੀ ਪਾਣ ਚੜ੍ਹਾਉਣ ਵਾਲਾ ਬਾਦਲ ਤੋਂ ਸਿਵਾਏ ਹੋਰ ਕੋਈ ਨਹੀਂ। ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਅਡਵਾਨੀਆਂ, ਮੋਦੀਆਂ ਨਾਲ ਇਸ ਨੇ ਨਹੁੰ-ਮਾਸ ਦਾ ਰਿਸ਼ਤਾ ਬਣਾਇਆ।

ਸਿੱਖ ਤਾਂ ਹੁਣ ਪੰਜਾਬ ਵਿਚ ਸ਼ਾਂਤਮਈ ਰੋਸ ਮਾਰਚ ਵੀ ਨਹੀਂ ਕਰ ਸਕਦੇ। ਹਾਲਾਤ ਇਹ ਹਨ ਕਿ ਸਜ਼ਾ ਭੁਗਤ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਕੋਈ ਭੁੱਖ ਹੜਤਾਲ ਵੀ ਨਹੀਂ ਕਰ ਸਕਦਾ, ਆਪਣੇ ਘਰ ਵਿਚ ਵੀ ਨਹੀਂ। ਇਸ ਦੇ ਉਲਟ ਸ਼ਿਵ ਸੈਨਾ, ਬਜਰੰਗ ਦਲ, ਆਰ.ਐਸ.ਐਸ. ਵਾਲੇ ਨੰਗੀਆਂ ਕਿਰਪਾਨਾਂ, ਬੰਦੂਕਾਂ, ਤ੍ਰਿਸ਼ੂਲਾਂ ਨਾਲ ਇਸੇ ਪੰਜਾਬ ਵਿਚ ਜਲੂਸ ਕੱਢਦੇ ਹਨ ਅਤੇ ਬਾਦਲ ਇਨ੍ਹਾਂ ਦੀ ਪੁਸ਼ਤਪਨਾਹੀ ਕਰ ਰਿਹਾ ਹੈ। ਸਿੱਖਾਂ ਨੂੰ ਆਸ ਹੁੰਦੀ ਹੈ ਆਪਣੇ ਤਖ਼ਤਾਂ ਤੋਂ, ਕਿ ਜਦੋਂ ਹੋਰ ਸਭ ਪਾਸੇ ਇਨਸਾਫ਼ ਦੇ ਬੂਹੇ ਬੰਦ ਹੋ ਜਾਣ, ਤਾਂ ਉਨ੍ਹਾਂ ਦੀ ਬਾਂਹ ਇਥੇ ਜ਼ਰੂਰ ਫੜੀ ਜਾਵੇਗੀ, ਪਰ ਬਾਦਲ ਨੇ ਅਕਾਲ ਤਖ਼ਤ ਨੂੰ ਹੀ ਆਰ.ਐਸ.ਐਸ. ਦੇ ਅਧੀਨ ਕਰ ਦਿੱਤਾ ਹੈ। ਅਜਿਹਾ ਜਥੇਦਾਰ ਥਾਪ ਦਿੱਤਾ ਗਿਆ ਜੋ ਪੰਥ ਨਾਲੋਂ ਬਾਦਲ ਦੀ ਤਰਜਮਾਨੀ ਵੱਧ ਕਰਦਾ ਹੈ। ਫਿਰ ਇਹ ਗੁੱਸਾ ਤਾਂ ਕਿਤੇ ਫੁੱਟਣਾ ਹੀ ਸੀ। ਪੰਜਾਬ ਵਿਚ ਤਾਂ ਪੁਲਿਸ ਇਹ ਰੋਕ ਸਕਦੀ ਹੈ, ਪਰ ਬਾਦਲ ਦੇ ਲੀਡਰਾਂ ਨੂੰ ਅਮਰੀਕਾ ਤੇ ਕੈਨੇਡਾ ਵਿਚ ਜਲਵਾ ਦੇਖਣਾ ਪੈ ਗਿਆ। ਇਸ ਤੋਏ ਤੋਏ ਲਈ ਸਿਰਫ਼ ਤੇ ਸਿਰਫ਼ ਬਾਦਲ ਹੀ ਜ਼ਿੰਮੇਵਾਰ ਹੈ। ਇਨ੍ਹਾਂ ਨੂੰ ਅਗਾਂਹ ਲਈ ਕੰਨ ਜ਼ਰੂਰ ਹੋ ਗਏ ਹਨ।

ਪੰਜਾਬ ਵਿਚ ਨਸ਼ੇ ਕਿੰਨੇ ਵਧ ਗਏ ਹਨ, ਕਿਸੇ ਤੋਂ ਗੁੱਝੇ ਨਹੀਂ। ਜਿਨ੍ਹਾਂ ਨੇ ਇਹ ਰੋਕਣੇ ਹਨ, ਉਹ ਖੁਦ ਇਹਦਾ ਕਾਰੋਬਾਰ ਕਰੀ ਜਾਂਦੇ ਹਨ। ਬਾਹਰਲੇ ਸਿੱਖ ਸ਼ਾਇਦ ਇਸ ਪਾਸੇ ਜ਼ਿਆਦਾ ਤਵੱਜੋ ਨਾ ਦਿੰਦੇ, ਕਿਉਂਕਿ ਉਨ੍ਹਾਂ ਦੇ ਮੁੰਡੇ ਤਾਂ ਇਥੇ ਉਨ੍ਹਾਂ ਦੇ ਕੋਲ ਹਨ। ਬਾਹਰਲੇ ਸਿੱਖਾਂ ਦੇ ਰਿਸ਼ਤੇਦਾਰ ਤਾਂ ਅਜੇ ਵੀ ਪੰਜਾਬ ਵਿਚ ਹੀ ਹਨ ਜਿਨ੍ਹਾਂ ਦੇ ਜੁਆਨ ਮੁੰਡੇ ਨਸ਼ਿਆਂ ਦੀ ਲਾਹਨਤ ਵਿਚ ਫਸ ਗਏ ਹਨ। ਉਹ ਜਦੋਂ ਵੀ ਰਾਜ਼ੀ-ਖੁਸ਼ੀ ਪੁੱਛਣ ਲਈ ਫੋਨ ਕਰਦੇ ਤਾਂ ਅੱਗਿਉਂ ਉਨ੍ਹਾਂ ਦੇ ਰੋਣੇ-ਧੋਣੇ ਮੁੰਡਿਆਂ ਦੇ ਨਸ਼ਿਆਂ ਬਾਰੇ ਹੀ ਨਹੀਂ ਮੁੱਕਦੇ। ਇਕ ਗੱਲ ਹੋਰ ਵੀ ਹੈ ਜਿਸ ਨੇ ਬਾਹਰ ਵਾਲਿਆਂ ਨੂੰ ਪ੍ਰਭਾਵਿਤ ਕੀਤਾ ਹੈ; ਇਹ ਹੈ, ਕਿ ਜੇ ਕਿਸੇ ਨੇ ਆਪਣੀ ਧੀ ਦਾ ਵਿਆਹ ਪੰਜਾਬ ਵਿਚ ਕਿਸੇ ਚੰਗੇ ਖਾਂਦੇ-ਪੀਂਦੇ ਘਰ ਦੇ ਮੁੰਡੇ ਨਾਲ ਕਰਨ ਪਿਛੋਂ ਪਤਾ ਲੱਗੇ ਕਿ ਮੁੰਡਾ ਤਾਂ ਨਸ਼ਿਆਂ ਦਾ ਆਦੀ ਹੈ, ਤਾਂ ਉਹ ਉਹਨੂੰ ਨਾ ਛੱਡਣ ਜੋਗੇ ਤੇ ਨਾ ਬਾਹਰ ਸੱਦਣ ਜੋਗੇ। ਸ਼ਰਮ ਦੇ ਮਾਰੇ ਉਹ ਕਿਸੇ ਨੂੰ ਦੱਸਦੇ ਵੀ ਨਹੀਂ। ਇਹੋ ਜਿਹੇ ਬੜੇ ਪਰਿਵਾਰ ਹਨ ਜਿਨ੍ਹਾਂ ਦੀਆਂ ਧੀਆਂ ਦੇ ਘਰ ਵੱਸਣ ਤੋਂ ਪਹਿਲਾਂ ਹੀ ਉਜੜਨ ਵੱਲ ਤੁਰ ਪਏ।

ਜਦੋਂ ਸਾਫ਼ ਹੋ ਗਿਆ ਹੈ ਕਿ ਨਸ਼ਿਆਂ ਦਾ ਵਪਾਰ ਸਰਕਾਰ ਦੀ ਸ਼ਹਿ ਨਾਲ ਹੋ ਰਿਹਾ ਹੈ, ਤਾਂ ਇਹ ਆਗੂ ਕਿਉਂ ਬੇਸ਼ਰਮ ਹੋ ਕੇ ਕਹੀ ਜਾਂਦੇ ਹਨ ਕਿ ਪੰਜਾਬ ਵਿਚ ਕੋਈ ਨਸ਼ਾ ਪੈਦਾ ਨਹੀਂ ਹੁੰਦਾ, ਇਹ ਬਾਰਡਰ ਤੋਂ ਆਉਂਦੇ ਹਨ। ਜੇ ਨਸ਼ੇ ਬਾਰਡਰ ਤੋਂ ਆਉਂਦੇ ਵੀ ਹਨ ਤਾਂ ਫਿਰ ਰੋਕਦੇ ਕਿਉਂ ਨਹੀਂ? ਜੇ ਰੋਕਣ ਤੋਂ ਹੀ ਅਸਮਰਥ ਨੇ, ਤਾਂ ਲਾਂਭੇ ਹੋਣ ਕੁਰਸੀ ਤੋਂ, ਹੋਰ ਕਿਸੇ ਨੂੰ ਦੇਣ ਮੌਕਾ। ਇਹਦੇ ਕੋਲ ਮਰੇ ਪਏ ਸਾਧ ਦੀ ਬਰਫ਼ ਵਿਚ ਲਾ ਕੇ ਰੱਖੀ ਲਾਸ਼ ਨੂੰ ਸੁਰੱਖਿਆ ਦੇਣ ਲਈ ਤਾਂ ਪੁਲਿਸ ਹੈ, ਪਰ ਨਸ਼ੇ ਰੋਕਣ ਲਈ ਨਹੀਂ! ਕਿਉਂ ਭਲਾ? ਇਹ ਬਾਹਰਲੇ ਸਿੱਖਾਂ ਦੀ ਸਮਝ ਵਿਚ ਨਹੀਂ ਆ ਰਿਹਾ। ਇਹਦਾ ਜੁਆਬ ਬਾਦਲ ਲੋਲੋ-ਪੋਪੋ ਵਿਚ ਦਿੰਦਾ ਹੈ। ਫਿਰ ਅਮਰੀਕਾ-ਕੈਨੇਡਾ ਵਾਲੇ ਇਨ੍ਹਾਂ ਲੀਡਰਾਂ ਨੂੰ ਕਿਉਂ ਸੁਣਦੇ?

ਸਭ ਨੂੰ ਪਤਾ ਹੈ ਕਿ ਬਾਦਲ ਦਿਲ ਦਾ ਭੇਤ ਕਿਸੇ ਨੂੰ ਵੀ ਨਹੀਂ ਦਿੰਦਾ। ਸਾਰੇ ਅਕਾਲੀ ਲੀਡਰਾਂ ਨੂੰ ਸਭ ਕੁਝ ਪਤਾ ਹੈ, ਪਰ ਮੂੰਹ ਖੋਲ੍ਹਣ ਦੀ ਹਿੰਮਤ ਨਹੀਂ ਪੈਂਦੀ। ਕਿਉਂ? ਕਿਉਂਕਿ ਬਾਦਲ ਨੇ ਅਗਲੇ ਦੇ ਇਲਾਕੇ ਵਿਚ ਉਹਦਾ ਸ਼ਰੀਕ ਲੀਡਰ ਪਾਲਿਆ ਹੁੰਦਾ ਹੈ। ਕੀ ਪਤਾ, ਕਿਹੜੇ ਵੇਲੇ ਉਹਨੂੰ ਥਾਪੀ ਦੇ ਕੇ ਭਲਵਾਨ ਬਣਾ ਦੇਵੇ! ਇਹ ਡਰ ਹਰ ਲੀਡਰ ਦੇ ਅੰਦਰ ਵੱਸਿਆ ਹੋਇਆ ਹੈ। ਬੱਸ, ਗਾਈ ਜਾਂਦੇ ਆ ਸੋਹਲੇ ਬਾਦਲਾਂ ਦੇ। ਉਨ੍ਹਾਂ ਦਾ ਤਰਕ ਹੈ ਕਿ ਬਾਦਲ ਤਾਂ ਫਖਰ-ਏ-ਕੌਮ ਹੈ ਜਿਹੜਾ ਪੰਜ ਵਾਰੀ ਮੁੱਖ ਮੰਤਰੀ ਬਣਿਆ, ਝੂਠਾ ਤੇ ਬੇਭਰੋਸੇਯੋਗ ਬੰਦਾ ਥੋੜ੍ਹਾ ਬਣ ਸਕਦਾ ਪੰਜ ਵਾਰੀ ਮੁੱਖ ਮੰਤਰੀ। ਕਿਉਂ ਨਹੀਂ ਇਹ ਭਰੋਸੇਯੋਗ, ਇਸ ਬਾਰੇ ਜਾਣਨਾ ਬੜਾ ਜ਼ਰੂਰੀ ਹੈ।

ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਤੋਂ ਬਾਅਦ ਪੰਥ ਦੀ ਸਿਆਸਤ ਵਿਚ ਪ੍ਰਕਾਸ਼ ਸਿੰਘ ਬਾਦਲ ਸਦਾ ਧੁਰਾ ਬਣਿਆ ਰਿਹਾ ਹੈ। ਹੁਣ ਤਾਂ ਸਭ ਕੁਝ ਹੀ ਉਹ ਹੈ। ਮਸਲਾ ਚੰਡੀਗੜ੍ਹ ਦਾ ਹੈ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਦਾ, ਦਰਿਆਈ ਪਾਣੀਆਂ ਦਾ, ਰਾਜਾਂ ਨੂੰ ਵੱਧ ਅਧਿਕਾਰਾਂ ਦਾ, ਅਨੰਦਪੁਰ ਸਾਹਿਬ ਦੇ ਮਤੇ ਦਾ, ਵਾਗਡੋਰ ਬਾਦਲ ਦੇ ਹੱਥ ਰਹੀ। ਐਮਰਜੈਂਸੀ ਖਿਲਾਫ਼ ਮੋਰਚੇ, ਕਪੂਰੀ ਦੇ ਮੋਰਚੇ, ਧਰਮ ਯੁੱਧ ਮੋਰਚੇ, ਸਿੱਖ ਨੌਜਵਾਨਾਂ ਨੂੰ ਜੇਲ੍ਹ ਭਰੋ ਅੰਦੋਲਨ ਵੱਲ ਤੋਰਨ, ਵੋਟਾਂ ਦੇ ਬਾਈਕਾਟ, ਸੰਵਿਧਾਨ ਦੀ ਧਾਰਾ 25 ਨੂੰ ਸਾੜਨ ਆਦਿ ਸਭ ਕਾਰਵਾਈਆਂ ਇਸੇ ਬਾਦਲ ਦੀ ਰਹਿਨੁਮਾਈ ਵਿਚ ਉਦੋਂ ਹੋਈਆਂ ਜਦੋਂ ਉਸ ਕੋਲ ਰਾਜ-ਤਖ਼ਤ ਨਹੀਂ ਸੀ। ਸਿੱਖ ਨੌਜਵਾਨਾਂ ਨੂੰ ਪੰਥ ਦੇ ਨਾਂ 'ਤੇ ਭੜਕਾਉਣ ਵਾਲਾ ਹੋਰ ਕੋਈ ਨਹੀਂ, ਇਹੋ ਬਾਦਲ ਸੀ ਜਿਸ ਦੇ ਇਸ਼ਾਰੇ 'ਤੇ ਲੱਖਾਂ ਹੀ ਸਿੱਖ ਸੜਕਾਂ ਤੇ ਰੇਲ ਗੱਡੀਆਂ ਦੀਆਂ ਲਾਈਨਾਂ ਉਤੇ ਬਹਿ ਗਏ ਤੇ ਭਰ ਦਿੱਤੀਆਂ ਜੇਲ੍ਹਾਂ। ਆਪ ਵੀ ਜੇਲ੍ਹ ਗਿਆ, ਸਿੱਖ ਸਮਝਣ ਲੱਗੇ ਕਿ ਇਹੋ ਹੀ ਪੰਥ ਦਾ ਇਕੋ ਇਕ ਇਮਾਨਦਾਰ ਲੀਡਰ



*ਸਿਕੰਦਰ ਸਿੰਘ ਮਲੂਕਾ*



*ਮਨਜੀਤ ਸਿੰਘ ਜੀ ਕੇ*



*ਮਨਜਿੰਦਰ ਸਿੰਘ ਸਿਰਸਾ*

ਹੈ, ਤੇ ਲੋਕਾਂ ਨੇ ਭਰੋਸਾ ਕਰ ਕੇ ਰਾਜ-ਤਖ਼ਤ ਉਤੇ ਵੀ ਬਿਠਾ ਦਿੱਤਾ। ਬੱਸ ਤਖ਼ਤ ਮਿਲਣ ਦੀ ਦੇਰ ਸੀ, ਸਾਰੇ ਮਸਲੇ ਭੁੱਲ ਗਿਆ। ਆਪ ਤਾਂ ਜੇਲ੍ਹ ਤੋਂ ਨਿਕਲਣ ਸਾਰ ਹੁਕਮਰਾਨ ਬਣ ਗਿਆ, ਪਰ ਜਿਹੜੇ ਇਹਦੇ ਮਗਰ ਲੱਗ ਕੇ ਜੇਲ੍ਹਾਂ ਵਿਚ ਰੁਲੇ, ਉਨ੍ਹਾਂ ਦੀ ਬਾਤ ਵੀ ਨਹੀਂ ਪੁੱਛੀ। ਉਨ੍ਹਾਂ ਨੂੰ ਸਜ਼ਾਵਾਂ ਪੂਰੀਆਂ ਕਰਨ ਪਿਛੋਂ ਵੀ ਅੰਦਰੋਂ ਨਹੀਂ ਨਿਕਲਣ ਦਿੰਦਾ ਤੇ ਠੁਣਾ ਡਾਹ ਦਿੰਦਾ ਹੈ ਕਿ ਸੁਪਰੀਮ ਕੋਰਟ ਦੇ ਹੁਕਮ ਹਨ, ਪਰ ਪਿੰਕੀ ਕੈਟ ਨੂੰ ਰਿਹਾ ਕਰਨ ਵਕਤ ਇਸੇ ਬਾਦਲ ਨੇ ਟਿੱਚ ਕਰ ਕੇ ਨਹੀਂ ਜਾਣੇ ਕੋਰਟ ਦੇ ਹੁਕਮ।

ਬਾਦਲ-ਭਗਤਾਂ ਦੀ ਮੈਨੂੰ ਪਤੈ, ਇਹੋ ਦਲੀਲ ਹੋਣੀ ਹੈ ਕਿ ਇਨ੍ਹਾਂ ਸਿੱਖਾਂ ਉਤੇ ਕੇਸ ਹੀ ਬੜੇ ਸੰਗੀਨ ਹਨ, ਇਸ ਲਈ ਨਹੀਂ ਛੱਡੇ ਜਾ ਸਕਦੇ। ਉਹ ਕਿਉਂ ਭੁੱਲ ਜਾਂਦੇ ਹਨ ਕਿ ਇਸੇ ਬਾਦਲ ਉਤੇ ਵੀ ਉਨ੍ਹਾਂ ਵਰਗੇ 'ਟਾਡਾ' ਕੇਸ ਬਣੇ ਸੀ। ਆਪ ਫਿਰ ਕਿੱਦਾਂ ਸੁਰਖਰੂ ਹੋ ਗਿਆ ਸਾਰੇ ਸੰਗੀਨ ਕੇਸਾਂ ਵਿਚੋਂ?

ਹੁਣ ਤਾਜ਼ੀ ਤਾਜ਼ੀ ਮਿਸਾਲ ਇਥੇ ਆਪਾਂ ਜ਼ਰੂਰ ਸਾਂਝੀ ਕਰੀਏ, ਬਾਦਲ ਦੀ ਬੇਭਰੋਸਗੀ ਦੀ। ਪਿਛਲੇ ਦਿਨੀਂ ਦੀਨਾਨਗਰ ਗੋਲੀ ਕਾਂਡ ਵਿਚ ਸ਼ਹਾਦਤ ਪਾ ਗਏ ਐਸ.ਪੀ. ਦੀ ਘਰਵਾਲੀ ਨੇ ਬਾਦਲ ਦੇ ਕੀਤੇ ਐਲਾਨ (ਕਿ ਉਸ ਦੇ ਪਰਿਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ) ਦਾ ਰੱਤੀ ਭਰ ਵੀ ਭਰੋਸਾ ਨਾ ਕੀਤਾ, ਤੇ ਐਲਾਨ ਕਰ ਦਿੱਤਾ ਕਿ ਆਪਣੇ ਪਤੀ ਦੀ ਲਾਸ਼ ਦਾ ਸਸਕਾਰ ਉਨੀ ਦੇਰ ਨਹੀਂ ਕਰੇਗੀ, ਜਿੰਨੀ ਦੇਰ ਉਹਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਦੇ ਹੁਕਮ ਨਹੀਂ ਮਿਲ ਜਾਂਦੇ। ਇੰਨੇ ਵੱਡੇ ਸਦਮੇ ਵਿਚ ਵੀ ਜਦੋਂ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਹਨ, ਤਾਂ ਜ਼ਾਹਿਰ ਹੁੰਦੀ ਹੈ ਬਾਦਲਾਂ ਦੀ ਬੇਭਰੋਸਗੀ, ਤੇ ਇਸੇ ਬੇਭਰੋਸਗੀ ਕਰ ਕੇ ਹੀ ਬਾਹਰਲੇ ਸਿੱਖਾਂ ਦਾ ਗੁੱਸਾ ਇਥੇ ਆਏ ਅਕਾਲੀ ਲੀਡਰਾਂ ਨੂੰ ਝੱਲਣਾ ਪਿਆ। ਇਨ੍ਹਾਂ ਲੀਡਰਾਂ ਦੀਆਂ ਆਵਾਜ਼ਾਂ ਨੇ ਜੱਗ ਜ਼ਾਹਿਰ ਕਰ ਦਿੱਤਾ ਕਿ ਉਨ੍ਹਾਂ 'ਤੇ ਭਗਵੇਂਕਰਨ ਦਾ ਕਿੰਨਾ ਅਸਰ ਹੈ। ਇਨ੍ਹਾਂ ਦੇ ਮੂੰਹੋਂ ਉਹੋ ਜਿਹੇ ਹੀ ਅਲਫ਼ਾਜ਼ ਨਿਕਲੇ ਜਿਹੋ ਜਿਹੇ ਭਾਰਤ ਦੇ ਹੁਕਮਰਾਨ ਪਿਛਲੇ ਕਈ ਦਹਾਕਿਆਂ ਤੋਂ ਸਿੱਖਾਂ ਦੇ ਹੱਕੀ ਮੋਰਚਿਆਂ ਬਾਰੇ ਵੀ ਇਹੋ ਭੰਡੀ ਪ੍ਰਚਾਰ ਕਰਦੇ ਆ ਰਹੇ ਹਨ ਕਿ ਉਹ ਕਿਸੇ ਬਾਹਰਲੇ ਮੁਲਕ ਦੀ ਸ਼ਹਿ 'ਤੇ ਇਹ ਸਭ ਕਰ ਰਹੇ ਹਨ। ਉਹ ਇਸ ਨੂੰ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਦੱਸਦੇ ਆਏ ਹਨ। ਮੋਰਚਿਆਂ ਨੂੰ ਕਿਸੇ ਬਾਹਰਲੀ ਏਜੰਸੀ ਦੀ ਸ਼ਹਿ 'ਤੇ ਭਾਰਤ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਆਖਦੇ ਆਏ ਹਨ। ਬਾਦਲ ਖੁਦ ਇਸ ਪ੍ਰਚਾਰ ਨਾਲ ਅਸਹਿਮਤ ਰਿਹਾ ਹੈ, ਪਰ ਇਸ ਫੇਰੀ ਵਿਚ ਆਏ ਦਿੱਲੀ ਦੇ ਦੋ ਅਕਾਲੀ ਲੀਡਰ ਮਨਜੀਤ ਸਿੰਘ ਜੀ.ਕੇ. ਅਤੇ ਮਨਜਿੰਦਰ ਸਿੰਘ ਸਿਰਸਾ ਨੇ ਵੀ ਇਹੋ ਲਾਈਨ ਫੜੀ ਰੱਖੀ। ਦੇਖਿਆ ਜਾਵੇ ਤਾਂ ਜੀ.ਕੇ. ਭਲਾ ਕਿਹੜੇ ਸਰਕਾਰੀ ਅਹੁਦੇ ਉਤੇ ਹੈ ਕਿ ਉਸ ਨੇ ਅਮਰੀਕੀ ਅਫਸਰਾਂ ਨਾਲ ਮੁਲਾਕਾਤ ਕਰਕੇ ਸਿੱਖ ਸ਼ਨਾਖਤ ਨਾਲੋਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਜਿਹੜੇ ਸਿੱਖਾਂ ਨੇ ਰਿਫ਼ਿਊਜੀ ਕੇਸ ਇਕ ਖਾਸ ਵਕੀਲ (ਜਿਸ ਨੇ ਜੀ.ਕੇ. ਨੂੰ ਅਮਰੀਕੀ ਕੋਰਟ ਤੋਂ ਸੰਮਨ ਭਿਜਵਾਏ) ਰਾਹੀਂ ਕਰ ਕੇ ਪੱਕੇ ਹੋਏ ਹਨ, ਉਨ੍ਹਾਂ ਦੇ ਕੇਸ ਖੁਲ੍ਹਵਾ ਕੇ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਵੇ। ਅਗਲੀ ਗੱਲ ਬਾਦਲ ਦਾ ਵਿਰੋਧ ਕਰਨ ਵਾਲੇ ਅਮਰੀਕੀ ਸਿੱਖਾਂ ਬਾਰੇ ਉਸ ਨੇ ਇਹ ਕਹੀ ਕਿ ਇਹ ਸਾਰੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੇ ਏਜੰਟ ਹਨ ਤੇ ਇਹ ਸਾਰੇ ਖਤਰਨਾਕ ਹਨ ਜੋ ਭਾਰਤ ਤੇ ਅਮਰੀਕਾ-ਦੋਹਾਂ ਲਈ ਖਤਰਾ ਹਨ। ਭਲਾ ਉਹ ਸਿੱਖਾਂ ਦੀ ਵੱਖਰੀ ਪਛਾਣ ਬਣਾਉਣ ਆਇਆ ਸੀ ਅਮਰੀਕਾ ਵਿਚ? ਕਿਸ ਦੀ ਬੋਲੀ ਬੋਲੀ ਜਾ ਰਹੀ ਸੀ ਇਹ? ਹੈਰਾਨੀ ਤਾਂ ਇਨ੍ਹਾਂ ਲੀਡਰਾਂ ਦੀ ਅਕਲ 'ਤੇ ਹੁੰਦੀ ਆ, ਕਿ ਇਹ ਉਸ ਅਮਰੀਕਾ ਨੂੰ ਦੱਸਣ ਆਉਂਦੇ ਹਨ ਕਿ ਤੁਹਾਨੂੰ ਖਤਰਾ ਇਨ੍ਹਾਂ ਸਿੱਖਾਂ ਤੋਂ ਹੈ, ਜੋ ਦੁਨੀਆਂ ਦੇ ਹਰ ਖੂੰਜੇ 'ਤੇ ਆਪਣੀ ਬਾਜ਼ ਨਜ਼ਰ ਰੱਖਦਾ ਹੈ।

ਸਿੱਖਾਂ ਵਿਰੁਧ ਭਾਰਤੀ ਸਟੇਟ ਦੇ ਭਗਵੇਂਕਰਨ ਨੇ ਜਿਹੜੀ ਚਾਲ ਦੀ ਹੁਣ ਸ਼ੁਰੂ ਕੀਤੀ ਹੈ, ਉਹ ਇਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਬਦਨਾਮ ਕਰਨ ਦੀ ਹੈ ਤੇ ਇਸ ਕੰਮ ਵਿਚ ਬਾਦਲ ਮੋਹਰੀ ਆ। ਬਾਹਰਲੇ ਸਿੱਖ ਇਸ ਗੱਲੋਂ ਸੁਚੇਤ ਹਨ, ਤਾਂ ਹੀ ਉਹ ਬਾਦਲਾਂ ਦੇ ਜ਼ਰ-ਖ਼ਰੀਦ ਲੀਡਰਾਂ ਦੀ ਪੂਚ-ਪੂਚ ਕਰਨ ਦੀ ਥਾਂ ਸਿੱਧੇ ਮੱਥੇ ਵਿਚ ਵੱਜੇ ਤਾਂ ਕਿ ਇਨ੍ਹਾਂ ਦਾ ਆਕਾ ਬਾਦਲ ਦੇਖ ਲਵੇ ਕਿ ਉਹਦੀ ਟੈਂ ਹੁਣ ਬਾਹਰਲੇ ਸਿੱਖ ਮੰਨਣ ਵਾਲੇ ਨਹੀਂ। ਬੜੀ ਹੈਰਾਨੀ ਹੋਈ, ਇਹ ਪੜ੍ਹ-ਸੁਣ ਕੇ ਕਿ ਵਾਪਸ ਜਾ ਕੇ ਇਹ ਲੀਡਰ ਕਹੀ ਜਾਂਦੇ ਹਨ ਕਿ ਸਮੂਹ ਸਿੱਖਾਂ ਨੇ ਬਹੁਤ ਭਰਵਾਂ ਸਵਾਗਤ ਕੀਤਾ! ਇਹ ਜਾਣ ਕੇ ਹੋਰ ਵੀ ਵੱਡਾ ਝਟਕਾ ਲੱਗਾ ਕਿ ਗਿਆਨੀ ਗੁਰਬਚਨ ਸਿੰਘ ਨੇ ਇਨ੍ਹਾਂ ਸਿੱਖਾਂ ਨੂੰ ਬਾਦਲਕਿਆਂ ਵਾਂਗ ਨਿੰਦ ਦਿੱਤਾ। ਇਕ ਗੱਲ ਇਹ ਸਾਰੇ ਲੀਡਰ ਤੇ ਵਿਚੇ ਇਹ ਜਥੇਦਾਰ ਚੰਗੀ ਤਰ੍ਹਾਂ ਲੜ ਬੰਨ੍ਹ ਲੈਣ ਕਿ ਦੂਜੇ ਮੁਲਕ ਵਿਚ ਜਾ ਕੇ ਉਹਦੇ ਹੀ ਨਾਗਰਿਕਾਂ ਬਾਰੇ ਮੰਦਾ ਬੋਲਣਾ ਅਮਰੀਕਾ ਦੇ ਅੰਦਰੂਨੀ ਕੰਮ-ਕਾਜ ਵਿਚ ਦਖਲਅੰਦਾਜ਼ੀ ਹੈ ਤੇ ਇਥੋਂ ਦੀਆਂ ਅਦਾਲਤਾਂ ਇਹਦਾ ਬੜਾ ਗੰਭੀਰ ਨੋਟਿਸ ਲੈਂਦੀਆਂ ਹਨ। ਲੈਣੇ ਦੇ ਦੇਣੇ ਨਾ ਪੈ ਜਾਣ ਕਿਤੇ।

ਜੇ ਬਾਦਲ ਨੂੰ ਬਾਹਰਲੇ ਸਿੱਖਾਂ ਦੀ ਵੱਖਰੀ ਪਛਾਣ ਦਾ ਬਹੁਤਾ ਹੀ ਫਿਕਰ ਹੈ ਤਾਂ ਸਿਰਫ਼ ਸਿਕੰਦਰ ਸਿੰਘ ਮਲੂਕੇ ਨੂੰ ਹੀ ਭੇਜਿਆ ਕਰੇ। ਕੈਨੇਡਾ ਵਿਚ ਤਾਂ ਉਹ ਪੱਕੀ ਪਛਾਣ ਬਣਾ ਗਿਆ; ਤਾਂ ਹੀ ਉਥੋਂ ਦੇ ਰੱਖਿਆ ਮੰਤਰੀ ਨੇ ਬੜਾ ਧੰਨਵਾਦ ਕੀਤਾ! ਲੱਗਦੇ ਹੱਥ ਇਹਨੂੰ ਇਸੇ ਮਿਸ਼ਨ 'ਤੇ ਅਮਰੀਕਾ ਵੀ ਭੇਜਿਆ ਜਾਵੇ, ਸ਼ਾਇਦ ਬਰਾਕ ਓਬਾਮਾ ਹੀ ਧੰਨਵਾਦ ਕਰ ਦੇਵੇ। ਨਾਲੇ ਉਹ ਵਿਚਾਰਾ ਉਸ ਤੋਂ ਵੀ.ਵੀ.ਆਈ.ਪੀ. ਬਣਨ ਦੇ ਗੁਰ ਸਿੱਖ ਲਊ।

ਖੁਦ ਬਾਦਲ ਤੇ ਉਹਦੇ ਬਾਹਰਲੇ ਹਮਦਰਦਾਂ ਨੂੰ ਇਹ ਗੱਲ ਸਮਝ ਲੈਣ ਕਿ ਬਾਦਲ ਦੀ ਮੁਖ਼ਾਲਫ਼ਤ ਕਰਨ ਵਾਲੇ ਬਾਹਰਲੇ ਸਿੱਖਾਂ ਦਾ ਕੋਈ ਨਿਜੀ ਮੁਫ਼ਾਦ ਨਹੀਂ, ਉਹ ਤਾਂ ਪੰਥ ਦੀ ਚੜ੍ਹਦੀ ਕਲਾ ਤੇ ਪੰਜਾਬ ਦੇ ਭਲੇ ਦੀ ਲੋਚਾ ਰੱਖਦੇ ਹਨ। ਜਿਹੜੇ ਇਨ੍ਹਾਂ ਨੂੰ ਏਜੰਟ ਤੇ ਗੁੰਮਰਾਹ ਹੋਏ ਕਹਿੰਦੇ ਆ, ਉਹ ਇਹ ਨਹੀਂ ਜਾਣਦੇ ਕਿ ਇਨ੍ਹਾਂ ਵਿਚੋਂ ਬਹੁਤਿਆਂ ਦਾ ਸਬੰਧ ਕਦੇ ਅਕਾਲੀ ਦਲ ਨਾਲ ਰਹਿ ਚੁੱਕਾ ਹੈ। ਕਈਆਂ ਦੇ ਪੁਰਖਿਆਂ ਨੇ ਤਾਂ ਆਪਣੀ ਜ਼ਿੰਦਗੀ ਦੇ ਅਹਿਮ ਸਾਲ ਇਸੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ 'ਤੇ ਲਾ ਦਿੱਤੇ, ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਉਸ ਵਕਤ ਉਨ੍ਹਾਂ ਨੇ ਕਦੇ ਚਿਤਵਿਆ ਨਹੀਂ ਹੋਣਾ ਕਿ ਕੋਈ ਸਮਾਂ ਆਉਣੈ, ਇਹ ਅਕਾਲੀ ਦਲ ਇਕ ਪਰਿਵਾਰ, ਜੀਜੇ-ਸਾਲੇ ਦਾ ਬਣ ਕੇ ਪੰਥ ਤੇ ਪੰਜਾਬੀਆਂ ਦੀਆਂ ਹੀ ਜੜ੍ਹਾਂ ਵਿਚ ਬੈਠ ਜਾਵੇਗਾ। ਇਨ੍ਹਾਂ ਸਿੱਖਾਂ ਦੀ ਜ਼ਮੀਰ ਨੂੰ ਆਪਣੇ ਪੁਰਖਿਆਂ ਦੀ ਕੁਰਬਾਨੀ ਇਨ੍ਹਾਂ ਲੀਡਰਾਂ ਦੀ ਮੁਖਾਲਫਤ ਕਰਨ ਲਈ ਝੰਜੋੜਦੀ ਹੈ।

# ਮਨੀਕਰਣ ਹਾਦਸੇ ਪਿੱਛੋਂ ਸੰਗਤ ਦੀ ਸੁਰੱਖਿਆ ‘ਤੇ ਉੱਠੇ ਸਵਾਲ

**ਕੁੱਲੂ:** ਮਨੀਕਰਣ ਦੇ ਇਤਿਹਾਸਕ ਗੁਰਦੁਆਰੇ ਦੀ ਸਰਾਂ ‘ਤੇ ਚਟਾਨ ਡਿੱਗਣ ਕਾਰਨ ਵਾਪਰੇ ਹਾਦਸੇ ਨੇ ਪਹਾੜੀ ਇਲਾਕਿਆਂ ਵਿਚ ਸ਼ਰਧਾਲੂਆਂ ਦੀ ਸੁਰੱਖਿਆ ‘ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਹਾਦਸੇ 10 ਸ਼ਰਧਾਲੂਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚੋਂ ਸੱਤ ਨੌਜਵਾਨ ਸੰਗਰੂਰ ਦੇ ਪਿੰਡ ਰੋਗਲਾ ਦੇ ਸਨ। ਅਜੇ ਪਿਛਲੇ ਮਹੀਨੇ 23 ਜੁਲਾਈ ਨੂੰ ਸਰਸਾੜੀ ਬੱਸ ਹਾਦਸੇ ਵਿਚ ਪੰਜਾਬ ਦੇ 45 ਸ਼ਰਧਾਲੂਆਂ ਦੀ ਮੌਤ ਹੋਈ ਸੀ, ਜਿਨ੍ਹਾਂ ਵਿਚੋਂ 20 ਲੋਕਾਂ ਦੀਆਂ ਲਾਸ਼ਾਂ ਤਾਂ ਮਿਲ ਗਈਆਂ ਸਨ, ਬਾਕੀ 25 ਲੋਕ ਪਾਰਵਤੀ ਨਦੀ ਵਿਚ ਰੁੜ੍ਹ ਗਏ ਸਨ। ਗਰਮ ਚਸ਼ਮਿਆਂ ਦੀ ਇਸ ਨਗਰੀ ਵਿਚ ਸ਼ਰਧਾਲੂਆਂ ਦਾ ਗਰਮੀ ਤੇ ਸਰਦੀ ਵਿਚ ਤਾਂਤਾ ਲੱਗਿਆ ਰਹਿੰਦਾ ਹੈ। ਭੂੰਤਰ ਤੋਂ 35 ਕਿਲੋਮੀਟਰ ਦਾ ਰਸਤਾ ਪਾਰਵਤੀ ਨਦੀ ਦੀ ਗੋਦ ਵਿਚ ਹੀ ਘੁੰਮਦਾ ਹੈ। ਲਾਪਰਵਾਹੀ ਤੇ ਤਿਲਕਵਾਂ ਹੋਣ ਕਾਰਨ ਇਸ ਰਸਤੇ ਉਤੇ ਹਾਦਸੇ ਹੁੰਦੇ ਰਹਿੰਦੇ ਹਨ।

ਕਈ ਵਾਰ ਬੱਦਲ ਵੀ ਫਟ ਜਾਂਦੇ ਹਨ, ਜਿਸ ਕਾਰਨ ਇਹ ਘਾਟੀ ਕਬਰਸਤਾਨ ਬਣਦੀ ਜਾ ਰਹੀ ਹੈ। ਸਾਲ 1999 ਵਿਚ ਬੱਦਲ ਫਟਣ ਕਾਰਨ 30 ਲੋਕ ਇਸ ਨਦੀ ਵਿਚ ਰੁੜ੍ਹ ਗਏ ਸਨ। 2001 ਵਿਚ ਇਸ ਨਦੀ ਵਿਚ ਇਕ ਬੱਸ ਡਿਗਣ ਕਾਰਨ ਕਈ ਜ਼ਿੰਦਗੀਆਂ ਖ਼ਤਮ ਹੋ ਗਈਆਂ। 2003 ਵਿਚ ਬੱਦਲ ਫਟਣ ਕਾਰਨ ਕਰੋੜਾਂ ਦੀ ਜਾਇਦਾਦ ਤਬਾਹ ਹੋ ਗਈ। ਭੁੱਠੀ ਪਿੰਡ ਦੀਆਂ 33 ਔਰਤਾਂ ਵੀ ਇਸ ਦੀ ਲਪੇਟ ਵਿਚ ਆ ਚੁੱਕੀਆਂ ਹਨ। ਇਥੇ ਹਿੰਦੂਆਂ ਲਈ ਵਿਸ਼ਨੂੰ, ਰਾਮ, ਕ੍ਰਿਸ਼ਨ, ਸ਼ਿਵ ਤੇ ਹੋਰ ਮੰਦਰ ਹਨ। ਮਨੀਕਰਣ ਗੁਰਦੁਆਰਾ ਸਾਹਿਬ ਨੂੰ ਸਿੱਖ ਲੋਕ ਗੁਰੂ ਨਾਨਕ ਦੇਵ ਦੀ ਯਾਤਰਾ ਨਾਲ ਜੋੜਦੇ ਹਨ। ਇਹ ਘਾਟੀ ਗਰਮ ਪਾਣੀ ਲਈ ਪ੍ਰਸਿੱਧ ਹੈ, ਜਿਸ ਵਿਚ ਚੌਲ ਆਦਿ ਬਣਾਏ ਜਾਂਦੇ ਹਨ। ਕਈ ਸ਼ਰਧਾਲੂ ਚਮੜੀ ਰੋਗ ਤੋਂ ਮੁਕਤੀ ਪਾਉਣ ਲਈ ਇਸ ਪਾਣੀ ਵਿਚ ਇਸ਼ਨਾਨ ਕਰਦੇ ਹਨ। ਇਸ ਕਰਕੇ ਇਥੇ ਸਿਆਲ-ਗਰਮੀਆਂ ਸੰਗਤ ਵੱਡੀ ਗਿਣਤੀ ਵਿਚ ਜੁੜਦੀ ਹੈ ਪਰ ਸੰਗਤ ਦੀ ਗਿਣਤੀ ਦੇ ਲਿਹਾਜ ਨਾਲ ਸੁਰੱਖਿਆ ਦੇ ਪ੍ਰਬੰਧ ਨਾਮਾਤਰ ਹਨ। ਮਨੀਕਰਣ ਹਾਦਸੇ ਪਿੱਛੋਂ ਇਕ ਗੱਲ ਹੋਰ ਸਾਹਮਣੇ ਆਈ ਹੈ ਕਿ ਪਹਾੜੀ ਇਲਾਕਿਆਂ ਵਿਚ ਧਾਰਮਿਕ ਸਥਾਨਾਂ ਦੁਆਲੇ ਨਾਜਾਇਜ਼ ਉਸਾਰੀਆਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਬੇਤਰਤੀਬੇ ਤੇ ਪ੍ਰਸ਼ਾਸਨ ਤੋਂ ਮਨਜ਼ੂਰੀ ਲਏ ਬਿਨਾਂ ਉਸਾਰਿਆ ਗਿਆ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਜਿਸ ਸਰਾਂ ਵਿਚ ਹਾਦਸਾ ਵਾਪਰਿਆ ਹੈ, ਉਹ ਨਾਜਾਇਜ਼ ਉਸਾਰੀ ਹੈ ਤੇ ਪ੍ਰਸ਼ਾਸਨ ਤੋਂ ਇਸ ਦੀ ਕੋਈ ਮਨਜ਼ੂਰੀ ਨਹੀਂ ਲਈ ਗਈ।



### ਗੁਰਦੁਆਰੇ ਦੁਆਲੇ ਗੈਰਕਾਨੂੰਨੀ ਉਸਾਰੀਆਂ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਸਰਕਾਰ ਨੇ ਗੁਰਦੁਆਰਾ ਮਨੀਕਰਣ ਖਾਲੀ ਕਰਵਾਉਣ ਦੇ ਹੁਕਮ ਦਿੱਤੇ ਹਨ। ਕੁੱਲੂ ਪ੍ਰਸ਼ਾਸਨ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਨੋਟਿਸ ਜਾਰੀ ਕੀਤਾ ਹੈ ਕਿ ਗੁਰਦੁਆਰੇ ਦੀ ਇਮਾਰਤ ਬੰਦ ਕਰ ਦਿੱਤੀ ਜਾਵੇ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੁਰਦੁਆਰੇ ਦੀਆਂ ਇਮਾਰਤਾਂ ਬੇਤਰਤੀਬ ਜਿਹੀਆਂ ਬਣਾਈਆਂ ਗਈਆਂ ਹਨ। ਇਸ ਨਾਲ ਹਾਦਸਿਆਂ ਦਾ ਖਦਸ਼ਾ ਵਧ ਜਾਂਦਾ ਹੈ ਜਿਸ ਥਾਂ ਹੁਣ ਚਟਾਨ ਡਿੱਗੀ ਹੈ, ਉਥੇ ਹੋਰ ਚਟਾਨਾਂ ਡਿੱਗਣ ਦਾ ਖ਼ਤਰਾ ਹੈ। ਪ੍ਰਸ਼ਾਸਨ ਮੁਤਾਬਕ ਪਿਛਲੇ ਕੁਝ ਸਾਲਾਂ ਤੋਂ ਗੁਰਦੁਆਰੇ ਦੇ ਆਸ-ਪਾਸ ਜੋ ਉਸਾਰੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਮਨਜ਼ੂਰੀ ਨਹੀਂ ਲਈ ਗਈ। ਇਹੀ ਨਹੀਂ, ਇਮਾਰਤ ਵਾਲੀ ਥਾਂ ਜੰਗਲਾਤ ਵਾਲੀ ਜ਼ਮੀਨ ਹੈ ਜਿਸ ਉਤੇ ਉਸਾਰੀ ਦੀ ਆਗਿਆ ਹੀ ਨਹੀਂ ਦਿੱਤੀ ਜਾ ਸਕਦੀ।

### ਖਤਰੇ ਦੇ ਜ਼ੋਨ ਵਿਚ ਹੈ ਮਨੀਕਰਣ ਕਸਬਾ

**ਕੁੱਲੂ:** ਭੂ-ਵਿਗਿਆਨਕ ਸਰਵੇ ਟੀਮ ਨੇ ਮਨੀਕਰਣ ਕਸਬੇ ਦਾ ਸਰਵੇ ਕਰਕੇ ਇਸ ਨੂੰ ਖ਼ਤਰੇ ਵਾਲਾ ਸਥਾਨ ਐਲਾਨ ਦਿੱਤਾ ਹੈ। ਟੀਮ ਮੁਤਾਬਕ ਜੇਕਰ ਇਸ ਕਸਬੇ ਨੂੰ ਬਚਾਉਣ ਦੀ ਕੋਸ਼ਿਸ਼ ਨਾ ਕੀਤੀ ਗਈ ਤਾਂ ਇਸ ਦੀ ਹੋਂਦ ਖ਼ਤਮ ਹੋ ਜਾਵੇਗੀ ਤੇ ਜਾਨ-ਮਾਲ ਦਾ ਭਾਰੀ ਨੁਕਸਾਨ ਵੀ ਹੋਵੇਗਾ। ਕੁੱਲੂ ਦੇ ਐਸ.ਡੀ.ਐਮ. ਰੋਹਿਤ ਰਾਠੌਰ ਦੀ ਅਗਵਾਈ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਪਹਾੜੀ ਉਤੇ ਪਹੁੰਚ ਕੇ ਉਥੋਂ ਦੀ ਸਥਿਤੀ ਦੇਖੀ ਤਾਂ ਪਤਾ ਲੱਗਾ ਕਿ ਪੂਰੀ ਪਹਾੜੀ ਵਿਚ ਦਰਾਰ ਪੈ ਚੁੱਕੀ ਹੈ ਤੇ ਚਟਾਨਾਂ ਵਿਚ ਧਮਾਕਾ ਹੋਣ ਨੂੰ ਤਿਆਰ ਹੈ। ਭੂ-ਵਿਗਿਆਨੀਆਂ ਨੇ ਖੁਲਾਸਾ ਕੀਤਾ ਕਿ ਜਿਥੋਂ ਚਟਾਨਾਂ ਖਿਸਕੀਆਂ ਹਨ, ਉਹ ਖ਼ਤਰਨਾਕ ਚੋਟੀ ਹੈ ਜੋ ਕਦੇ ਵੀ ਤਬਾਹੀ ਮਚਾ ਸਕਦੀ ਹੈ।

### ਸ਼੍ਰੋਮਣੀ ਕਮੇਟੀ ਨੇ ਸਹਾਇਤਾ ਰਾਸ਼ੀ ਐਲਾਨੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰੇ ਗਏ ਸ਼ਰਧਾਲੂਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਤੇ ਜ਼ਖ਼ਮੀਆਂ ਨੂੰ 25-25 ਹਜ਼ਾਰ ਰੁਪਏ ਮਾਇਕ ਮਦਦ ਦੇਣ ਦਾ ਐਲਾਨ ਕੀਤਾ ਹੈ। ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਮੈਂਬਰ ਦਿਲਜੀਤ ਸਿੰਘ ਭਿੰਡਰ ਦੀ ਅਗਵਾਈ ਵਿਚ ਸੁਖਵਿੰਦਰ ਸਿੰਘ ਗਰੇਵਾਲ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਸਟਾਫ਼ ਗੁਰਦੁਆਰਾ ਮਨੀਕਰਣ ਸਾਹਿਬ ਵਿਖੇ ਪੁੱਜਾ ਹੈ। ਇਹ ਟੀਮ ਸਾਰੀ ਸਥਿਤੀ ਦਾ ਜਾਇਜ਼ਾ ਲਵੇਗੀ। ਇਸ ਦੀ ਰਿਪੋਰਟ ਦੇ ਆਧਾਰ ਉਤੇ ਸਹਾਇਤਾ ਭੇਜੀ ਜਾਵੇਗੀ।

## ਕੈਪਟਨ ਅਮਰਿੰਦਰ ਸਿੰਘ ਦਾ ਵਿਦੇਸ਼ ਦੌਰਾ ਮੁਲਤਵੀ ਹੋਣ ‘ਤੇ ਸਿਆਸਤ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਮਰੀਕਾ ਤੇ ਕੈਨੇਡਾ ਦੌਰਾ ਮੁਲਤਵੀ ਕਰਨ ਉਤੇ ਸਿਆਸਤ ਸ਼ੁਰੂ ਹੋ ਗਈ ਹੈ ਅਤੇ ਕੁਝ ਅਕਾਲੀ ਆਗੂਆਂ ਨੇ ਉਨ੍ਹਾਂ ਨੂੰ ਮਿਹਣੇ ਮਾਰਨੇ ਆਰੰਭ ਕਰ ਦਿੱਤੇ ਹਨ।

ਅਕਾਲੀ ਦਲ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ 'ਸਿੱਖ ਫਾਰ ਜਸਟਿਸ' ਦੇ ਮੁਖੀ ਗੁਰਪਤਵੰਤ ਪੰਨੂੰ ਦੇ ਸੰਮਨਾਂ ਤੋਂ ਉਹ ਤਾਂ ਨਹੀਂ ਡਰੇ, ਪਰ ਕੈਪਟਨ ਅਮਰਿੰਦਰ ਸਿੰਘ ਨੇ ਘਬਰਾ ਕੇ ਸਤੰਬਰ ਮਹੀਨੇ ਦੀ ਆਪਣੀ ਯਾਤਰਾ ਮੁਲਤਵੀ ਕਰ ਦਿੱਤੀ ਹੈ। ਇਸ ਕਾਰਵਾਈ ਨੇ ਕਾਂਗਰਸ ਦੀ ਬੁਜ਼ਦਿਲੀ ਜ਼ਾਹਿਰ ਕਰ ਦਿੱਤੀ ਹੈ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਭਰਤਇੰਦਰ ਚਾਹਲ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਇਹ ਦੌਰਾ ਰੱਦ ਨਹੀਂ ਕੀਤਾ, ਬਲਕਿ ਉਥੇ ਹੋਣ ਵਾਲੀਆਂ ਚੋਣਾਂ ਕਾਰਨ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਤੇ ਅਮਰੀਕਾ ਵਿਚ ਚੋਣਾਂ ਤੋਂ ਬਾਅਦ ਕੈਪਟਨ ਦੋਵਾਂ ਥਾਂਵਾਂ ਉਤੇ ਜਾਣਗੇ; ਉਨ੍ਹਾਂ ਨੂੰ ਕਿਸੇ ਦੇ ਸੰਮਨਾਂ ਦਾ ਡਰ ਨਹੀਂ ਹੈ। ਇਸ ਬਾਰੇ ਕੁਝ ਅਕਾਲੀਅ ਆਗੂਆਂ ਵੱਲੋਂ ਬੇਵਜ੍ਹਾ ਪ੍ਰਚਾਰ ਕੀਤਾ ਜਾ ਰਿਹਾ ਹੈ। ਅਕਾਲੀ ਖੁਦ ਅਮਰੀਕਾ ਅਤੇ ਕੈਨੇਡਾ ਵਿਚ ਖੱਜਲ ਹੋ ਕੇ ਆਏ ਹਨ, ਕਿਉਂਕਿ ਇਨ੍ਹਾਂ ਆਗੂਆਂ ਨੂੰ ਕੁਝ ਸਿੱਖਾਂ ਨੇ ਬੋਲਣ ਵੀ ਨਹੀਂ ਦਿੱਤਾ, ਇਸ ਲਈ ਇਹ ਅਕਾਲੀ ਆਗੂ ਹੁਣ ਆਪਣਾ ਗੁੱਸਾ ਕੈਪਟਨ ਅਮਰਿੰਦਰ ਸਿੰਘ ਉਤੇ ਕੱਢ ਰਹੇ ਹਨ।

ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਪਰਵਾਸੀ ਪੰਜਾਬੀਆਂ ਨੂੰ ਆਪਣੀ ਪਾਰਟੀ ਨਾਲ ਜੋੜਨ ਦੇ ਇਰਾਦੇ ਨਾਲ ਵਿਦੇਸ਼ ਜਾ ਰਹੇ ਹਨ। ਦਰਅਸਲ ਆਮ ਆਦਮੀ ਪਾਰਟੀ ਨੂੰ ਪਹਿਲਾਂ ਵਾਂਗ ਹੀ ਵਿਦੇਸ਼ਾਂ ਤੋਂ ਕਾਫ਼ੀ ਹੁੰਗਾਰਾ ਮਿਲ ਰਿਹਾ ਹੈ। ਇਸੇ ਕਰ ਕੇ ਹੀ ਅਕਾਲੀ ਦਲ ਅਤੇ ਕਾਂਗਰਸ ਦੇ ਵੱਖ ਵੱਖ ਲੀਡਰ ਵਿਦੇਸ਼ ਜਾਣ ਲਈ ਸਰਗਰਮ ਹੋਏ ਪਏ ਹਨ।

## ਦਿੱਲੀ ਕਮੇਟੀ ਨੇ ਕੇਂਦਰ ਕੋਲ ਉਠਾਏ ਵਿਦੇਸ਼ੀ ਸਿੱਖਾਂ ਦੇ ਮਸਲੇ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਸਾਬਕਾ ਸੰਸਦ ਮੈਂਬਰ ਤਿਰਲੋਚਨ ਸਿੰਘ ਨੇ ਵਿਦੇਸ਼ੀ ਸਿੱਖਾਂ ਦੇ ਮਸਲਿਆਂ ਬਾਰੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਜੀ.ਕੇ. ਨੇ ਵਿਦੇਸ਼ੀ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਉਣ ਸਮੇਤ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰਤ ਆਉਣ ਲਈ ਵੀਜ਼ਾ ਦੇਣ ਤੇ ਅਫ਼ਗਾਨਿਸਤਾਨ ਤੋਂ ਆਏ ਹਿੰਦੂ-ਸਿੱਖ ਪਰਿਵਾਰਾਂ ਨੂੰ ਨਾਗਰਿਕਤਾ ਦੇਣ ਦੀ ਮੰਗ ਕੀਤੀ। ਜੀ.ਕੇ. ਨੇ ਕਾਲੀ ਸੂਚੀ ਖਤਮ ਕਰਨ ਦੀ ਵਕਾਲਤ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਦੇ ਕਾਲੇ ਦੌਰ ਸਮੇਂ ਪੁਲਿਸ ਤੇ ਪ੍ਰਸ਼ਾਸਨ ਦੀਆਂ ਧੱਕੇਸ਼ਾਹੀਆਂ ਕਾਰਨ ਵਿਦੇਸ਼ਾਂ ਵਿਚ ਸਿਆਸੀ ਪਨਾਹ ਲੈਣ ਲਈ ਮਜਬੂਰ ਹੋਣ ਵਾਲੇ ਸਿੱਖਾਂ ਦਾ ਨਾਂ ਕਾਲੀ ਸੂਚੀ ਵਿਚੋਂ ਤੁਰੰਤ ਹਟਾਏ ਜਾਣ। ਜੀ.ਕੇ. ਨੇ ਦਾਅਵਾ ਕੀਤਾ ਕਿ ਉਸ ਸਮੇਂ ਵਿਦੇਸ਼ਾਂ ਵਿਚ ਸਿਆਸੀ ਪਨਾਹ ਲੈਣ ਵਾਲੀਆਂ ਸਿੱਖਾਂ ਦੀਆਂ ਅਗਲੀਆਂ ਪੀੜੀਆਂ ਸਬੰਧਤ ਦੇਸ਼ ਦੇ ਅਰਥਚਾਰੇ ਵਿਚ ਪੂਰੀ ਇਮਾਨਦਾਰੀ ਨਾਲ ਹਿੱਸਾ ਪਾ ਰਹੀਆਂ ਹਨ। ਇਸ ਕਰਕੇ ਕਾਨੂੰਨ ਪਸੰਦ ਇਨ੍ਹਾਂ ਲੋਕਾਂ ਨੂੰ ਆਪਣੇ ਵਤਨ ਵਾਪਸੀ ਦਾ ਇਕ ਮੌਕਾ ਜ਼ਰੂਰ ਦਿੱਤਾ ਜਾਵੇ। ਜੀ.ਕੇ. ਵੱਲੋਂ ਕੇਂਦਰੀ ਮੰਤਰੀ ਨੂੰ ਅਮਰੀਕਾ ਵਿਚ ਆਪਣੇ ਦੂਤਘਰ ਪਾਸੋਂ ਸਿੱਖਾਂ ਦੀ ਪਛਾਣ ਬਾਰੇ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਦੀ ਸਲਾਹ ਦਿੱਤੀ ਗਈ। ਇਸ ਤੋਂ ਇਲਾਵਾ ਅਫਗਾਨੀ ਨਾਗਰਿਕਾਂ ਦੇ ਭਾਰਤ ਵਿਚ ਜਨਮ ਲੈਣ ਵਾਲੇ ਬੱਚਿਆਂ ਨੂੰ ਵੀ ਇਥੋਂ ਦੀ ਨਾਗਰਿਕਤਾ ਦੇਣ ਤੋਂ ਪਾਸਾ ਵੱਟਣ ਦੀ ਸਰਕਾਰੀ ਨੀਤੀ ਨੂੰ ਗਲਤ ਕਰਾਰ ਦਿੱਤਾ। ਇਸ ਮੁਲਾਕਾਤ ਦੌਰਾਨ ਮੌਜੂਦ ਤਿਰਲੋਚਨ ਸਿੰਘ ਨੇ ਕੇਂਦਰੀ ਮੰਤਰੀ ਨੂੰ ਮਨੁੱਖਤਾ ਦੇ ਆਧਾਰ ਉਤੇ ਸਿੱਖਾਂ ਦੀਆਂ ਮੰਗਾਂ ਬਾਰੇ ਠੋਸ ਕਾਰਵਾਈ ਕਰਨ ਦੀ ਅਪੀਲ ਕੀਤੀ।

## ‘ਕੋਹਲੀ ਐਂਡ ਕੰਪਨੀ’ ਨਾਲ ਸ਼੍ਰੋਮਣੀ ਕਮੇਟੀ ਦੇ ਰਿਸ਼ਤੇ ਬਾਰੇ ਵਿਵਾਦ ਭਖਿਆ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ‘ਕੋਹਲੀ ਐਂਡ ਕੰਪਨੀ’ ਨਾਲ ਆਪਣੇ ਰਿਸ਼ਤਿਆਂ ਨੂੰ ਲੈ ਕੇ ਇਕ ਵਾਰ ਫੇਰ ਵਿਵਾਦਾਂ ਵਿਚ ਘਿਰ ਸਕਦੀ ਹੈ। ਹੁਣ ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਐਸ.ਐਸ. ਚੰਨੀ ਦੀ ਅਦਾਲਤ ਨੇ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਹੈ ਕਿ ਉਹ ਇਹ ਸਪੱਸ਼ਟ ਕਰੇ ਕਿ ‘ਮੈਸਰਜ਼ ਐਸ.ਐਸ. ਕੋਹਲੀ ਫਰਮ’ ਸ਼੍ਰੋਮਣੀ ਕਮੇਟੀ ਦੇ ਅਧੀਨ ਕੰਮ ਕਰ ਰਹੀ ਹੈ ਜਾਂ ਨਹੀਂ? ਮੁੱਖ ਸੂਚਨਾ ਕਮਿਸ਼ਨਰ ਨੇ ਇਹ ਹੁਕਮ ਅੰਮ੍ਰਿਤਸਰ ਵਾਸੀ ਵੱਲੋਂ ਸ਼੍ਰੋਮਣੀ ਕਮੇਟੀ ਖਿਲਾਫ਼ ਦਾਇਰ ਸ਼ਿਕਾਇਤ ਉਤੇ ਸੁਣਵਾਈ ਕਰਦਿਆਂ ਸੁਣਾਏ। ਮਾਮਲੇ ਦੀ ਅਗਲੀ ਸੁਣਵਾਈ ਲਈ 29 ਸਤੰਬਰ ਦਾ ਦਿਨ ਤੈਅ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਆਰ.ਟੀ.ਆਈ. ਐਕਟ ਤਹਿਤ ਸ਼੍ਰੋਮਣੀ ਕਮੇਟੀ ਤੋਂ ਪੁੱਛਿਆ ਸੀ ਕਿ ਕੀ ਚਾਰਟਡ ਅਕਾਊਂਟੈਂਟ ਫਰਮ ‘ਮੈਸਰਜ਼ ਐਸ.ਐਸ. ਕੋਹਲੀ’ ਸ਼੍ਰੋਮਣੀ ਕਮੇਟੀ ਦੇ ਅਧੀਨ ਸੇਵਾਵਾਂ ਦੇ ਰਹੀ ਹੈ ਜਾਂ ਸ਼੍ਰੋਮਣੀ ਕਮੇਟੀ ਇਸ ਫਰਮ ਅਧੀਨ ਹੈ? ਸ਼ਿਕਾਇਤਕਰਤਾ ਨੇ ਦੱਸਿਆ ਕਿ ਜਦੋਂ ਸ਼੍ਰੋਮਣੀ ਕਮੇਟੀ ਨੇ ਜਾਣਕਾਰੀ ਨਹੀਂ ਦਿੱਤੀ ਤਾਂ ਉਨ੍ਹਾਂ ਪੰਜਾਬ ਸੂਚਨਾ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ।

# ਪੰਜਾਬ ਸਰਕਾਰ ਨੇ ਵਿਦੇਸ਼ੀ ਨਿਵੇਸ਼ਕਾਂ ਨੂੰ ਲੁਭਾਉਣ ਦੀ ਖਿੱਚੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ 29 ਅਕਤੂਬਰ ਨੂੰ ਕਰਵਾਏ ਜਾ ਰਹੇ ਨਿਵੇਸ਼ ਸੰਮੇਲਨ ਤੋਂ ਪਹਿਲਾਂ ਸੂਬਾ ਸਰਕਾਰ ਨੇ ਨਿਵੇਸ਼ਕਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 29 ਅਗਸਤ ਤੋਂ ਤਿੰਨ ਸਤੰਬਰ ਤੱਕ ਕੋਰੀਆ ਦੀ ਯਾਤਰਾ ਉਤੇ ਹਨ। ਇਸ ਯਾਤਰਾ ਵਿਚ ਕੋਰੀਆ ਦੇ ਸਨਅਤਕਾਰਾਂ ਤੇ ਨਿਵੇਸ਼ਕਾਰਾਂ ਨੂੰ ਪੰਜਾਬ ਵਿਚ ਨਿਵੇਸ਼ ਲਈ ਪ੍ਰੇਰਿਆ ਜਾਵੇਗਾ। ਸਰਕਾਰ ਨੂੰ ਉਮੀਦ ਹੈ ਕਿ ਇਸ ਤਰ੍ਹਾਂ ਦੇ ਦੌਰਿਆਂ ਨਾਲ ਨਿਵੇਸ਼ਕਾਂ ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ। ਇਸੇ ਤਹਿਤ ਹੀ ਕੋਰੀਆ ਨੂੰ ਵੀ ਨਿਵੇਸ਼ ਦਾ ਭਾਈਵਾਲ ਦੇਸ਼ ਬਣਾਉਣ ਲਈ ਪ੍ਰੇਰਿਆ ਜਾਵੇਗਾ। ਇਸ ਨਿਵੇਸ਼ਕ ਸੰਮੇਲਨ ਵਿਚ ਪੋਲੈਂਡ ਪਹਿਲਾਂ ਹੀ ਭਾਈਵਾਲ ਦੇਸ਼ ਬਣਨ ਦਾ ਐਲਾਨ ਕਰ ਚੁੱਕਾ ਹੈ।

ਪੰਜਾਬ ਸਰਕਾਰ ਵੱਲੋਂ ਕੋਰਿਆਈ ਨਿਵੇਸ਼ਕਾਂ ਨੂੰ ਮੁਹਾਲੀ ਵਿਚ ਕੌਮਾਂਤਰੀ ਹਵਾਈ ਅੱਡੇ ਨੇੜੇ ‘ਪਲੱਗ ਤੇ ਪਲੇਅ’ ਉਦਯੋਗਿਕ ਪਾਰਕ ਸਥਾਪਤ ਕਰਨ ਦੀ ਵੀ ਪੇਸ਼ਕਸ਼ ਕੀਤੀ ਗਈ ਹੈ। ਇਥੇ ਕੋਰਿਆਈ ਰਾਜਦੂਤ ਦੀ ਅਗਵਾਈ ਵਾਲੇ ਨਿਵੇਸ਼ਕਾਂ ਦੇ ਵਫ਼ਦ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਸਰਕਾਰ ਵੱਲੋਂ ਵਫ਼ਦ ਨੂੰ ਬਿਜਲੀ ਦੇ ਰੇਟ 10 ਸਾਲਾਂ ਤੱਕ ਨਿਰਧਾਰਤ ਕਰਨ ਦੀ ਪੇਸ਼ਕਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਨਿਵੇਸ਼ਕਾਂ ਨੂੰ ਸਾਰੇ ਸੂਬਿਆਂ ਨਾਲੋਂ ਸਸਤੀ ਬਿਜਲੀ ਮੁਹੱਈਆ ਕਰਵਾਈ ਜਾਵੇਗੀ। ਸੁਖਬੀਰ ਬਾਦਲ ਨੇ ਕੋਰਿਆਈ ਨਿਵੇਸ਼ਕਾਂ ਨੂੰ ਸੂਬਾ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਰਿਆਇਤਾਂ ਦਾ ਲਾਭ ਲੈਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 600 ਅਜਿਹੀਆਂ ਥਾਵਾਂ ਉਤੇ ਨਿਵੇਸ਼ ਲਈ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਬਾਰੇ ਹਰ ਤਰ੍ਹਾਂ ਦੀ ਮਨਜ਼ੂਰੀ ਲਈ ਜਾ ਚੁੱਕੀ ਹੈ। ਇਸ ਮੌਕੇ ਕੋਰਿਆਈ ਕੰਪਨੀ ‘ਸੈਮਸੰਗ’ ਨੇ ਪੰਜਾਬ ਵਿਚ ਨਿਵੇਸ਼ ਕਰਨ ਲਈ ਦਿਲਚਸਪੀ ਦਿਖਾਈ। ਮੁੱਖ ਮੰਤਰੀ ਨੇ ਕਿਹਾ ਕਿ ਦੋਵੇਂ ਧਿਰਾਂ ਸਿੱਖਿਆ ਤੇ ਹੁਨਰ ਵਿਕਾਸ ਦੇ ਖੇਤਰ ਤੋਂ ਇਲਾਵਾ ਵਪਾਰ, ਸੂਚਨਾ ਤਕਨਾਲੋਜੀ ਤੇ ਕਾਮਰਸ ਦੇ ਖੇਤਰ ਵਿਚ ਵਡਮੁੱਲਾ ਸਹਿਯੋਗ ਕਰ ਸਕਦੇ ਹਨ। ਪੰਜਾਬ ਹੁਨਰ ਵਿਕਾਸ ਦੇ ਖੇਤਰ ਵਿਚ ਸਹਿਯੋਗ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਜਿਥੇ ਪੰਜਾਬ ਵਿਚ ਸਿਰਫ ਤਿੰਨ ਫੀਸਦੀ ਲੋਕ ਹੀ ਤਕਨੀਕੀ ਸਿੱਖਿਆ ਪ੍ਰਾਪਤ ਹਨ ਉਥੇ ਦੱਖਣੀ ਕੋਰੀਆ ਵਿਚ ਇਹ ਦਰ 98 ਫੀਸਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਉਤਪਾਦਨ, ਬੁਨਿਆਦੀ ਢਾਂਚੇ, ਆਟੋ ਮੋਬਾਇਲ, ਸੂਚਨਾ ਤਕਨਾਲੋਜੀ ਤੇ ਇਲੈਕਟ੍ਰੌਨਿਕ ਖੇਤਰ ਵਿਚ ਨਿਵੇਸ਼ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਕੋਰੀਆ ਸਮਾਰਟ ਸਿਟੀ ਬਣਾਉਣ ਵਿਚ ਵੀ ਸਹਾਇਤਾ ਕਰ ਸਕਦਾ ਹੈ। ਸਰਕਾਰ ਵੱਲੋਂ ਨਿਵੇਸ਼ਕਾਂ ਦੀ ਸਹੂਲਤ ਲਈ ਨਿਵੇਸ਼ਕ ਬਿਊਰੋ ਦੀ ਸਥਾਪਨਾ ਕੀਤੀ ਗਈ ਹੈ, ਜਿਸ ਨਾਲ ਕਿਸੇ ਵੀ ਪ੍ਰੋਜੈਕਟ ਦੀ ਸਥਾਪਨਾ ਲਈ ਸਿਰਫ 38 ਦਿਨਾਂ ਵਿਚ ਹੀ ਮਨਜ਼ੂਰੀਆਂ ਦਿੱਤੀਆਂ ਜਾ ਰਹੀਆਂ ਹਨ।

### 29 ਅਕਤੂਬਰ ਦੇ ਸੰਮੇਲਨ ਦੀਆਂ ਤਿਆਰੀਆਂ ਜ਼ੋਰਾਂ ‘ਤੇ



### ਹਰਿਆਣਾ ਵੱਲੋਂ ਅਮਰੀਕੀ ਕੰਪਨੀ ਨਾਲ ਸਮਝੌਤਾ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੇ ਅਮਰੀਕਾ ਦੌਰੇ ਦੌਰਾਨ ਸਿਸਕੋ ਸਿਸਟਮਜ਼ ਇੰਟਰਨੈਸ਼ਨਲ ਬੀ.ਵੀ.ਸੇਨ ਫਰਾਂਸਿਸਕੋ, ਅਮਰੀਕਾ ਦੇ ਨਾਲ ਸਮਝੌਤਾ ਕਰਕੇ ਕੇਂਦਰ ਸਰਕਾਰ ਦੀ ਸਮਾਰਟ ਸਿਟੀ ਦੇ ਸੁਪਨੇ ਨੂੰ ਅੱਗੇ ਵਧਾਉਣ ਦੀ ਪਹਿਲ ਕੀਤੀ ਹੈ। ਇਸ ਦੇ ਨਾਲ ਹੀ ਹਰਿਆਣਾ ਦੇਸ਼ ਦਾ ਪਹਿਲਾ ਰਾਜ ਬਣ ਜਾਵੇਗਾ, ਜਿਸ ਨੇ ਸਮਾਰਟ ਸਿਟੀ ਦੇ ਸੰਕਲਪ ਨੂੰ ਸਭ ਤੋਂ ਪਹਿਲਾਂ ਅਮਲੀਜਾਮਾ ਪਹਿਨਾਉਣ ਦੀ ਦਿਸ਼ਾ ਵਿਚ ਕਦਮ ਚੁੱਕੇ ਹਨ। ਸਮਝੌਤੇ ਅਨੁਸਾਰ ਸਿਸਕੋ ਵਿਸ਼ਵ ਵਿਚ ਵਿਕਸਿਤ ਕੀਤੇ ਜਾ ਰਹੀ ਸਮਾਰਟ ਸਿਟੀ ਦੇ ਮਾਮਲੇ ਵਿਚ ਆਪਣੇ ਵੱਧ ਸੁਰੱਖਿਅਤ ਤੇ ਵੱਧ ਸਮਾਰਟ ਜਨਤਕ ਪ੍ਰੋਗਰਾਮਾਂ ਤੇ ਸੂਚਨਾ ਤਕਨਾਲੋਜੀ ਰਾਹੀਂ ਰਹਿਣ-ਸਹਿਣ ਵਿਚ ਗੁਣਵੱਤਾ ਸੁਧਾਰ ਲਈ ‘ਹਰੇਕ ਲਈ ਇੰਟਰਨੈਟ’ ਦੀ ਧਾਰਨਾ ਉਤੇ ਜ਼ੋਰ ਦੇਣ ਦੀ ਆਪਣੀ ਮੁਹਾਰਤ ਤੇ ਤਜਰਬਾ ਸਾਂਝਾ ਕਰੇਗੀ।

# Sher-E-Punjab Sports & Cultural Society

# ਸ਼ੇਰੇ ਪੰਜਾਬ ਪੰਜਵਾਂ ਖੇਡ ਤੇ ਸਭਿਆਚਾਰਕ ਮੇਲਾ

## 12 ਸਤੰਬਰ 2015, ਸਨਿਚਰਵਾਰ

(ਸਵੇਰੇ 8 ਵਜੇ ਤੋਂ ਦਿਨ ਛਿਪਣ ਤੱਕ)

**GE Park : 12110 Princeton Pike, Cincinnati, OH 45246**

**ਸਭਨਾਂ ਨੂੰ ਖੁੱਲ੍ਹਾ ਸੱਦਾ**

### Prizes

**Kabaddi Prize:** 1st Prize: $11,000
2nd Prize: $10,000, 3rd Prize: $ 9,000
**Volleyball** (Teams: USA & Canada)
1st Prize: $3100, 2nd Prize: $2100
**Ladies Volleyball**
1st Prize: $500, 2nd Prize: $300
**Soccer:** 1st Prize: $1100, 2nd Prize: $700
**Basketball:** 1st Prize: $500, 2nd Prize: $300






### Kabaddi Open, World Cup Teams From India, Canada and USA

**Kabaddi Teams**

**Team India:** Sukhvir Srawan, Sewak Srawan, Vicky Ghanour, Ravi Allowal Terian, Ranjit Sahauli, Jesus Chavez, Kamal Mohi, Baljit Billi Bhullar.

**Team Canada:** Sethi Harkhowal, Laddi Parasrampuria, Jtinder Bains, Happy Rurki, Sita Surkhpuria, Kippa Surkhpuria, Jagga Randawa, Satnaam Satu.

**Team USA:** Rubby Harkhowal, Jairo Chavez, Pamma Jhander, Bhupinder Singh Bhura, Mani Sandhu, Jassa Sidhwan Dona, Arshi Pritam California.

**Sports:** Athletics Games for Men, Women & Kids
**For Athletics Contact:** Sohan S Bilku, Avtar S. Springfield, Harvinder Tanque, Bhupinder Mavi, Jaswinder Bath, Balwinder Fantu.
(Races, Three Leg Race, Jump Rope, Shot Put, and Other Activities). Kids activities Bounce House and Fun activities.



ਰਣਧੀਰ ਸਿੰਘ ਧੀਰਾ

**ਖੇਡਾਂ**

ਕਬੱਡੀ, ਵਾਲੀਬਾਲ, ਔਰਤਾਂ ਦੀ ਵਾਲੀਬਾਲ, ਸਾਕਰ, ਬੱਚਿਆਂ ਦੀਆਂ ਖੇਡਾਂ, ਦੌੜਾਂ ਅਤੇ ਹੋਰ ਬਹੁਤ ਕੁਝ...।

ਕੁਸ਼ਤੀ ਮੁਕਾਬਲੇ ਵੀ ਹੋਣਗੇ ਅਤੇ ਪੰਜਾਬ ਕੇਸਰੀ ਪਹਿਲਵਾਨ ਰਣਧੀਰ ਸਿੰਘ ਧੀਰਾ ਉਚੇਚੇ ਤੌਰ 'ਤੇ ਪਹੁੰਚਣਗੇ

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਮੁੱਖ ਆਕਰਸ਼ਣ ਗਾਇਕ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਹੋਣਗੇ ਜੋ ਆਪਣੇ ਲਾਈਵ ਸ਼ੋਅ 'ਸਤਰੰਗੀ ਪੀਂਘ' ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ।



ਕਬੱਡੀ ਦਾ ਪਹਿਲਾ ਇਨਾਮ ਫਾਈਵ ਰਿਵਰ ਐਂਟਰੇਨਮੈਂਟ (ਇੰਡੀਆਨਾ) ਵਲੋਂ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ

**ਕੁਮੈਂਟੇਟਰ**


ਇਕਬਾਲ ਗਾਲਿਬ


ਪ੍ਰਿੰ. ਸਰਵਣ ਸਿੰਘ


ਸੁਖਚੈਨ ਬਰਾੜ

**Free Food-Free Parking**

SHER-E-PUNJAB SPORTS & CULTURAL SOCIETY INC

### Society Members

Harvinder S. Walia *(President)* 917-862-5000
Amrik S. Tiwana *(Chairman)* 513-410-4101
Jaswant S. Jassi *(Vice President)* 513-235-4828
Surinder S. Cheema *(Secretary)* 513 324-9043
Surjeet S. Mavi *(Treasurer)* 513-616-4530
Parminder S. Takhar 937-469-0202
Charanjit S. Brar 317-903-7400
Bobby Sidhu (937) 919-4799
Gurminder S. Sandhu 513-550-6134
Kumar Pawandeep 937-838-3767
Balbir S. Bath 513-292-2517
Jasdev S. Gill 419-604-9275
Sushil Aggarwal 937-673-8004

www.sherepunjabcincy.com
Email :sherepunjabsociety@gmail.com

# Cincinnati, Dayton, Lima, Columbus (OH)

## ਪਲਾਟੀਨਮ ਸਪਾਂਸਰ



ਹਰਵਿੰਦਰ ਸਿੰਘ ਵਾਲੀਆ (ਪ੍ਰਧਾਨ) | ਅਮਰੀਕ ਸਿੰਘ ਟਿਵਾਣਾ (ਚੇਅਰਮੈਨ) | ਅਮਰਜੀਤ ਅਗਰਵਾਲ | ਅਮਰਜੀਤ ਸਿੰਘ ਤੱਖਰ | ਹਰਿੰਦਰ ਸਿੰਘ ਕੰਗ | ਬਲਦੇਵ ਸਿੰਘ ਸੱਲ੍ਹਾਂ, ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ, ਅਮਰੀਕਾ

## ਡਾਇਮੰਡ ਸਪਾਂਸਰ



ਸੁਰਜੀਤ ਮਾਵੀ | ਜਸਵੰਤ ਜੱਸੀ | ਸੁਰਿੰਦਰ ਚੀਮਾ | ਪਰਮਿੰਦਰ ਤੱਖਰ | ਚਰਨਜੀਤ ਬਰਾੜ | ਗੁਰਮਿੰਦਰ ਸਿੰਘ ਸੰਧੂ | ਜਸਦੇਵ ਗਿੱਲ | ਬੌਬੀ ਸਿੱਧੂ | ਬਹਾਦਰ ਸਿੰਘ ਕਲੇਰ | ਵਿਨੀਤ ਗੁਪਤਾ | ਜੱਸ (ਅੰਬਰ ਇੰਡੀਆ) | ਮਣੀ ਰਾਮ | ਪੁਸ਼ਪਿੰਦਰ ਭੱਟੀ

## ਗੋਲਡ ਸਪਾਂਸਰ



ਬਲਬੀਰ ਬਾਠ | ਸੁਸ਼ੀਲ ਅਗਰਵਾਲ | ਕੁਮਾਰ ਪਵਨਦੀਪ | ਪਲਵਿੰਦਰ ਢਿੱਲੋਂ | ਹੈਪੀ ਮਤੋਤ | ਦਵਿੰਦਰ ਮੁੰਡੀ | ਗੁਰਪ੍ਰੀਤ ਗਿੱਲ | ਲਖਵੀਰ ਬਾਸੀ | ਅਵਤਾਰ ਸਿੰਘ | ਆਗਿਆਪਾਲ ਬਾਠ | ਹਰਚੰਦ ਸਿੰਘ ਫੰਟੂ | ਰਾਜੇਸ਼ ਰਾਵਲ | ਗੁਰਚਰਨ ਕੰਗ | ਦਵਿੰਦਰ ਕਾਹਲੋਂ | ਓਂਕਾਰ ਸਿੰਘ | ਪਰਮਜੀਤ ਗਰਚਾ | ਬੌਬੀ (ਨਿਊ ਕ੍ਰਿਸ਼ਨਾ) | ਇੰਦਰਜੀਤ ਬੇਗੋਵਾਲ




ਅਵਤਾਰ ਸੱਲ੍ਹਾਂ | ਨਰਿੰਦਰਪਾਲ ਤਾਤਲਾ | ਪ੍ਰੇਮ ਸਿੰਘ | ਜੇ ਐਸ ਚੀਮਾ | ਸੁਖਦੇਵ ਸਮਰਾ | ਸਰਵਣ ਟਿਵਾਣਾ | ਜਿੰਮੀ ਬਰਾੜ | ਸੁਖਮਿੰਦਰ ਪੰਧੇਰ | ਮੱਖਣ ਬਦੇਸ਼ਾ | ਪ੍ਰਿਥਪਾਲ ਘੋਤੜਾ | ਦਰਸ਼ਨ ਦਰੜ | ਪਾਲ ਖਲੀਲ | ਹਰਜਿੰਦਰ ਖਹਿਰਾ | ਵਰਿੰਦਰ ਸਾਹੀ | ਹੈਪੀ ਹੀਰ | ਜੀਤੂ ਪਟੇਲ | ਪਲਵਿੰਦਰ ਗਿੱਲ | ਬਿੱਟੂ ਬਰਾੜ | ਅਮਨਦੀਪ ਸਿੰਘ | ਗੁਰਮੇਲ ਸਿੰਘ

## ਸਿਲਵਰ ਸਪਾਂਸਰ



ਮਲਕੀਤ ਸੱਲ੍ਹਾਂ | ਬਹਾਦਰ ਸਿੰਘ ਮੁੰਡੀ | ਲਖਵੀਰ ਸਿੰਘ | ਬਲਬੀਰ ਗਿੱਲ | ਗੁਰਪ੍ਰੀਤ ਬਾਠ | ਜਤਿੰਦਰ ਕੁਮਾਰ | ਨਿਸ਼ਾਨ ਸਿੰਘ | ਮਨਦੀਪ ਬਦੇਸ਼ਾ | ਹਰਜੀਤ ਭੁੱਲਰ | ਤਰਨ ਭੰਗੂ | ਪਿਆਰਾ ਸਿੰਘ ਭੱਟੀ | ਸੋਨੂੰ ਸਰਹਿੰਦ | ਨਰਿੰਦਰ ਥਿੰਦ

## ਗੈਸਟ ਆਫ ਆਨਰ



ਤਾਰਾ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਰਾਣਾ ਬਾਰੀ | ਸੁਰਿੰਦਰ ਸਿੰਘ | ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਰਣਜੀਤ ਅਹਲੂਵਾਲੀਆ | ਸੰਤੋਸ਼ ਮੱਲ੍ਹੀ | ਕੁਲਦੀਪ ਲੰਗ | ਅਮਰਜੀਤ ਢੀਂਡਸਾ | Christopher Finney | ਦੀਦਾਰ ਧਨੋਆ | ਗੁਰਵਿੰਦਰ ਬੱਬੂ | ਬਲਬੀਰ ਦਰਾਨ | ਗੁਰਮੀਤ ਬਾਠ | ਮਨਦੀਪ ਸਿੰਘ ਭੂਰਾ | ਨਿਧਾਨ ਸਿੰਘ

Sponsors: Harvinder Walia, Amrik Tiwana, Amarjit Takhar, Amarjit Aggarwal, Harinder Kang, Baldev Salha, HT Hackney Co., Mc Connells, Goyal Enterprise, Jaswant Jassi, Surjeet Mavi, Surinder Cheema, Charanjit Brar, Jasdev Gill, Vaneet Gupta, Jass (Ambar India, Baba India, Guru India), Bobby Sidhu, Bahadur Kaler, Pritampaul Singh, Rajesh Rawal, Parminder Takhar, Pappal Ghotra, Gurminder Sandhu, Balbir Bath, Sushil Aggarwal, Kumar Pawandeep, Satwant Deol, Rupinder Bath (Bath Petroeum), Sohan S Bilku, Jimmy Brar, Makhan Badesha, Prem Singh, Gurmail Singh, Taran Bhangu, Lakhvir Bassi (Bassi LLC), Harjit Bhullar, Jitu Patel, Devinder Mundi, Palwinder Dhillon, Bittu Brar, Gurcharan Kang, Jagtar Fantu, Gurpreet Gill, Happy Matot, Moreb Wholesales, Avtar Springfeld, Sonu Cheema (JS Petroleum Inc.), Narinderpal Tatla (Bunty), Parmjit Garacha, Onkar Singh, Jatinder Singh (Happy), Pushpinder Bhatti, Happy Heer, Paul Khalil, Billu Padher, Dashan Darar, Janta Transpotion, Harvinder Kang (Binda), Inderjit Singh KY, Mandeep Badesha, Sunrise Oil (Amandeep S Badesha), Habib Shah, Gurpreet Bath (Joly), Bobby (New Krishna), Sunshine Transportation (Tirath Sandher), Punjab Ventures Inc., Raja India, Kanak India (Gurpreet Atwal), Bombay Brazier Restaurant, Jasbir Singh Ahluwalia, Dr. Baljinder Singh, Tony Singh KY (Innovative Energies Inc.), Vicks Trans Inc. (Vicky), Ranjit Atwal (RA Trucking), Dalbir Gill, Kirpal S Gill (Gill Brothers), Sohan Singh, Dr. Ravinder Mann, Brij Mohan, Avtar Singh (BP), Gurmeet Bhatti, Gill Mart, Parbhpreet Tiwana, Khan Signs, Narinder Thind, Amarjit Singh, Gurpreet Cheema, Satya Wholesale LLC, Sat Parkash Chahal, Kuljit Tuli; Restaurants: Amber India (Jas), Baba India, Kanak India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Deep India, Bombay Blazer, Taj Mahal, Aangan Sweets. Swad India Restaurant, Indian Spice Train; Grocers: Bombay Grocers, Patel Brothers, Niva Grocers; Dharminder Bedi (Bedi & Associates, LLC), Sue Fancy Cuts.


## Event Sponsored by

HACKNEY
Since 1891

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

## Media Sponsor

ਬੇਲਾਗ ਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
ਪੰਜਾਬ ਟਾਈਮਜ਼
Radio Chann Pardesi
ਰੇਡੀਓ ਚੰਨ ਪ੍ਰਦੇਸੀ


# ਪੰਜਾਬ ਸਪੋਰਟਸ ਐਂਡ

## ਕਬੱਡੀ ਪ੍ਰੋਮੋਟਰ ਸਵਰਗੀ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ

# ਖੇਡ ਤੇ ਸਭਿਆਚਾਰਕ ਮੇਲਾ

## 13 ਸਤੰਬਰ 2015


ਸ. ਸੁਰਜੀਤ ਸਿੰਘ ਰੱਖੜਾ


ਸ. ਦਰਸ਼ਨ ਸਿੰਘ ਧਾਲੀਵਾਲ

### ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ, ਐਲਕ ਗਰੂਵ, ਇਲੀਨਾਇ

ਵਾਲੀਬਾਲ ਦੇ ਮੈਚ ਵੀ ਹੋਣਗੇ।

ਹੋਰ ਜਾਣਕਾਰੀ ਲਈ ਕਾਲ ਕਰੋ, ਟੋਨੀ ਸੰਘੇੜਾ 630-728-5490


ਸ. ਬਲਦੇਵ ਸਿੰਘ ਸੱਲ੍ਹਾਂ ਗੈਸਟ ਆਫ ਆਨਰ


ਸ੍ਰੀ ਜੇ ਪੀ ਐਸ ਖਹਿਰਾ (ਕਲੱਬ ਚੇਅਰਮੈਨ)


ਸ. ਪਾਲ ਸਿੰਘ ਖਲੀਲ, ਇੰਡੀਆਨਾ


ਸ. ਹਰਵਿੰਦਰ ਸਿੰਘ ਬਿੱਲਾ (ਪ੍ਰਧਾਨ)

### ਕਲੱਬ ਦੇ ਸਾਬਕਾ ਪ੍ਰਧਾਨ | ਕਲੱਬ ਮੈਂਬਰ


ਸ੍ਰੀ ਨਰਿੰਦਰ ਸਿੰਘ ਸਰਾਂ, ਸ੍ਰੀ ਹੈਪੀ ਹੀਰ, ਸ. ਲਵਦੀਪ ਸਿੰਘ ਦੁੱਲਤ, ਸ. ਅਮਰੀਕ ਸਿੰਘ ਅਮਰ ਕਾਰਪੈਟਸ, ਸ. ਜਸਕਰਨ ਸਿੰਘ ਧਾਲੀਵਾਲ, ਸ. ਗੁਰਮੀਤ ਸਿੰਘ ਭੋਲਾ, ਸ. ਗੁਰਪ੍ਰੀਤ ਸਿੰਘ ਗਿੱਲ, ਸ੍ਰੀ ਲੱਕੀ ਸਹੋਤਾ, ਸ. ਗਿਆਨ ਸਿੰਘ ਸੀਹਰਾ, ਸ. ਅੰਮ੍ਰਿਤਪਾਲ ਸਿੰਘ ਸੰਘਾ, ਸ. ਮਨਮਿੰਦਰ ਸਿੰਘ ਹੀਰ, ਸ੍ਰੀ ਰਜਿੰਦਰ ਸਿੰਘ ਦਿਆਲ, ਸ. ਸਵਰਨ ਸਿੰਘ

### ਸਾਡੇ ਸਪਾਂਸਰ


ਮਨਜੀਤ ਸਿੰਘ ਗਰੇਵਾਲ, ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਪਾਖਰ ਸਿੰਘ ਸਿੱਧੂ, ਬਚਨ ਸਿੰਘ ਗਿੱਲ, ਸ਼ਮਸ਼ੇਰ ਸਿੰਘ ਬੋਪਾਰਾਏ, ਅਮਰਜੀਤ ਸਿੰਘ ਸੰਧਰ, ਹਰਭਜਨ ਸਿੰਘ ਸੰਧਾਵਾਲੀਆ, ਬਲਬੀਰ ਸਿੰਘ ਸੈਣੀ, ਹਰਜਿੰਦਰ ਸਿੰਘ ਖਹਿਰਾ, ਜਸਵੀਰ ਸਿੰਘ ਲਾਲੀ, ਪ੍ਰਿਥਪਾਲ ਸਿੰਘ ਘੋਤੜਾ, ਦਰਸ਼ਨ ਸਿੰਘ ਦਰੜ, ਜਗਜੀਤ ਸਿੰਘ ਬਣੈਤ, ਲਵ ਮਿਨਹਾਸ, ਜੈਰਾਮ ਸਿੰਘ ਕਾਹਲੋਂ, ਸਤਨਾਮ ਸਿੰਘ ਔਲਖ, ਪਰਸ਼ਨ ਸਿੰਘ ਮਾਨ


ਰੇਸ਼ਮ ਸਿੰਘ ਖੱਖ, ਕਰਨੈਲ ਸਿੰਘ ਨੌਰਦ, ਡਾ. ਗੁਰਚਰਨ ਸਿੰਘ ਗਰੇਵਾਲ, ਪਰਮਜੀਤ ਸਿੰਘ ਸਿੱਧੂ, ਹਰਜੀਤ ਸਿੰਘ ਸੰਧਰ, ਕੁਲਵੰਤ ਸਿੰਘ ਢਿੱਲੋਂ, ਬਹਾਦਰ ਸਿੰਘ ਬੋਪਾਰਾਏ, ਹਰਿੰਦਰ ਸਿੰਘ ਚਾਹਲ, ਹਰਵਿੰਦਰ ਲਾਲੀ ਸਿੱਧੂ, ਹਰਪਾਲ ਸਿੰਘ ਟਾਂਡਾ, ਨਰਿੰਦਰ ਸਿੰਘ ਮੁੰਦਰ, ਦਲਜੀਤ ਸਿੰਘ, ਪਰਮਜੀਤ ਸਿੰਘ ਸਿੱਧੂ, ਸਤਵੰਤ ਸਿੰਘ ਨਿੱਜਰ, ਅਵਤਾਰ ਸਿੰਘ ਲੱਖਾ, ਰੁਪਿੰਦਰ ਅਰੋੜਾ, ਲਾਲੀ ਧਾਲੀਵਾਲ


ਬਲਵਿੰਦਰ ਸਿੰਘ ਨਿੱਕ, ਯਾਦਵਿੰਦਰ ਸਿੰਘ ਗਰੇਵਾਲ, ਗੁਰਿੰਦਰ ਸਿੰਘ ਢਿੱਲੋਂ, ਜਸਵੀਰ ਸਿੰਘ ਸੰਧੂ, ਚੰਨਾ ਕੈਲਮਜੂ, ਖੇਮ ਸਿੰਘ ਵਿਰਕ, ਲਖਬੀਰ ਢੀਂਡਸਾ, ਗੁਰਮੀਤ ਸਿੰਘ, ਸਿਕੰਦਰ ਬਿੱਟੂ, ਕ੍ਰਿਸ਼ਨ ਸਿੰਘ, ਸੁਰਜੀਤ ਸਿੰਘ ਤੂਰ, ਤਲਵਿੰਦਰ ਸੂਸ, ਸੁਖਮਿੰਦਰ ਪੰਧੇਰ, ਜਸਵਿੰਦਰ ਲੱਖਣ, ਕੁਲਵਿੰਦਰ ਤੇ ਸੁੱਖੀ ਮਾਨ (ਅੰਬਰ ਪੈਲੇਸ)

ਸਪਾਂਸਰ- ਸ਼ਿਕਾਗੋ: ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ (ਪਿੰਡ ਗਿੱਲਾਂ, ਲੁਧਿਆਣਾ), ਅਯੁਧਿਆ ਸਲਵਾਨ (ਸਟਾਰ ਫੂਡਜ਼), ਜੱਸੀ ਸਹੋਤਾ, ਪਾਲ ਡੰਡੋਨਾ, ਗੁਰਮੁਖ ਭੁਲਰ, ਜੱਸੀ ਸੰਧੂ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਪਰਮਿੰਦਰ ਸਿੰਘ ਹੈਪੀ, ਸਤਵਿੰਦਰ ਸਿੰਘ, ਬਿਕਰਮ ਸਿੰਘ ਸਿੱਧੂ, ਜਸਵੀਰ ਸੋਢੀ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ, ਹਰਜੀਤ ਸਿੰਘ, ਗੁਰਦਿੱਤ ਸਿੰਘ ਸੈਣੀ, ਪਰਦੀਪ ਸਲਵਾਨ (ਆਪਣਾ ਫੂਡਜ਼), ਇੰਦਰ ਦੇਵ (ਪੰਜਾਬੀ ਢਾਬਾ), ਸੁਰਿੰਦਰ ਜੈਨ (ਆਸ਼ਿਆਨਾ ਬੈਂਕੁਇਟ), ਮਹਾਰਾਜਾ ਰੈਸਟੋਰੈਂਟ (ਰੋਜ਼ਮਾਂਟ), ਪੰਜਾਬ ਸਵੀਟਸ, ਸ਼ਿਕਾਗੋ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਠਾਕਰ ਸਿੰਘ ਬਸਾਤੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਦਲੀਪ ਪਟੇਲ, ਸਤਪਾਲ ਸਿੰਘ ਸੰਧੂ, ਕਾਬਲ ਸਿੰਘ ਭੁੱਲਰ, ਮੰਗੀ ਟਿਵਾਣਾ, ਹਰਪ੍ਰੀਤ ਗਿੱਲ, ਜਗਜੀਤ ਨਾਹਲ, ਗਗਨਪ੍ਰੀਤ ਸਿੰਘ, ਦੀਪਾ ਵਿਰਕ ਅਤੇ ਸ਼ਿਕਾਗੋ ਟਰੱਕ ਯੂਨੀਅਨ, ਸ਼ਿਕਾਗੋ ਲਿਮੋਜ਼ੀਨ ਯੂਨੀਅਨ, ਦਰਸ਼ਨ ਸਿੰਘ ਪੰਮਾ, ਲਖਵੀਰ ਸਿੰਘ ਸੰਧੂ, ਗੁਰਬਚਨ ਸਿੰਘ ਢੁੱਡੀਕੇ, ਮਹਿੰਦਰ ਸਿੰਘ ਭੱਠਲ, ਤਾਲੀ ਭੱਠਲ, ਕਲਸੀ ਕੰਸਟਰਕਸ਼ਨਜ਼, ਸੂਗਾ ਬਿਲਡਰਜ਼, ਅਟਾਰਨੀ ਪਾਲ ਚਾਵਲਾ, ਜਸਬੀਰ ਅਤੇ ਪੀਟ ਦਿਓਲ, ਰੌਕੀ ਭੱਲਾ, ਬਲਵਿੰਦਰ ਗਿਰਨ, ਸੰਨੀ ਤੇ ਰੌਨੀ ਕੁਲਾਰ, ਪਾਲ ਲੈਲ, ਹਰਦੀਪ ਗਿੱਲ, ਪੀਟਾ ਸਹੋਤਾ, ਸਤਨਾਮ ਮਿਨਹਾਸ, ਰਵੀ ਹੰਝਰਾ, ਅਰਵਿੰਦ ਗਾਖਲ, ਸੰਘੇੜਾ ਪਰਿਵਾਰ, ਗਾਖਲ ਪਰਿਵਾਰ, ਬਾਗੜੀ ਪਰਿਵਾਰ, ਸੰਘਾ ਪਰਿਵਾਰ, ਹੁੰਦਲ ਪਰਿਵਾਰ। ਡਿਕੇਟਰ ਅਤੇ ਬਲੂਮਿੰਗਟਨ: ਸੋਨੀ ਤੇ ਰਾਜ ਘੋਤੜਾ, ਬਿੱਲਾ ਤੇ ਜੱਸੀ ਮਿਆਣੀ, ਸ਼ਮਸ਼ੇਰ ਸਿੰਘ, ਟੋਨੀ, ਲੱਕੀ ਪੇਲੀਆ, ਇੰਦਰਜੀਤ ਅਤੇ ਰੋਮੀ (ਫੇਮਸ ਲਿੱਕਰ), ਸੁਰਜੀਤ ਸਿੰਘ ਢੇਸੀ, ਸਰਬਜੀਤ ਸਿੰਘ (ਪੂਰਨ ਰੈਸਟੋਰੈਂਟ), ਛਿੰਦਾ ਚੀਮਾ, ਸੰਜੀਵ ਬਿੱਲੂ, ਬਲਬੀਰ ਸਿੰਘ ਨਿੱਜਰ ਅਤੇ ਸੱਤੀ ਭਾਅ ਜੀ (ਪਿਉਰੀਆ), ਕੁਲਦੀਪ ਸਿੰਘ-ਹੈਰਾ ਕੰਸਟਰਕਸ਼ਨ। ਮਿਲਵਾਕੀ: ਆਗਿਆਪਾਲ ਸਿੰਘ ਚਾਹਲ, ਤੇਜਿੰਦਰ ਗਿੱਪੀ, ਹਰਭਜਨ ਸਿੰਘ ਚਾਹਲ, ਸੁਰਜੀਤ ਢਿੱਲੋਂ, ਸੁਰਜੀਤ ਸਿੰਘ। ਸਿਨਸਿਨੈਟੀ, ਓਹਾਇਓ: ਰੂਬੀ ਤੂਰ, ਆਇਓਵਾ: ਜੱਸੀ ਰੱਬ, ਚੰਨਾ ਤਲਵੰਡੀ, ਗੁਰਸ਼ਰਨ ਸਿੰਘ ਸਹੋਤਾ, ਭਜਨ ਗੋਰਾਇਆ, ਸ਼ਾਨ ਛੀਨਾ, ਆਮਿਰ ਹਨੀਫ। ਮਿਸ਼ੀਗਨ: ਕੁਲਵਿੰਦਰ ਗਿੱਲ, ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਅਵਤਾਰ ਸਿੰਘ,

# ਕਲਚਰਲ ਕਲੱਬ, ਸ਼ਿਕਾਗੋ







ਸਵਰਗੀ ਬਾਪੂ ਕਰਤਾਰ ਸਿੰਘ    ਸਵਰਗੀ ਤੀਰਥ ਸਿੰਘ ਅਟਵਾਲ

ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ

ਦੂਜਾ ਇਨਾਮ ਤੀਰਥ ਸਿੰਘ ਅਟਵਾਲ ਦੀ ਯਾਦ 'ਚ ਕਲੱਬ ਵਲੋਂ




**ਹੋਰ ਜਾਣਕਾਰੀ ਲਈ ਸੰਪਰਕ ਕਰੋ:**

708-228-8520, 773-507-8043
630-398-7052, 630-205-9264
224-425-0705, 630-290-7993
773-406-2131

**ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ**
**ਫਰੀ ਪਾਰਕਿੰਗ**

**ਸਭਨਾਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ**

## ਸਾਡੇ ਸਪਾਂਸਰ



ਓਂਕਾਰ ਕਾਰੀ, ਹਰਵਿੰਦਰ ਵਾਲੀਆ, ਸੁਰਜੀਤ ਸਿੰਘ ਮਾਵੀ, ਮਨਜੀਤ ਸਿੰਘ ਨਾਗਰਾ, ਇੰਦਰਜੀਤ ਸਿੰਘ, ਮਨਜਿੰਦਰ ਭੰਮਰਾ, ਜਗਜੀਤ ਸਿੰਘ ਸਿੱਧੂ, ਸੋਹਣ ਸਿੰਘ ਗਿੱਲ, ਰਿੰਪੀ ਖੱਟੜਾ, ਧਰਮਿੰਦਰ ਸਿੰਘ ਖੱਟੜਾ, ਨਿੱਕ ਸਿੰਘ ਗਾਖਲ, ਬਲਵਿੰਦਰ ਸਿੰਘ, ਗੁਲਜ਼ਾਰ ਸਿੰਘ ਮੁਲਤਾਨੀ, ਜਗਮੀਤ ਸਿੰਘ, ਮਨਦੀਪ ਸਿੰਘ ਭੂਰਾ, ਰਾਣਾ ਸਿੰਘ ਵਿਰਕ, ਰਾਜਿੰਦਰ ਸਿੰਘ ਬੈਂਸ



ਸੰਦੀਪ ਸਿੰਘ ਲਾਡੀ, ਜਸਵਿੰਦਰ ਸਿੰਘ ਜੱਸੀ, ਬਾਬ ਸਿੰਘ ਹੁੰਦਲ, ਬੇਅੰਤ ਸਿੰਘ ਬੋਪਾਰਾਏ, ਕੁਲਦੀਪ ਸਿੰਘ ਟਾਂਡਾ, ਕੁਲਦੀਪ ਸਿੰਘ ਲੰਗ, ਪਿੰਕਾ ਸਿੰਘ ਪਾਲੀਆ, ਸੁਖਦੇਵ ਸਿੰਘ ਸਮਰਾ, ਲਖਬੀਰ ਸਿੰਘ ਸੀਹਰਾ, ਜਗਜੀਤ ਸਿੰਘ ਢੀਂਡਸਾ, ਰਵਿੰਦਰ ਸਿੰਘ ਰਵੀ, ਰੰਮੀ ਸਿੰਘ ਗਰੇਵਾਲ, ਸੁਖਮੇਲ ਸਿੰਘ ਅਟਵਾਲ, ਚਰਨ ਸਿੰਘ ਛੀਨਾ, ਜਸਵਿੰਦਰ ਸਿੰਘ, ਗੁਰਮੀਤ ਸਿੰਘ



ਗੁਰਦੇਵ ਸਿੰਘ, ਜਗਦੀਸ਼ਰ ਸਿੰਘ ਕਲੇਰ, ਅਜੀਤ ਸਿੰਘ, ਜੱਸੀ ਧਾਲੀਵਾਲ, ਰੂਬੀ ਸਿੰਘ, ਦਲਜਿੰਦਰ ਸਿੰਘ, ਸੋਨੂੰ ਮਿਆਣੀ, ਅਮਰਜੀਤ ਸਿੰਘ ਗਡਾਣੀ, ਸੋਨੂੰ ਗਡਾਣੀ, ਰਾਜਵਿੰਦਰ ਗਰੇਵਾਲ, ਸੁਰਿੰਦਰ ਜੈਨ, ਓਮ ਨਰਾਲਾ, ਜਸਵੀਰ ਸਿੰਘ ਡਿਪਟੀ, ਰਵੀ ਹੰਝਰਾ, ਹਰਦੀਪ ਸਿੰਘ ਗਿੱਲ, ਕਿੱਟੂ ਬਾਵਾ

ਸਤਪਾਲ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਤਰਸੇਮ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਹੈਪੀ, ਹਰਦੀਪ ਸਿੰਘ, ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ), ਕਰਨੈਲ ਸਿੰਘ, ਜਰਨੈਲ ਸਿੰਘ, ਗੁਰਜਿੰਦਰ ਸਿੰਘ ਡਿੰਪਲ, ਲਾਡੀ ਮੁਲਤਾਨੀ, ਰਿੰਕੂ, ਰਾਜ ਜਾਮਾਰਾਏ, ਕਰਨ ਗਿੱਲ, ਰਾਜ ਸੀਹੜਾ, ਕਰਮਬੀਰ ਸਿੰਘ, ਭਾਈ ਗੁਰਦੇਵ ਸਿੰਘ, ਮਨਜੀਤ ਸਿੰਘ ਨੰਨਣ, ਰਾਜਬੀਰ ਸਿੰਘ ਬੋਪਾਰਾਏ, ਤੀਰਥ ਸਿੰਘ ਬੋਦਲਾਂ, ਲੱਕੀ ਚਾਹਲ, ਹਰਪਾਲ ਸਿੰਘ, ਹਰਦੀਪ ਸਿੰਘ, ਜੱਸੀ ਗੁਰਦਾਸਪੁਰੀਆ, ਜੇ ਬੀ ਸਿੰਘ ਸਰਾਂ, ਭੋਲਾ ਬ੍ਰਦਰਜ਼। ਇੰਡੀਆਨਾ: ਤਰਲੋਚਨ ਸਿੰਘ ਸੰਘਾ, ਮੁਖਤਿਆਰ ਸਿੰਘ, ਸੋਨੂੰ ਪਹਿਲਵਾਨ, ਮਨਦੀਪ ਸਿੰਘ (ਲੱਕੀ) ਘੋਤੜਾ, ਮਨਜੀਤ ਸਿੰਘ ਮੁੰਦਰ, ਮੌਂਟੀ, ਸੋਨੀ, ਸਾਹਬ ਸਿੰਘ ਸੇਖੋਂ। ਕਰਾਊਨ ਪੁਆਇੰਟ: ਸਰਵਣ ਸਿੰਘ ਟਿਵਾਣਾ, ਕਮਲਜੀਤ ਵਿਰਕ, ਹਰਿੰਦਰ ਸਿੰਘ ਤੂਰ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਪਾਲੀ ਗਰੇਵਾਲ, ਜਸਪਾਲ ਸਿੰਘ ਘੋਤੜਾ, ਸਤਵਿੰਦਰ ਸੱਤਾ, ਰਣਜੀਤ ਸਿੰਘ ਕਾਹਲੋਂ, ਪ੍ਰਿੰਸ, ਗੁਰਿੰਦਰ ਗਿੱਲ, ਸੁਖਵਿੰਦਰ ਤੇ ਰਿੱਕੀ ਬਸਰਾ, ਹੈਰੀ ਢੱਟ, ਨਿਧਾਨ ਸਿੰਘ ਮਟੋਟ, ਜਸਵੀਰ ਸਿੰਘ ਪਾਲੀਆ, ਸ. ਮੇਹਰ ਸਿੰਘ, ਲੱਕੀ ਤੇ ਵਿੱਕੀ, ਮਨਜੀਤ ਕਹਿਲ, ਵਰਿੰਦਰ ਨਾਗਰਾ, ਰਾਜ ਭੁੱਲਰ। ਇੰਡੀਅਨਐਪੋਲਿਸ: ਗੁਰਮੀਤ ਡਿਪਟੀ, ਨਾਡਾ ਰਾਣਾ, ਬਲਦੇਵ ਥਿੰਦ, ਸ਼ਿੰਗਾਰਾ ਸਿੰਘ, ਸੰਨੀ ਗਿੱਲ, ਸੰਨੀ ਤੇ ਬੀਨੂੰ ਡਾਲਾ, ਸਾਹਬ ਸਿੰਘ ਸੇਖੋਂ ਕੁਆਲਿਟੀ-ਇਨ ਹੋਟਲ (ਲੇਫੀਅਟ), ਕੁਲਵੰਤ ਸਿੰਘ ਦਿਓਲ; ਨਿਰਮਲ ਸਿੰਘ ਰੂਬੀ, ਪਾਲੀ ਧਾਲੀਵਾਲ। ਸਹਿਯੋਗੀ ਸੰਸਥਾਵਾਂ: ਪੀ ਸੀ ਐਸ, ਪੀ ਐਚ ਓ, ਪੀ ਏ ਓ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਬਾਬਾ ਮੱਖਣ ਸ਼ਾਹ ਲੁਬਾਣਾ-ਸਾਊਥਬੈਂਡ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਫਾਈਵ ਰਿਵਰ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਪੀ ਸੀ ਓ-ਮਿਲਵਾਕੀ, ਪੀ ਸੀ ਐਸ-ਫੋਰਟਵੇਨ, ਪੰਜਾਬ ਸਪੋਰਟਸ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ-ਕਲੀਵਲੈਂਡ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਡਿਟਰਾਇਟ, ਗੁਰੂ ਨਾਨਕ ਸਿੱਖ ਸੈਂਟਰ-ਮਿਸ਼ਵਾਕਾ, ਦੇਸੀ ਜੰਕਸ਼ਨ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ, ਮਿਡਵੈਸਟ ਅਤੇ ਮਿਡਵੈਸਟ ਦੇ ਸਾਰੇ ਗੁਰੂ ਘਰ, ਸ਼੍ਰੋਮਣੀ ਅਕਾਲੀ ਦਲ (ਬਾਦਲ), ਕਾਂਗਰਸ।

# ਇਤਿਹਾਸਕ ਗੁਰਦੁਆਰਿਆਂ ਦੀ ਜ਼ਮੀਨ 'ਤੇ ਹੋਵੇਗੀ ਕੁਦਰਤੀ ਖੇਤੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੁਦ ਕੁਦਰਤੀ ਖੇਤੀ ਕਰਕੇ ਕਿਸਾਨ ਵਰਗ ਲਈ ਰੋਲ ਮਾਡਲ ਬਣਦਿਆਂ ਹੋਰ ਕਿਸਾਨਾਂ ਨੂੰ ਵੀ ਕੁਦਰਤੀ ਖੇਤੀ ਵੱਲ ਪ੍ਰੇਰਿਤ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਉਸ ਦੇ ਪ੍ਰਬੰਧ ਹੇਠ ਆਉਂਦੇ ਸਮੂਹ ਇਤਿਹਾਸਕ ਗੁਰਦੁਆਰਿਆਂ ਦੀ ਜ਼ਮੀਨ ਵਿਚੋਂ ਪੰਜ ਏਕੜ ਰਕਬੇ ਉਤੇ ਕੁਦਰਤੀ ਖੇਤੀ ਕੀਤੀ ਜਾਵੇਗੀ, ਜਿਸ ਰਾਹੀਂ ਪੈਦਾ ਹੋਣ ਵਾਲੀ ਉਪਜ ਨੂੰ ਗੁਰਦੁਆਰਿਆਂ ਦੇ ਲੰਗਰ ਘਰ ਵਿਚ ਸੰਗਤ ਲਈ ਵਰਤਿਆ ਜਾਵੇਗਾ।




ਇਸੇ ਤਹਿਤ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਾਸਤੇ 40 ਏਕੜ ਰਕਬੇ ਵਿਚ ਕੁਦਰਤੀ ਖੇਤੀ ਫਾਰਮ ਸਥਾਪਤ ਕੀਤਾ ਗਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਸੂਬੇ ਦੇ ਵੱਖ-ਵੱਖ ਖੇਤੀ ਮਾਹਰਾਂ ਨਾਲ ਮੀਟਿੰਗ ਕੀਤੀ ਗਈ ਹੈ, ਜਿਸ ਵਿਚ ਪੰਜਾਬ ਐਗਰੋ ਦੇ ਐਮ.ਡੀ. ਕਾਹਨ ਸਿੰਘ ਪੰਨੂ ਤੇ ਖੇਤੀ ਮਹਿਕਮੇ ਦੇ ਉਚ ਅਧਿਕਾਰੀਆਂ ਸਮੇਤ ਵੱਖ-ਵੱਖ ਗੁਰਦੁਆਰਿਆਂ ਦੇ ਮੈਨੇਜਰ ਤੇ ਅਮਲਾ ਸ਼ਾਮਲ ਸੀ। ਇਸ ਮੌਕੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧਾਂ ਤੋਂ ਇਲਾਵਾ ਸਿੱਖੀ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਵਿੱਦਿਆ ਦੇ ਪ੍ਰਚਾਰ ਤੇ ਪਾਸਾਰ ਲਈ 115 ਤੋਂ ਜ਼ਿਆਦਾ ਸਕੂਲ/ਕਾਲਜ ਚਲਾਏ ਜਾ ਰਹੇ ਹਨ। ਹੁਣ ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਕਰਤਾਰਪੁਰ ਵਿਖੇ ਕੀਤੀ ਖੇਤੀ ਨੂੰ ਅਪਣਾਉਂਦੇ ਹੋਏ ਅੱਗੇ ਵਧਣਾ ਚਾਹੁੰਦੀ ਹੈ ਤੇ ਸੂਬੇ ਦੇ ਕਿਸਾਨ ਵਰਗ ਨੂੰ ਕੁਦਰਤੀ ਖੇਤੀ ਵੱਲ ਪ੍ਰੇਰਿਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦਾ ਵੱਧ ਝਾੜ ਲੈਣ ਦੀ ਹੋੜ ਵਿਚ ਕਿਸਾਨਾਂ ਵੱਲੋਂ ਵੱਧ ਤੋਂ ਵੱਧ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦੀ ਵਰਤੋਂ ਕਰਕੇ ਪੰਜਾਬ ਦਾ ਪੌਣ-ਪਾਣੀ ਗੰਧਲਾ ਹੋ ਗਿਆ ਹੈ, ਜਿਸ ਨਾਲ ਕੈਂਸਰ ਵਰਗੇ ਭਿਆਨਕ ਰੋਗ ਦਿਨ-ਬ-ਦਿਨ ਵੱਧ ਰਹੇ ਹਨ।

ਇਨ੍ਹਾਂ ਭਿਆਨਕ ਰੋਗਾਂ ਤੋਂ ਨਿਜਾਤ ਪਾਉਣ ਲਈ ਹੀ ਸ਼੍ਰੋਮਣੀ ਕਮੇਟੀ ਕੁਦਰਤੀ ਖੇਤੀ ਕਰਦਿਆਂ ਕਿਸਾਨਾਂ ਲਈ ਰੋਲ ਮਾਡਲ ਬਣ ਕੇ ਸਾਹਮਣੇ ਆਵੇਗੀ। ਪਹਿਲਾਂ ਖੁਦ ਕੁਦਰਤੀ ਖੇਤੀ ਕਰੇਗੀ ਤੇ ਮੁੜ ਕਿਸਾਨਾਂ ਨੂੰ ਵੀ ਕੁਦਰਤੀ ਖੇਤੀ ਵੱਲ ਪ੍ਰੇਰਿਤ ਕੀਤਾ ਜਾਵੇਗਾ। ਪੰਜਾਬ ਐਗਰੋ ਦੇ ਐਮ.ਡੀ. ਕਾਹਨ ਸਿੰਘ ਪੰਨੂ ਨੇ ਕਿਹਾ ਕਿ ਕਿਸਾਨਾਂ ਨੇ 1950 ਤੋਂ ਪਹਿਲਾਂ ਵਾਲੀ ਕੁਦਰਤੀ ਖੇਤੀ ਨੂੰ ਛੱਡ ਕੇ ਵਪਾਰਕ ਖੇਤੀ ਅਪਣਾ ਲਈ ਹੈ। ਬੇਤਹਾਸ਼ਾ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦੀ ਵਰਤੋਂ ਨਾਲ ਕੈਂਸਰ ਵਰਗੇ ਮਾਰੂ ਰੋਗ ਭਾਰੂ ਹੋ ਗਏ ਹਨ। ਉਨ੍ਹਾਂ ਆਖਿਆ ਕਿ ਇਹ ਉਪਰਾਲਾ ਹੋਰਨਾਂ ਲਈ ਵੀ ਪ੍ਰੇਰਣਾ ਸਾਬਤ ਹੋਵੇਗਾ।

## ਕੀਟਨਾਸ਼ਕਾਂ ਦੀ ਵੱਧ ਵਰਤੋਂ ਨਾਲ ਘੁਲਿਆ ਜ਼ਹਿਰ

**ਨਵੀਂ ਦਿੱਲੀ:** ਗ਼ੈਰ ਵਿਗਿਆਨਕ ਢੰਗ ਨਾਲ ਪੌਸ਼ਟਿਕ ਤੱਤਾਂ ਦੀ ਕੀਤੀ ਜਾ ਰਹੀ ਵਰਤੋਂ ਨੇ ਪੰਜਾਬ ਦੀ ਜਰਖੇਜ਼ ਧਰਤੀ 'ਤੇ ਨਾ ਸਿਰਫ਼ ਜ਼ਮੀਨ ਦੀ ਉਪਜਾਊ ਸ਼ਕਤੀ ਉਤੇ ਅਸਰ ਪਾਇਆ ਹੈ ਸਗੋਂ ਫ਼ਸਲੀ ਪੈਦਾਵਾਰ ਵੀ ਘੱਟ ਗਈ ਹੈ। ਸੀਨੀਅਰ ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ ਦੀ ਅਗਵਾਈ ਹੇਠਲੀ ਲੋਕ ਸਭਾ ਦੀ ਕਮੇਟੀ ਵੱਲੋਂ 'ਆਰਗੈਨਿਕ ਫਾਰਮਿੰਗ ਦੇ ਕੌਮੀ ਪ੍ਰੋਜੈਕਟ' ਬਾਰੇ ਸੰਸਦ ਵਿਚ ਰੱਖੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨਾਈਟ੍ਰੋਜਨ, ਫਾਸਫੋਰਸ ਤੇ ਪੋਟਾਸ਼ ਦਾ ਪੱਧਰ 39:9:1 ਦੇ ਅਨੁਪਾਤ ਅਨੁਸਾਰ ਹੈ ਜਦਕਿ ਇਸ ਦੀ ਸਹੀ ਮਾਤਰਾ 4:2:1 ਹੈ। ਕਿਸਾਨ ਧਰਤੀ ਦੀ ਉਪਜਾਊ ਤਾਕਤ ਵਧਾਉਣ ਲਈ ਨਾਈਟ੍ਰੋਜਨ ਤੇ ਫਾਸਫੋਰਸ ਦੀ ਵਾਧੂ ਵਰਤੋਂ ਕਰ ਰਹੇ ਹਨ ਤਾਂ ਜੋ ਚੰਗੀ ਫ਼ਸਲ ਲਈ ਜਾ ਸਕੇ ਪਰ ਇਸ ਨਾਲ ਧਰਤੀ ਬੰਜਰ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਹੈ ਕਿ 1950 ਤੋਂ ਲੈ ਕੇ ਸਾਲ ਦਰ ਸਾਲ ਨਾਈਟ੍ਰੋਜਨ ਦੀ ਵਰਤੋਂ ਵਧਦੀ ਜਾ ਰਹੀ ਹੈ।

# ਬਾਦਲ ਵੱਲੋਂ ਰਾਜੀਵ-ਲੌਂਗੋਵਾਲ ਸਮਝੌਤਾ ਸੰਤ ਲੌਂਗੋਵਾਲ ਨਾਲ ਧੋਖਾ ਕਰਾਰ

**ਸੰਗਰੂਰ:** ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 30ਵੀਂ ਬਰਸੀ ਮੌਕੇ ਸੂਬਾ ਪੱਧਰੀ ਸ਼ਰਧਾਂਜਲੀ ਸਮਾਗਮ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਜੀਵ-ਲੌਂਗੋਵਾਲ ਸਮਝੌਤੇ



ਨੂੰ ਸੰਤ ਲੌਂਗੋਵਾਲ ਨਾਲ ਇਕ ਵੱਡਾ ਧੋਖਾ ਕਰਾਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਕੋਠੀ ਵਿਚ ਉਹ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਲੌਂਗੋਵਾਲ ਮੌਜੂਦ ਸਨ, ਜਦੋਂ ਸੰਤ ਲੌਂਗੋਵਾਲ ਨੇ ਮੰਨਿਆ ਸੀ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ।

ਉਨ੍ਹਾਂ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਨਾਂ ਲਏ ਬਗੈਰ ਕਿਹਾ ਕਿ ਸਾਡੇ ਵਿਚੋਂ ਹੀ ਸੱਤਾ ਦੀ ਲਾਲਸਾ ਰੱਖਣ ਵਾਲੇ ਕੁਝ ਅਜਿਹੇ ਲੋਕ ਸਨ ਜੋ ਕੇਂਦਰ ਦੀ ਮਿਲੀਭੁਗਤ ਨਾਲ ਸੰਤ ਲੌਂਗੋਵਾਲ ਨੂੰ ਗੁੰਮਰਾਹ ਕਰਕੇ ਦਿੱਲੀ ਲੈ ਗਏ, ਜਿਥੇ ਉਹੋ ਕੁਝ ਹੋਇਆ, ਜਿਸਦਾ ਡਰ ਸੀ।

ਕੇਂਦਰੀ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਉਹ ਲੌਂਗੋਵਾਲ ਦੀ ਇਸ ਧਰਤੀ ਨੂੰ ਸਲਾਮ ਕਰਦੇ ਹਨ। ਉਨ੍ਹਾਂ ਕਿਹਾ ਕਿ ਨਸ਼ੇ ਹਰ ਰਾਜ ਵਿਚ ਹਨ ਪਰ ਨਸ਼ਿਆਂ ਦੇ ਮਾਮਲੇ ਵਿਚ ਪੂਰੀ ਕੌਮ ਨੂੰ ਬਦਨਾਮ ਨਹੀਂ ਕੀਤਾ ਜਾ ਸਕਦਾ। ਕਾਂਗਰਸ ਨੇ ਹਮੇਸ਼ਾਂ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਸਾਜ਼ਿਸ਼ ਕੀਤੀ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਤ ਲੌਂਗੋਵਾਲ ਉਸ ਪਾਰਟੀ ਦੇ ਪ੍ਰਧਾਨ ਰਹੇ ਜਿਸ ਦਾ ਇਤਿਹਾਸ ਕੁਰਬਾਨੀ ਭਰਿਆ ਹੈ। ਪਿਛਲੇ ਮਹੀਨੇ ਕੈਪਟਨ ਅਮਰਿੰਦਰ ਸਿੰਘ ਮਹਿਲਾਂ ਵਿਚੋ ਬਾਹਰ ਨਿਕਲਿਆ ਹੈ ਤੇ ਰੈਲੀਆਂ ਵੀ ਏਅਰਕੰਡੀਸ਼ਨ ਪੈਲੇਸਾਂ ਵਿਚ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਮੁੜ ਅਕਾਲੀ ਦਲ ਦੀ ਸਰਕਾਰ ਬਣੇਗੀ।

## ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਅਕਾਲੀ ਆਗੂਆਂ ਵਿਚ ਮਤਭੇਦ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਮਨਾਈ ਗਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 30ਵੀਂ ਬਰਸੀ ਮੌਕੇ ਵੀ ਅਕਾਲੀ ਆਗੂ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਦਰਮਿਆਨ ਹੋਏ ਸਮਝੌਤੇ ਉਤੇ ਇਕ ਮਤ ਨਹੀਂ ਹਨ।

ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਇਸ ਸਮਝੌਤੇ ਨੂੰ ਪੰਜਾਬ ਨਾਲ ਧੋਖਾ ਕਰਾਰ ਦੇ ਰਹੇ ਹਨ ਜਦਕਿ ਦਲ ਦੇ ਦੋ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬਲਵੰਤ ਸਿੰਘ ਰਾਮੂਵਾਲੀਆ ਅੱਜ ਵੀ ਸਮਝੌਤਾ ਲਾਗੂ ਕਰਨ ਦੇ ਹੱਕ ਵਿਚ ਹਨ। ਰਾਜੀਵ-ਲੌਂਗੋਵਾਲ ਸਮਝੌਤੇ ਉਤੇ 24 ਜੁਲਾਈ 1985 ਨੂੰ ਦਸਤਖ਼ਤ ਕਰਨ ਦੇ ਇਕ ਮਹੀਨੇ ਅੰਦਰ ਹੀ 20 ਅਗਸਤ ਨੂੰ ਸੰਤ ਲੌਂਗੋਵਾਲ ਦੀ ਹੱਤਿਆ ਕਰ ਦਿੱਤੀ ਗਈ ਸੀ। ਦੇਸ਼ ਦੀ ਪਾਰਲੀਮੈਂਟ ਨੇ ਸਮਝੌਤੇ ਨੂੰ ਸਰਬਸੰਮਤੀ ਨਾਲ ਮਾਨਤਾ ਦਿੱਤੀ ਸੀ।

ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਸੁਰਜੀਤ ਕੌਰ ਬਰਨਾਲਾ ਨੇ ਕਿਹਾ ਕਿ ਬਾਦਲ ਤਾਂ ਸੰਤ ਲੌਂਗੋਵਾਲ ਨੂੰ ਗੱਦਾਰ ਤੱਕ ਕਹਿੰਦੇ ਰਹੇ ਹਨ ਤੇ ਸੱਤ ਸਾਲ ਤੱਕ ਬਰਸੀ ਸਮਾਗਮਾਂ ਤੋਂ ਵੀ ਦੂਰ ਰਹੇ।

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



Khehra Productions
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ, ਕੈਨਸਸ ਅਤੇ ਕਨਟੱਕੀ ਵਿਚ
ਵਿਆਹ-ਸ਼ਾਦੀ ਜਾਂ ਖੁਸ਼ੀ ਦੇ ਕਿਸੇ ਵੀ ਮੌਕੇ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
Professional HD Video & Digital Photo Production
Multiple Camera Shooting/Digital Still Photography
(With Flush Mount Album)
Call For Enquiry
Sonu Khehra
734-394-9998
Bob Khehra
734-925-0177
E-mail: sonu@khehraproductions.com
www.khehraproductions.com



Punjab Times
Ph: 847-359-0746
Visit us on the web:
punjabtimesusa.com

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਮਹਾਪੁਰਖਾਂ ਦੀ ਯਾਦ ਵਿਚ ਗੁਰਮਤਿ ਸਮਾਗਮ




**ਡੈਲਸ, ਟੈਕਸਸ (ਹਰਜੀਤ ਸਿੰਘ ਢੇਸੀ):** ਗੁਰਬਾਣੀ ਦੇ ਇਸ ਮਹਾਵਾਕ "ਮੁਕਤ ਭੁਗਤ ਜੁਗਤਿ ਤੇਰੀ ਸੇਵਾ ਜਿਸ ਤੋ ਆਪ ਕਰਾਵੇ॥ ਤਹਾ ਬੇਕੁੰਠ ਜਹ ਕੀਰਤਨ ਤੇਰਾ ਤੁਤ ਆਪੇ ਸਰਧਾ ਲਾਵੇ॥" ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਧੰਨ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲੇ, ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਅਤੇ ਬਾਬਾ ਨਾਭ ਕੰਵਲ ਦੀ ਯਾਦ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਗੁਰਦੁਆਰਾ ਅਕਾਲ ਜੋਤਿ-ਗਾਰਲੈਂਡ ਅਤੇ ਗੁਰਦੁਆਰਾ



ਸਿੱਖ ਸੰਗਤ-ਯੂਲਿਸ ਵਿਖੇ ਕਰਵਾਏ ਗਏ। ਇਸ ਮੌਕੇ ਭਾਈ ਗੁਰਚਰਨ ਸਿੰਘ ਰਸੀਆ ਲੁਧਿਆਣੇ ਵਾਲੇ, ਭਾਈ ਹਰਜੀਤ ਸਿੰਘ ਖਾਲਸਾ, ਭਾਈ ਸੁਰਿੰਦਰ ਸਿੰਘ, ਭਾਈ ਲਖਵਿੰਦਰ ਸਿੰਘ, ਗਿਆਨੀ ਪ੍ਰੀਤਮ ਸਿੰਘ ਅਤੇ ਭਾਈ ਹਰਬੀਰ ਸਿੰਘ ਦੇ ਪੰਥ ਪ੍ਰਸਿਧ ਰਾਗੀ ਜਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਨੇ ਰੱਬੀ ਬਾਣੀ ਦਾ ਅਜਿਹਾ ਮਨੋਹਰ ਕੀਰਤਨ ਕੀਤਾ ਕਿ ਰੱਬੀ ਨੂਰ ਦੀਆਂ ਰਿਸ਼ਮਾਂ ਨਾਜਲ ਹੋ ਰਹੀਆਂ ਸਨ। ਉਨ੍ਹਾਂ ਸੰਗਤਾਂ ਨੂੰ ਸਿੱਖ ਧਰਮ ਦਾ ਗੌਰਵਮਈ ਇਤਿਹਾਸ ਵੀ ਸਰਵਣ ਕਰਵਾਇਆ।

ਗਿਆਨੀ ਪ੍ਰੀਤਮ ਸਿੰਘ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਅਸੀਂ ਵੱਡਭਾਗੀ ਹਾਂ ਕਿ ਡੈਲਸ, ਫੋਰਟਵਰਥ ਦੀਆਂ ਸੰਗਤਾਂ ਨੂੰ ਇਕੱਠੇ ਹੋ ਕੇ ਮਹਾਪੁਰਖਾਂ ਦੀ ਯਾਦ ਮਨਾਉਣ ਤੇ ਸੇਵਾ ਕਰਨ ਦਾ ਮੌਕਾ ਗੁਰੂ ਨੇ ਬਖਸ਼ਿਆ ਹੈ ਅਤੇ ਡੈਲਸ ਤੇ ਆਲੇ-ਦੁਆਲੇ ਦੇ ਸ਼ਹਿਰਾਂ ਦੀਆਂ ਸੰਗਤਾਂ ਇਕ ਪਰਿਵਾਰ ਦੀ ਤਰ੍ਹਾਂ ਹਨ ਜੋ ਸਾਨੂੰ ਹਰ ਸਮਾਗਮ ਵਿਚ ਬਹੁਤ ਸਹਿਯੋਗ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਹ ਪਾਵਨ ਤਿਥ ਤਿਓਹਾਰ ਇਕੱਠੇ ਹੋ ਕੇ ਮਨਾਉਂਦੇ ਰਹਾਂਗੇ। ਉਨ੍ਹਾਂ ਬਗਲੀ ਪਰਿਵਾਰ, ਮੇਜਰ ਸਿੰਘ ਸਹੋਤਾ, ਮਨਪ੍ਰੀਤ ਸਿੰਘ ਅਤੇ ਸਮੂਹ ਸੰਗਤਾਂ ਦਾ ਸ਼ਰਧਾ ਨਾਲ ਸੇਵਾ ਕਰਨ ਲਈ ਧੰਨਵਾਦ ਕੀਤਾ। ਵਰਣਨਯੋਗ ਹੈ ਕਿ ਸੰਤ ਬਾਬਾ ਨੰਦ ਸਿੰਘ ਮਹਾਨ ਤਪੱਸਵੀ ਅਤੇ ਤਿਆਗੀ ਸਨ। ਉਨ੍ਹਾਂ ਸਾਰੀ ਉਮਰ ਪੈਸੇ ਨੂੰ ਹੱਥ ਤੱਕ ਨਾ ਲਾਇਆ। ਉਨ੍ਹਾਂ ਦਾ ਕਹਿਣਾ ਸੀ ਕਿ ਮਾਇਆ ਹੀ ਸਭ ਵਿਸ਼ੇ-ਵਿਕਾਰਾਂ ਦੀ ਜੜ੍ਹ ਹੈ। ਗੁਰਬਾਣੀ ਦਾ ਵਾਕ ਹੈ, ਬਿਨ ਬੈਰਾਗ ਕਹਾ ਬੈਰਾਗੀ ਬਿਨ ਹਉ ਤਿਆਗਿ ਕਹਾ ਕੋਊ ਤਿਆਗੀ॥







Paid Page


# ਮਾਤਾ ਅਮਰ ਕੌਰ ਨਿੱਜਰ ਦਾ 86ਵਾਂ ਜਨਮ ਦਿਨ ਮਨਾਇਆ

**ਡੈਲਸ, ਟੈਕਸਸ (ਹਰਜੀਤ ਸਿੰਘ ਢੇਸੀ):** ਸਥਾਨਕ ਸਨਮਾਨਯੋਗ ਨਿੱਜਰ ਪਰਿਵਾਰ ਵਲੋਂ ਪਿਛਲੇ ਦਿਨੀਂ ਮਾਤਾ ਅਮਰ ਕੌਰ ਨਿੱਜਰ ਦਾ 86ਵਾਂ ਜਨਮ ਦਿਨ ਇਥੇ ਫਨ ਏਸ਼ੀਆ ਵਿਚ ਸ਼ਹਿਰ ਦੀਆਂ ਨਾਮਵਰ ਹਸਤੀਆਂ, ਮਿੱਤਰਾਂ, ਸਾਕ-ਸਬੰਧੀਆਂ ਦੀ ਮੌਜੂਦਗੀ ਵਿਚ ਖੁਸ਼ੀਆਂ ਨਾਲ ਮਿਲ ਕੇ ਮਨਾਇਆ ਗਿਆ ਜਿਸ ਦੀ ਸਭ ਨੇ ਸ਼ਲਾਘਾ ਕੀਤੀ ਗਈ ਅਤੇ ਇਸ ਨੂੰ ਇਕ ਚੰਗੀ ਪਿਰਤ ਆਖਿਆ।




ਮਾਤਾ ਅਮਰ ਕੌਰ ਨੇ ਕੇਕ ਕੱਟਣ ਦੀ ਰਸਮ ਅਦਾ ਕੀਤੀ ਅਤੇ ਪਰਿਵਾਰ ਦੇ ਮੈਂਬਰਾਂ




ਨੇ ਉਨ੍ਹਾਂ ਦਾ ਕੇਕ ਨਾਲ ਮੂੰਹ ਮਿੱਠਾ ਕਰਵਾਇਆ। ਮਹਿਮਾਨਾਂ ਨੇ ਨਿੱਜਰ ਪਰਿਵਾਰ ਅਤੇ ਮਾਤਾ ਜੀ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਨਿੱਜਰ ਪਰਿਵਰ ਲੰਮੇ ਸਮੇਂ ਤੋਂ ਡੈਲਸ ਵਿਚ ਵਿਚਰ ਰਿਹਾ ਹੈ। ਅਮਰੀਕ ਸਿੰਘ, ਰਾਜਾ ਸਿੰਘ ਤੇ ਸੰਤੋਖ ਸਿੰਘ ਨਿੱਜਰ ਅਤੇ ਨਿੱਜਰ ਪਰਿਵਾਰ ਦੇ ਦਾਮਾਦ ਮਨਜੀਤ ਸਿੰਘ ਸਹੋਤਾ ਭਾਈਚਾਰੇ ਵਿਚ ਜਾਣੀਆਂ-ਪਛਾਣੀਆਂ ਸ਼ਖਸੀਅਤਾਂ ਹਨ ਅਤੇ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਅਮਰੀਕ ਸਿੰਘ ਚੰਡੀਗੜ੍ਹ ਤੋਂ ਇੰਜੀਨੀਅਰਿੰਗ ਕਰ ਕੇ ਲੰਮੇ ਸਮੇਂ ਤੋਂ ਹਿਊਸਟਨ ਰਹਿ ਰਹੇ ਹਨ ਅਤੇ ਰਾਜਾ ਸਿੰਘ ਨਿੱਜਰ ਵੀ ਕਮਿਊਨਿਟੀ ਦੇ ਸੂਝਵਾਨ ਆਗੂ ਹਨ ਜਿਨ੍ਹਾਂ ਨੇ ਪੰਜਾਬੀ ਐਸੋਸੀਏਸ਼ਨ 'ਹੱਸਦਾ ਪੰਜਾਬ' ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। ਮਨਜੀਤ ਸਿੰਘ ਸਹੋਤਾ ਲੰਮਾ ਸਮਾਂ ਗੁਰਦੁਆਰਾ ਸਿੱਖ ਟੈਂਪਲ, ਗਾਰਲੈਂਡ ਦੇ ਪ੍ਰਧਾਨ ਰਹੇ ਹਨ ਅਤੇ ਇਸ ਸਮੇਂ ਜਨਰਲ ਸਕੱਤਰ ਹਨ। ਉਤਸ਼ਾਹੀ, ਮਿੱਠ ਬੋਲੜੇ ਤੇ ਹਰ ਕਿਸੇ ਦੇ ਕੰਮ ਆਉਣ ਵਾਲੇ ਇਨਸਾਨ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਸ਼ਰਨ ਬਗਲੀ, ਗੋਬਿੰਦ ਧੀਮਾਨ, ਗੁਰਦਾਵਰ ਦੋਸਾਂਝ, ਸ. ਬੈਨੀਪਾਲ, ਮਨਜੀਤ ਸਹੋਤਾ, ਹਰਭਜਨ ਨਿੱਜਰ, ਸ਼ੇਰੇ ਪੰਜਾਬ ਸਿੰਘ ਰੰਧਾਵਾ, ਮਨਧੀਰ ਸਿੰਘ ਬੱਲ ਨੇ ਨਿੱਜਰ ਪਰਿਵਾਰ ਵਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਮਾਤਾ ਅਮਰ ਕੌਰ ਨੂੰ ਜਨਮ ਦਿਨ ਦੀ ਵਧਾਈ ਦਿਤੀ।






Paid Page

## ਦਲਜੀਤ ਅਮੀ ਦਾ ਸਿਰਜਣ-ਸੰਸਾਰ...

# ਸ਼ਬਦ ਤੇ ਸੋਚ ਦਾ ਥਈਆ ਥਈਆ



***ਫਿਲਮਸਾਜ਼, ਪੱਤਰਕਾਰ, ਅਨੁਵਾਦਕ ਤੇ ਕਾਰਕੁਨ ਦਲਜੀਤ ਅਮੀ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਫਿਲਮਾਂ, ਲਿਖਤਾਂ ਅਤੇ ਲੈਕਚਰਾਂ ਰਾਹੀਂ ਪੰਜਾਬ ਨਾਲ ਡੂੰਘਾ ਸੰਵਾਦ ਰਚਾ ਰਿਹਾ ਹੈ। 2014 ਵਿਚ ਉਹਨੇ ਅੰਗਰੇਜ਼ੀ ਵਿਚ ਲਿਖਦੇ, ਪੰਜਾਬੀ ਲੇਖਕ ਅਮਨਦੀਪ ਸੰਧੂ ਦਾ ਨਾਵਲ 'ਰੋਲ ਆਫ ਆਨਰ' ਪੰਜਾਬੀ ਵਿਚ ਅਨੁਵਾਦ ਕੀਤਾ- ਗਵਾਹ ਦੇ ਫਨਾਹ ਹੋਣ ਤੋਂ ਪਹਿਲਾਂ। ਇਹ ਨਾਵਲ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਦੇ ਮਾਹੌਲ ਬਾਰੇ ਹੈ। ਇਸ ਨਾਵਲ ਦਾ ਨਾਇਕ, ਫੌਜੀ ਸਕੂਲ ਵਿਚ ਪੜ੍ਹਦਾ ਹੈ ਅਤੇ ਸਭ ਕੁਝ ਵਾਪਰਦਾ ਦੇਖਦਾ/ਸੁਣਦਾ ਹੈ। ਅਮਨਦੀਪ ਸੰਧੂ ਨੇ ਉਸ ਵਕਤ ਦੀ ਦੁਖਦੀ ਰਗ ਉਤੇ ਹੱਥ ਧਰਿਆ ਹੈ ਅਤੇ ਤਰਜਮਾ ਕਰਦਿਆਂ ਦਲਜੀਤ ਅਮੀ ਨੇ ਇਸ ਨਾਵਲ ਵਿਚਲੇ ਬਿਰਤਾਂਤ ਨੂੰ ਹੋਰ ਵਿਸਥਾਰ ਦਿੱਤਾ ਹੈ। ਇਸ ਨਿਵੇਕਲੀ ਜੁਗਲਬੰਦੀ ਬਾਰੇ ਹੀ ਅਮਨਦੀਪ ਸੰਧੂ ਨੇ ਆਪਣੀ ਇਸ ਲਿਖਤ ਵਿਚ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ***

ਮੈਂ ਉਹ ਪੰਜਾਬੀ ਬੰਦਾ ਹਾਂ ਜਿਹੜਾ ਪੰਜਾਬ ਵਿਚ ਨਹੀਂ ਰਹਿੰਦਾ ਅਤੇ ਲਿਖਦਾ ਅੰਗਰੇਜ਼ੀ ਵਿਚ ਹਾਂ। ਪੰਜਾਬੀ ਅਸਲੇ ਨੂੰ ਅੰਗਰੇਜ਼ੀ ਮੁਹਾਵਰੇ ਵਿਚ ਬੰਨ੍ਹਣਾ ਮੇਰੇ ਲਈ ਤਰਜਮੇ ਵਰਗਾ ਹੀ ਕੋਈ ਕਰਮ ਹੈ। ਆਪਣੀਆਂ ਪੋਥੀਆਂ ਲਈ ਸ਼ਬਦ ਬੀੜਦਿਆਂ ਮੇਰੇ ਜ਼ਿਹਨ ਵਿਚ ਇਹ ਖੌਰੂ ਜਿਹਾ ਮੱਚਿਆ ਰਹਿੰਦਾ ਹੈ ਕਿ ਮੈਂ ਆਪਣੀਆਂ ਪੰਜਾਬੀ ਜੜ੍ਹਾਂ ਤੋਂ ਵਿਯੋਗਿਆ ਹੋਇਆ ਕੋਈ ਜਿਊੜਾ ਹਾਂ। ਸੰਭਵ ਹੈ ਕਿ ਮੇਰੇ ਪਾਠਕਾਂ ਤੱਕ ਮੇਰੇ ਇਸ ਖੌਰੂ ਦੀ ਖੱਪ ਨਾ ਸੁਣਦੀ ਹੋਵੇ, ਪਰ ਜਦੋਂ ਜਦੋਂ ਵੀ ਮੈਂ ਸ਼ਬਦਾਂ ਨਾਲ ਸੀਰ ਪਾਉਂਦਾ ਹਾਂ, ਤਾਂ ਅਕਸਰ ਮਹਿਸੂਸ ਕਰਦਾ ਹਾਂ ਕਿ ਆਪਣੀ ਸਹੂਲਤ ਵਾਲੀ ਭਾਸ਼ਾ ਅੰਗਰੇਜ਼ੀ ਵਿਚ ਲਿਖਦਿਆਂ ਮੈਂ ਆਪਣੇ ਦਿਲ-ਓ-ਦਿਮਾਗ ਦੇ ਅਹਿਸਾਸ ਸਾਂਝੇ ਕਰਨ ਤੋਂ ਕਿਤੇ ਉਰ੍ਹਾਂ ਰਹਿ ਜਾਂਦਾ




### ਅਮਨਦੀਪ ਸੰਧੂ

ਹਾਂ। ਜੋ ਵਰੋਲੇ ਮੇਰੇ ਬੇਚੈਨ ਮਨ ਵਿਚੋਂ ਲਗਾਤਾਰ ਉਠਦੇ ਰਹਿੰਦੇ ਹਨ, ਜਾਪਦਾ ਹੈ ਕਿ ਉਹ ਕਾਗ਼ਜ਼ ਉਤੇ ਤਾਂ ਉਤਰ ਹੀ ਨਹੀਂ ਰਹੇ। ਅੰਗਰੇਜ਼ੀ ਮਾਹੌਲ ਅਤੇ ਮੁਹਾਵਰੇ ਨਾਲ ਵਾਹ ਰੱਖਣ ਵਾਲਿਆਂ ਲਈ ਹੋ ਸਕਦਾ ਹੈ ਕਿ ਇਸ ਵਿਚੋਂ ਵੀ ਬੜਾ ਕੁਝ ਲੱਭਦਾ ਹੋਵੇ, ਪਰ ਜਿਨ੍ਹਾਂ ਹਾਲਾਤ ਨਾਲ ਮੈਂ ਖੌਝਲਦਾ ਤੇ ਖਪਦਾ ਹਾਂ, ਮੈਨੂੰ ਲੱਗਦਾ ਹੈ ਕਿ ਗੱਲ ਬਣ ਨਹੀਂ ਰਹੀ। ਸ਼ਬਦਾਂ ਦੀ ਹਰ ਜੜਤ ਅਧੂਰੀ ਹੀ ਜਾਪਦੀ ਹੈ। ਮੇਰੇ ਇਹ ਸਭ ਅਹਿਸਾਸ ਉਦੋਂ ਤੱਕ ਸਨ ਜਦੋਂ ਤੱਕ ਮੈਂ ਕੁਝ ਵਰ੍ਹੇ ਪਹਿਲਾਂ ਦਲਜੀਤ ਅਮੀ ਨੂੰ ਨਹੀਂ ਸਾਂ ਮਿਲਿਆ।

2014 ਵਿਚ ਮੇਰੇ ਨਾਵਲ 'ਰੋਲ ਆਫ ਆਨਰ' ਦਾ ਪੰਜਾਬੀ ਤਰਜਮਾ ਛਪਿਆ- 'ਗਵਾਹ ਦੇ ਫਨਾਹ ਹੋਣ ਤੋਂ ਪਹਿਲਾਂ'। ਤਰਜਮਾ ਦਲਜੀਤ ਅਮੀ ਦਾ ਸੀ। ਤਰਜਮੇ ਦੇ ਇਸ ਅਮਲ ਵਿਚੋਂ ਲੰਘਦਿਆਂ ਮੈਨੂੰ ਬੜੀ ਸ਼ਿੱਦਤ ਨਾਲ ਇਹ ਅਹਿਸਾਸ ਹੋਇਆ ਕਿ ਨਾਵਲ ਕਿਸ ਤਰ੍ਹਾਂ ਲਿਖਿਆ ਜਾਣਾ ਚਾਹੀਦਾ ਸੀ! ਤਰਜਮੇ ਵਿਚ ਜੋ ਰੰਗ ਤੇ ਰਸ ਦਲਜੀਤ ਨੇ ਭਰਿਆ, ਉਹ ਉਸ ਦੀ ਪੰਜਾਬੀ ਬਾਰੇ ਸੂਝ-ਸਿਆਣਪ ਤੇ ਜਰਖੇਜ਼ੀ ਦੀ ਹੀ ਦੱਸ ਪਾਉਂਦਾ ਹੈ; ਪਿਛਲੀ ਚੱਪਾ ਸਦੀ ਦੌਰਾਨ ਉਹ ਪੰਜਾਬੀ ਨਾਲ ਖਹਿ ਖਹਿ ਕੇ ਜੋ ਲੰਘਦਾ ਰਿਹਾ ਹੈ! ਉਸ ਦੀ ਪੰਜਾਬੀ ਉਤੇ ਨਿਸ ਦਿਨ ਦੀਆਂ ਮਾਰਾਂ ਅਤੇ ਭਾਰਾਂ ਵਾਲੀ ਆਬੋ-ਹਵਾ ਜੁ ਅਸਰ-ਅੰਦਾਜ਼ ਰਹਿੰਦੀ ਹੈ।


ਮੈਨੂੰ ਲੱਗਦਾ ਹੈ ਕਿ ਦਲਜੀਤ ਉਹ ਜਿਉਂਦਾ-ਜਾਗਦਾ ਪੰਜਾਬ ਹੈ ਜਿਸ ਨੂੰ ਮੈਂ ਕਿਤੇ ਪਿਛਾਂਹ ਛੱਡ ਆਇਆ ਹਾਂ (ਯਾਦ ਕਰੋ ਰਘਬੀਰ ਢੰਡ ਦੀ ਜਾਨਦਾਰ ਕਹਾਣੀ 'ਸ਼ਾਨ-ਏ-ਪੰਜਾਬ')। ਅਸੀਂ ਦੋਵੇਂ ਹਾਣੀ ਹਾਂ, ਇਸ ਲਈ ਮੈਨੂੰ ਹੁਣ ਇਹੀ ਗੱਲ ਅਹੁੜਦੀ ਹੈ ਕਿ ਜੇ ਮੈਂ ਪੰਜਾਬ ਵਿਚ ਰਹਿੰਦਾ-ਵੱਸਦਾ ਹੁੰਦਾ, ਤਾਂ ਤਕਰੀਬਨ ਦਲਜੀਤ ਵਰਗਾ ਹੀ ਹੁੰਦਾ। ਤੇ ਜਾਂ ਫਿਰ ਜ਼ੱਰਾ ਜ਼ੱਰਾ ਹੋ ਗਿਆ ਹੁੰਦਾ, ਤੇ ਦਲਜੀਤ ਵਰਗਾ ਬਣਨ ਲਈ ਜ਼ੱਰਾ ਜ਼ੱਰਾ ਹੋ ਕੇ ਫਿਰ ਜੁੜ ਰਿਹਾ ਹੁੰਦਾ। ਇਹੀ ਤਾਂ ਉਹ ਅਮਲ ਹੈ ਜਿਸ ਵਿਚੋਂ ਉਹ ਮੇਰੀਆਂ ਲਿਖਤਾਂ ਦੀਆਂ ਤਾਰਾਂ ਨੂੰ ਸੁਰ ਕਰ ਸਕਿਆ ਹੈ ਅਤੇ ਮੈਨੂੰ ਖੁਦ ਨੂੰ ਸੁਰ ਸਿਰ ਕਰਨ ਲਈ ਅਹੁਲਿਆ ਹੈ। ਠੀਕ ਹੈ ਕਿ ਪੰਜਾਬ ਨਾਲ ਮੇਰੇ ਮੋਹ-ਤਿਹ ਵਿਚੋਂ ਕੁਝ ਕਹਾਣੀਆਂ-ਕਿੱਸਿਆਂ ਦੇ ਬੀਜ ਮੇਰੇ ਕੋਲ ਸਾਂਭੇ ਪਏ ਹਨ, ਪਰ ਇਹ ਦਲਜੀਤ ਹੀ ਹੈ ਜਿਸ ਨੇ ਇਨ੍ਹਾਂ ਬੀਜਾਂ ਦੇ ਪੁੰਗਰਨ ਦੀ ਆਵਾਜ਼ ਸੁਣੀ ਹੈ ਅਤੇ ਇਨ੍ਹਾਂ ਨੂੰ ਖਾਸ ਰੰਗ-ਰੂਪ ਵਿਚ ਮੌਲਣ ਲਈ ਰਾਹ ਦਿੱਤਾ ਹੈ। ਉਸ ਨੇ ਉਨ੍ਹਾਂ ਜੜ੍ਹਾਂ ਨੂੰ ਤਰੌਂਕਿਆ ਜਿਨ੍ਹਾਂ ਉਤੇ ਮੇਰੀ ਤਰਦੀ ਜਿਹੀ ਨਿਗ੍ਹਾ ਹੀ ਪਈ ਸੀ। ਉਹ ਤਾਂ ਕਿਸੇ ਮਾਹਿਰ ਮਾਲੀ ਵਾਂਗ ਸਾਰੀਆਂ ਰਮਜ਼ਾਂ ਸਮਝ ਸਕਦਾ ਸੀ ਅਤੇ ਇਨ੍ਹਾਂ ਨੂੰ ਮੌਲਣ ਲਾ ਸਕਦਾ ਸੀ। ਉਸ ਨੇ ਮੇਰੀਆਂ ਸੁਰਾਂ ਨੂੰ ਜਿਹੜੀ ਆਵਾਜ਼ ਬਖ਼ਸ਼ੀ ਹੈ, ਉਸ ਵਿਚ ਮੇਰੀ ਹੁਣ ਪੂਰੀ ਨਿਹਚਾ ਹੈ, ਮੇਰੀ ਆਪਣੀ ਅੰਗਰੇਜ਼ੀ ਲਿਖਤ ਤੋਂ ਵੀ ਕਿਤੇ ਵੱਧ। ਇਸੇ ਕਰ ਕੇ ਹੀ ਤਾਂ ਮੈਨੂੰ ਜਾਪਦਾ ਹਾਂ ਕਿ ਅੰਗਰੇਜ਼ੀ ਵਿਚ ਛਪੀਆਂ ਮੇਰੀਆਂ ਲਿਖਤਾਂ ਤਾਂ ਬੱਸ ਮਸੌਦੇ ਹੀ ਹਨ ਜਿਨ੍ਹਾਂ ਨੂੰ ਪੰਜਾਬੀ ਵਿਚ ਦਲਜੀਤ ਨੇ ਤਰਾਸ਼ਿਆ, ਸਜਾਇਆ ਤੇ ਸੰਵਾਰਿਆ ਹੈ। ਜੇ ਇਹ ਲਿਖਤਾਂ ਪੰਜਾਬੀ ਵਿਚ ਲਿਖੀਆਂ ਜਾਂਦੀਆਂ ਤਾਂ ਬੇਸ਼ੱਕ, ਐਨ ਇੱਦਾਂ ਦੀਆਂ ਹੀ ਹੋਣੀਆਂ ਸਨ। ਜਦੋਂ ਮੈਂ ਪੰਜਾਬੀ ਦੀ ਕੋਈ ਗੱਲ ਅੰਗਰੇਜ਼ੀ ਵਿਚ ਕਰਦਾ ਹਾਂ ਅਤੇ ਦਲਜੀਤ ਦੁਬਾਰਾ ਉਸੇ ਗੱਲ ਨੂੰ ਪੰਜਾਬੀ ਵਿਚ ਦੱਸਦਾ ਹੈ, ਤਾਂ ਮੈਨੂੰ ਲੱਗਦਾ ਹੈ ਕਿ ਮੇਰੀ ਆਵਾਜ਼ ਆਪਣੇ ਘਰ ਪਹੁੰਚ ਰਹੀ ਹੈ ਅਤੇ ਮੈਂ ਆਪਣੇ ਦਿਲ ਦੀਆਂ ਗੱਲਾਂ ਖੁੱਲ੍ਹ ਕੇ ਕਹਿ ਸਕਿਆ ਹਾਂ।

ਹੁਣ ਅਸੀਂ ਦੋਵੇਂ ਜਣੇ ਮੇਰੇ ਨਾਵਲ 'ਸੇਪੀਆ ਲੀਵਜ਼' ਦਾ ਤਰਜਮਾ ਕਰਨ ਵਿਚ ਮਸਰੂਫ਼ ਹਾਂ। ਇਹ ਪੋਥੀ ਇਸੇ ਸਾਲ ਛਾਪਣ ਦਾ ਸਾਡਾ ਇਰਾਦਾ ਹੈ। ###






***ਅਮਨਦੀਪ ਸੰਧੂ ਦੇ ਨਾਵਲ 'ਰੋਲ ਆਫ ਆਨਰ' ਅਤੇ ਇਸ ਦੇ ਪੰਜਾਬੀ ਤਰਜਮੇ ਵਾਲੇ ਟਾਈਟਲ।***




## ਦਲਜੀਤ ਅਮੀ ਦੀਆਂ ਨੌਂ ਦਸਤਾਵੇਜ਼ੀ ਫਿਲਮਾਂ

*ਦਲਜੀਤ ਅਮੀ ਦੀਆਂ 9 ਫਿਲਮਾਂ 'ਜਗ੍ਹਾ' ਸਿਰਲੇਖ ਤਹਿਤ ਹਾਲ ਹੀ ਵਿਚ ਜਾਰੀ ਕੀਤੀਆਂ ਗਈਆਂ ਹਨ। ਇਹ 9 ਫਿਲਮਾਂ ਅਸਲ ਵਿਚ 9 ਵੰਨਗੀਆਂ ਹਨ ਜਿਨ੍ਹਾਂ ਨੂੰ ਪਿੜ ਮੰਨ ਕੇ ਉਹਨੇ ਆਪਣੇ ਦਿਲ ਦੇ ਜਜ਼ਬਾਤ, ਦਰਸ਼ਕਾਂ/ਸਰੋਤਿਆਂ ਨਾਲ ਸਾਂਝੇ ਕੀਤੇ ਹਨ। ਇਹ ਫਿਲਮਾਂ ਪਿੜ ਵਿਚ ਖਲੋ ਕੇ ਤੁਹਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਦੀਆਂ ਅਤੇ ਲਗਾਤਾਰ ਸੰਵਾਦ ਰਚਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਇਸ ਸੰਵਾਦ ਵਿਚ ਇਕ ਇਕ ਕਰ ਕੇ ਮੁੱਦਿਆਂ ਨਾਲ ਮੁੱਦੇ ਜੁੜੀ ਜਾਂਦੇ ਹਨ। ਇਹ ਮੁੱਦੇ ਮੂਲ ਰੂਪ ਵਿਚ ਮਨੁੱਖੀ ਸਰੋਕਾਰਾਂ ਨਾਲ ਬਾਵਸਤਾ ਹਨ ਜਿਨ੍ਹਾਂ ਲਈ ਮਨੁੱਖ ਦੇ ਪੁਰਖਿਆਂ ਨੇ ਵੱਖ ਵੱਖ ਸਮਿਆਂ ਦੌਰਾਨ ਹਰ ਹਨੇਰੀ ਅਤੇ ਝੱਖੜ-ਝਾਂਜਿਆਂ ਅੱਗੇ ਖਲੋਣ ਦੀ ਪਿਰਤ ਬਰਕਰਾਰ ਰੱਖੀ ਹੈ। ਇਹ ਫਿਲਮਾਂ ਇਉਂ ਪਿੜ ਮੱਲ ਕੇ ਅੜ ਖਲੋਣ ਦੀ ਹੀ ਤਸਦੀਕ ਹਨ। ਇਨ੍ਹਾਂ ਵਿਚ ਤਰੱਦਦ ਤੇ ਤਹੱਮਲ ਦਾ ਸਾਜ਼ ਲਗਾਤਾਰ ਵੱਜਦਾ ਹੈ, ਜਿਵੇਂ ਕੋਈ ਪਹਾੜੀ ਝਰਨਾ ਕਦੀ ਵਗਣ ਦੀ ਜਾਚ ਨਹੀਂ ਭੁੱਲਦਾ।*

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਸਤੰਬਰ 2015 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-184



***ਪਤੀਲੇ ਦੇ ਵਿਚ ਰਿੱਝਦਾ ਵੇਖੋ ਅੱਗ ਦੇ ਉਤੇ ਸਾਗ।***
***ਸਮਾਂ ਬਦਲ ਗਿਆ ਨਹੀਂ ਬਦਲਣੇ ਕਦੇ ਏਸ ਦੇ ਰਾਗ।***
***ਚੁੱਲ੍ਹੇ ਦੇ ਨਾਲ ਡੋਈ ਧਰ ਕੇ ਲੈਣ ਗਈ ਕੀ ਅੰਦਰ,***
***ਸਾਗ ਸਰੋਂ ਦਾ ਖਾ ਕੇ ਬੰਦਾ ਸਮਝੇ ਫੇਰ ਸਿਕੰਦਰ।***

## ਕੈਪਸ਼ਨ ਮੁਕਾਬਲਾ-182



ਛਟੀ ਤੂਤ ਦੀ ਸਾਦ ਮੁਰਾਦੀ
ਕਿਰਤੀ ਦੇ ਹੱਥ ਆਵੇ।
ਕਲਾ ਦਾ ਬੱਸ ਨਮੂਨਾ ਬਣ ਜੇ
ਛੋਹ ਜਦ ਉਸ ਦੀ ਪਾਵੇ।
ਮਸ਼ੀਨੀ ਯੁਗ ਹੈ ਬੜਾ ਹੀ ਜ਼ਾਲਮ
ਕਲਾ ਕਿਰਤ ਨੂੰ ਨਿਘਲੀ ਜਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਤੀਲਿਆਂ ਨੂੰ ਜੋੜ ਪੰਛੀ
ਜਿਵੇਂ ਆਲ੍ਹਣਾ ਬਣਾਉਂਦੇ ਨੇ
ਦਸਤਕਾਰ ਨੇ ਮੁੱਢੋਂ ਇਵੇਂ
ਵੇਖੋ ਧਰਿਆ ਏ ਟੋਕਰਾ।
ਲੰਮੀਆਂ ਤੇ ਲਚਕੀਲੀਆਂ
ਲੈ ਕੇ ਤੂਤ ਦੀਆਂ ਲਗਰਾਂ
ਛਿੱਲ ਘੜ੍ਹ ਜੋੜ ਬਣਾਇਆ ਟੋਕਰਾ।
ਕਿਰਤੀ ਕਿਸਾਨ ਲਈ
ਰੋਜ਼ੀ ਰੋਟੀ ਦਾ ਸਬੱਬ ਬਣੇ
ਰਿਹਾ ਮਹਿਲ ਮੁਨਾਰੇ ਤੇ
ਡੈਮ ਉਸਾਰਦਾ ਟੋਕਰਾ।
ਡਰ ਲੱਗਦੈ ਰਹਿ ਨਾ ਜਾਵੇ
ਬੰਦ ਅਜਾਇਬ ਘਰ 'ਚ
ਬੀਤੇ ਦੀਆਂ ਬਾਤਾਂ-ਝਾਤਾਂ
ਪਾਉਂਦਾ ਇਹ ਟੋਕਰਾ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਮਿਹਨਤ ਮੁਸ਼ੱਕਤ ਕਰਨ ਵਾਲੇ ਦੀ
ਜ਼ਿੰਦਗੀ ਲੱਗੇ ਪਿਆਰੀ।
ਵਿਚ ਜਵਾਨੀ ਰੱਖੀ ਜਿਸ ਨੇ
ਰੰਬੇ ਦੇ ਨਾਲ ਯਾਰੀ।
ਵਿਚ ਬੁਢਾਪੇ ਵੀ ਦੇਖੋ
ਇਹ ਟੋਕਰਾ ਕਿਵੇਂ ਬਣਾਵੇ।
ਆਉਣ ਵਾਲੀ ਜਨਰੇਸ਼ਨ ਨੂੰ
ਮਿਹਨਤ ਦਾ ਪਾਠ ਪੜ੍ਹਾਵੇ।
ਅੰਤ ਸਮੇਂ ਤਕ ਸਭ ਦੇ ਸਰੀਰ
ਤੰਦਰੁਸਤ ਰੱਖੀ ਤੂੰ ਰੱਬਾ।
ਫਰਿਆਦ ਇਹ ਕੁਲ ਲੋਕਾਈ ਵਲੋਂ
ਪ੍ਰਵਾਨ ਕਰੀਂ ਤੂੰ ਰੱਬਾ।

***-ਰਾਮ ਕੁਮਾਰ ਐਸ਼ ਜਾਜਾ***

---

ਟਾਹਣੀ ਟਾਹਣੀ ਤੂਤ ਦੀ
ਜੋੜ ਬਣੇ ਵੇਖੋ ਟੋਕਰਾ
ਜੋ ਕੰਮ ਬੜੇ ਆਉਂਦਾ ਏ।
ਜੇ ਕੱਢ ਜਾਵੇ ਸਮਾਂ ਟੋਕਰਾ
ਮਿਹਨਤ ਕੀਤੀ ਜਿਸ
ਉਹ ਯਾਦ ਆਉਂਦਾ ਏ।

***-ਸਤਵਿੰਦਰ ਥਾਂਦੀ ਦੌਲਤਪੁਰੀ***

---

ਕਰਨੀ ਮੁਸ਼ੱਕਤ ਜ਼ਿੰਦਗੀ ਭਰ
ਰੰਭਾ, ਕਹੀ, ਦਾਤਰੀ, ਮੁੰਨਾ,
ਹਨ ਉਸ ਦੇ ਸਾਜ਼।
ਕੱਟ ਕੱਟ ਤੂਤ ਦੀਆਂ ਛਟੀਆਂ
ਗੁੰਦ ਗੁੰਦ ਇਕ ਵਿਚ ਦੂਜੀ
ਸੋਹਣਾ ਬਣ ਜਾਂਦਾ ਟੋਕਰਾ।


***-ਦਰਸ਼ਨਪਾਲ ਦੋਸਾਂਝ***

---

ਟੋਕਰੇ ਤੇ ਟੋਕਰੀਆਂ ਬਣਾਉਣ ਦਾ
ਪੰਜਾਬ 'ਚ ਸਭਿਆਚਾਰ ਪੁਰਾਣਾ।
ਪਲਾਸਟਿਕ ਦੀਆਂ ਹੁਣ ਆ'ਗੀਆਂ
ਖਰੀਦਦਾ ਹਰ ਸਿਆਣਾ।
ਸਮੇਂ ਸਮੇਂ ਦੀ ਗੱਲ ਆ
ਜਦੋਂ ਪੈਂਦਾ ਸੀ ਇਹਦਾ ਮੁੱਲ।
ਨਵੇਂ ਜ਼ਮਾਨੇ ਆ ਗਏ
ਪੁਰਾਣਾ ਸਭਿਆਚਾਰ ਗਿਆ ਭੁੱਲ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਮਖਸੂਸਪੁਰ ਨੂੰ ਫਖਰ ਹੈ ਆਪਣੇ ਦੇਬੀ ਉਤੇ




ਐਸ. ਅਸ਼ੋਕ ਭੌਰਾ
ਫੋਨ: 510-415-3315

ਪਿਛਲੇ ਡੇਢ ਕੁ ਦਹਾਕੇ ਦੇ ਪੰਜਾਬੀ ਗੀਤਾਂ ਸਿਰ ਕਈ ਸੁਆਹ ਵੀ ਬਹੁਤ ਪੈ ਰਹੀ ਹੈ, ਨਿਹੋਰੇ ਤੇ ਉਲਾਂਭੇ ਬੜੇ ਦਿੱਤੇ ਜਾ ਰਹੇ ਹਨ; ਤਾਂ ਇਹ ਵੀ ਕਹਿ ਸਕਦੇ ਹਾਂ ਕਿ ਇਹ ਉਹੀ ਦੌਰ ਹੈ ਜਿਸ ਵਿਚ ਦੇਬੀ ਮਖਸੂਸਪੁਰੀ ਵਰਗਾ ਗੀਤਕਾਰ ਤੇ ਸੁਰਜੀਤ ਪਾਤਰ ਵਰਗਾ ਸ਼ਾਇਰ ਵਿਚਰ ਰਹੇ ਹਨ। ਖਾਸ ਗੱਲ ਇਹ ਵੀ ਹੈ ਕਿ ਦੋਹਾਂ ਵਿਚਕਾਰ ਸਬੰਧ ਚੇਲੇ ਤੇ ਗੁਰੂ ਵਾਲਾ ਵੀ ਹੈ। ਜੇ ਚੰਦਨ ਦਾ ਰੁੱਖ ਗੁਲਾਬ ਦੇ ਬੂਟਿਆਂ ਵਿਚ ਲੱਗਾ ਹੋਵੇ, ਤਾਂ ਚੰਦ ਤੇ



*ਦੇਬੀ ਮਖਸੂਸਪੁਰੀ ਜੋ ਕਦੇ ਗੁਰਦੇਵ ਗਿੱਲ ਸੀ।*

ਸੂਰਜ ਹੱਥ ਮਿਲਾਉਣ ਨੂੰ ਕਾਹਲੇ ਕਿਉਂ ਨਹੀਂ ਹੋਣਗੇ!

ਮੈਂ ਉਸੇ ਦੇਬੀ ਦੀ ਗੱਲ ਕਰ ਰਿਹਾ ਹਾਂ ਜਿਸ ਨੂੰ ਤੁਸੀਂ ਸ਼ਾਇਰ ਵਜੋਂ ਵੀ ਚੰਗੀ ਤਰ੍ਹਾਂ ਜਾਣਦੇ ਹੋ, ਗਾਇਕ ਵਜੋਂ ਵੀ, ਤੇ ਜਿਹੜੇ ਉਹਨੂੰ ਮਿਲਦੇ-ਗਿਲਦੇ ਰਹਿੰਦੇ ਆ, ਉਹ ਇਹ ਵੀ ਕਹਿ ਦੇਣਗੇ ਕਿ ਉਹ ਬੰਦਾ ਵੀ ਚੰਗਾ ਹੈ, ਪਰ ਮੈਂ ਦੇਬੀ ਦਾ ਕੁਝ ਹੋਰ ਤਰ੍ਹਾਂ ਵਾਕਫਕਾਰ ਹਾਂ। ਉਹਨੂੰ ਕਿਤੇ ਕਿਤੇ ਚੰਗੀ ਤਰ੍ਹਾਂ ਦੇ ਨਾਲ ਨਾਲ ਬਹੁਤ ਬੁਰੀ ਤਰ੍ਹਾਂ ਵੀ ਜਾਣਦਾ ਹਾਂ। ਇਸ ਲਈ ਗੀਤਕਾਰੀ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਕਿਤੇ ਕਿਤੇ ਸ਼ਾਇਦ 'ਇਕ ਸੀ ਰਾਜਾ, ਇਕ ਸੀ ਰਾਣੀ' ਵਾਂਗ ਚੰਗੀ ਤਰ੍ਹਾਂ ਸੁਆਦਲੀ ਵੀ ਲੱਗੇ।

ਮਾਲ ਗੱਡੀ ਚਲਦੀ ਤਾਂ ਧੀਮੀ ਗਤੀ ਨਾਲ ਹੈ, ਪਰ ਉਸ ਦਾ ਸਫ਼ਰ ਲੰਬਾ ਬੜਾ ਹੁੰਦਾ ਹੈ। ਇਸੇ ਲਈ ਵਰ੍ਹਿਆਂ ਤੋਂ ਦੇਬੀ ਦੇ ਪੰਜਾਬ ਦੇ ਸੰਗੀਤਕ ਹਲਕਿਆਂ ਵਾਲੇ ਪੱਖ ਤੋਂ ਬਹੁਤ ਕੁਝ ਨੇੜੇ ਤੋਂ ਵੀ ਤੇ ਦੂਰੋਂ ਵੀ ਜੁੜਿਆ ਹੋਇਆ ਹੈ। ਦੇਬੀ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ, ਜਦੋਂ ਉਹ ਗੁਰਦੇਵ ਗਿੱਲ ਹੁੰਦਾ ਸੀ, ਮਖਸੂਸਪੁਰ (ਹੁਸ਼ਿਆਰਪੁਰ) ਦੇ ਬਚਨ ਸਿੰਘ ਦਾ ਗੋਲਕੀਪਰ ਵਜੋਂ ਖੇਡਣ ਵਾਲਾ ਫੁੱਟਬਾਲਰ। ਉਹਦੇ ਨਾਲ ਇਸੇ ਪਿੰਡ ਦਾ ਜੇ.ਸੀ.ਟੀ. ਵਾਲਾ ਕਸ਼ਮੀਰਾ ਸਿੰਘ ਭਾਈ ਵੀ ਖੇਡਦਾ ਹੁੰਦਾ ਸੀ ਤੇ ਬੀ.ਐਸ.ਐਫ਼. ਵਾਲਾ ਮਨਜੀਤ ਸਿੰਘ ਵੀ। ਉਹ ਹੁਸ਼ਿਆਰਪੁਰ ਦੇ ਡੀ.ਏ.ਵੀ. ਕਾਲਜ ਪੜ੍ਹਦਿਆਂ ਵੀ ਗੋਲਕੀਪਰ ਵਾਲੇ ਅਹੁਦੇ 'ਤੇ ਹੀ ਫੁੱਟਬਾਲ ਦੀ ਇਲੈਕਸ਼ਨ ਲੜਦਾ



*ਮਖਸੂਸਪੁਰ ਦੀ 1980 ਵਾਲੀ ਫੁੱਟਬਾਲ ਟੀਮ ਵਿਚ ਹੇਠਾਂ ਸਭ ਤੋਂ ਸੱਜੇ ਦੇਬੀ।*

ਰਿਹਾ।

ਫਿਰ ਇਹ ਪਰਿਵਾਰ ਪੰਜਾਬ ਦੀ ਆਬੋ-ਹਵਾ ਵਿਚੋਂ ਮਨਫ਼ੀ ਹੋ ਕੇ ਰਾਮਰਾਜ (ਯੂ.ਪੀ.) ਵਿਚ ਖੇਤੀ ਕਰਨ ਚਲੇ ਗਿਆ। ਉਦੋਂ ਤੱਕ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਗੁਰਦੇਵ ਗਿੱਲ ਦੇ ਨਾਂ ਨਾਲ ਘਰੋਂ ਨਿਕਲਿਆ ਇਹ ਮੁੰਡਾ ਜਦੋਂ ਪਰਤੇਗਾ, ਤਾਂ ਦੇਬੀ ਮਖਸੂਸਪੁਰੀ ਦੇ ਨਾਂ ਨਾਲ ਪਛਾਣ ਬਣਾ ਚੁੱਕਾ ਹੋਵੇਗਾ।

ਦੇਬੀ ਨਾਲ ਮੇਰੇ ਹੱਥ ਜੁੜਨ ਦੀ ਕਹਾਣੀ ਕੀ ਹੈ? ਉਹਦਾ ਸਭ ਤੋਂ ਪਹਿਲਾ ਗੀਤ 'ਬਾਬਲ ਮਰਿਆ ਭਾਬੀਏ ਪੈ ਗਏ ਪੁਆੜੇ' ਜਦੋਂ ਰਿਕਾਰਡ ਹੋਇਆ ਤਾਂ ਮੈਂ ਹਾਜ਼ਰ ਸੀ। ਬੈਂਕ ਵਾਂਗ ਚਰਨਜੀਤ ਆਹੂਜਾ ਨੇ ਇਹ ਉਹਦਾ ਖਾਤਾ ਖੋਲ੍ਹਿਆ ਸੀ। ਅਖਬਾਰੀ ਪੱਧਰ 'ਤੇ ਸਭ ਤੋਂ ਪਹਿਲਾਂ ਦੇਬੀ ਬਾਰੇ 'ਅਜੀਤ' ਵਿਚ ਲੰਬਾ ਲੇਖ ਮੈਂ ਹੀ ਲਿਖਿਆ। 1994 ਦੇ ਸ਼ੌਕੀ ਮੇਲੇ 'ਤੇ ਹਜ਼ਾਰਾਂ ਦਰਸ਼ਕਾਂ ਵਿਚ ਗਾਉਣ ਦਾ ਪਹਿਲਾ ਮੰਚ ਵੀ ਦੇਬੀ ਅਤੇ ਮਨਮੋਹਨ ਵਾਰਿਸ ਨੂੰ ਇਕੱਠਿਆਂ ਦਿੱਤਾ। ਅਗਲੇ ਵਰ੍ਹੇ ਉਹਨੇ ਆਪਣੇ ਅਕਾਲਗੜ੍ਹ ਵਾਲੇ ਜੀਜੇ ਰਾਹੀਂ ਮੈਨੂੰ ਮੇਲੇ ਲਈ ਸੱਤ ਹਜ਼ਾਰ ਭੇਜਿਆ। ਫਿਰ ਮਨਮੋਹਨ ਅਤੇ ਦੇਬੀ ਮੇਰੇ ਨਾਲ ਇਕੱਠੇ ਹੀ ਰੁੱਸ ਗਏ, ਮੈਨੂੰ ਨਹੀਂ ਪਤਾ, ਕਿਉਂ? ਦੇਬੀ ਬੱਬਰਾਂ ਦੇ ਪਿੰਡ ਮਖਸੂਸਪੁਰ ਜੰਮਿਆ। ਬੱਬਰ ਸੁੰਦਰ ਸਿੰਘ ਇਥੋਂ ਦਾ ਸੀ। ਬਖਤਾਵਰ ਸਿੰਘ ਯਾਨਿ ਬਖਤੌਰੇ ਨੂੰ ਫੁੱਟਬਾਲ ਕਰ ਕੇ ਹਰ ਕੋਈ ਜਾਣਦਾ ਸੀ। ਤੇ ਮੇਰਾ ਇਸ ਪਿੰਡ ਨਾਲ ਤਿੰਨ ਪੀੜ੍ਹੀਆਂ ਵਾਲਾ ਰਿਸ਼ਤਾ ਹੈ। ਇਸ ਪਿੰਡ ਦੇ ਸੋਹਣ ਸਿੰਘ ਦੀ ਕੁੜੀ ਕਸ਼ਮੀਰ ਕੌਰ ਮੇਰੀ ਪਤਨੀ ਹੈ, ਆਮ ਭਾਸ਼ਾ ਵਿਚ ਮਖਸੂਸਪੁਰ ਮੇਰੇ ਬੱਚਿਆਂ ਦਾ ਨਾਨਕਾ ਪਿੰਡ ਹੈ। ਦੇਬੀ ਮੈਨੂੰ ਸਟੇਜਾਂ 'ਤੇ ਭਾਵੇਂ ਜੁਆਈ-ਭਾਈ ਕਹਿ ਦੇਵੇ, ਪਰ ਮੈਂ ਸ਼ਾਇਰ ਤੇ ਗੀਤਕਾਰ ਦੇਬੀ ਨੂੰ ਪਿਆਰ ਕਰਦਾ ਰਿਹਾ ਹਾਂ।

ਦੇਬੀ ਬਾਰੇ ਅਗਲੀ ਗੱਲ ਕਰਨ ਤੋਂ ਪਹਿਲਾਂ ਖਾਸ ਕੀ ਹੈ ਉਹਦੇ ਵਿਚ, ਇਸ ਬਾਰੇ ਕੁਝ ਦਿਲਚਸਪ ਅੰਕੜੇ ਤੁਹਾਡੇ ਨਾਲ ਸਾਂਝੇ ਕਰਦਾ ਹਾਂ:

ਹਾਲਾਤ ਦੇ ਮਾਰੇ ਅਮਰਜੋਤ ਤੇ ਚਮਕੀਲੇ ਨੇ ਜਦੋਂ ਧਾਰਮਿਕ ਗੀਤ ਗਾਉਣੇ ਸ਼ੁਰੂ ਕੀਤੇ ਤਾਂ ਸਵੇਰੇ ਸਵੇਰੇ ਬੱਸ ਅੱਡੇ ਦੇ ਸਾਹਮਣੇ ਵਾਲੇ ਦਫਤਰਾਂ ਵਿਚ ਮੈਂ ਕੁਲਦੀਪ ਪਾਰਸ ਕੋਲ ਬੈਠਾ ਸਾਂ। ਚਮਕੀਲੇ ਹੋਰੀਂ ਪ੍ਰੋਗਰਾਮ 'ਤੇ ਚੱਲੇ ਸਨ। ਉਹ ਦਫਤਰ ਅੰਦਰ ਆਇਆ, ਤਾਂ ਕਹਿਣ ਲੱਗਾ, "ਬੱਬੀ (ਅਮਰਜੋਤ) ਗੱਡੀ ਵਿਚ ਗੱਲ ਕਰਨਾ ਚਾਹੁੰਦੀ ਆ।" ਉਹ ਕਾਰ ਦੀ ਪਿਛਲੀ ਸੀਟ 'ਤੇ ਬੈਠੀ ਸੀ। ਬਾਰੀ ਖੋਲ੍ਹਦੇ ਸਾਰ ਉਹ ਮੈਨੂੰ ਘੁੱਟ ਕੇ ਚਿੰਬੜ ਗਈ। ਅੱਖਾਂ ਭਰ ਲਈਆਂ, ਤੇ ਦਰਦ ਦੇਖੋ, "ਭਾਜੀ! ਅਸੀਂ ਤਾਂ ਹੁਣ ਦੇਬੀ ਦਾ ਗੀਤ ਵੀ ਰਿਕਾਰਡ ਕਰ'ਤਾ...ਹੁਣ ਤਾਂ ਸਾਡੇ ਬਚਣ ਦਾ ਹੀਲਾ ਕਰੋ।" ਤੇ ਨਾਲ ਹੀ ਡਰਾਇਵਰ ਨੂੰ ਕਹਿਣ ਲੱਗੀ, "ਲਾ ਜ਼ਰਾ ਉਹ ਗੀਤ...।"

ਤਾਰੇ ਗੁਜਰੀ ਦੀ ਅੱਖ ਦੇ ਛੁਪਾਏ ਵੈਰਨੇ...
ਪਾਇਆ ਰੱਬ ਨਾਲ ਵੈਰ ਆਈ ਸੰਗ ਨਾ
ਮਖਸੂਸਪੁਰੀ ਖੈਰ ਮੰਗ ਨਾ...

ਹੰਸ ਰਾਜ ਹੰਸ ਨੇ ਜਦੋਂ ਆਪਣੇ ਘਰ ਸਫ਼ੀਪੁਰ ਮੈਨੂੰ ਆਪਣੀ ਇੰਗਲੈਂਡ ਵਿਚ ਰਿਲੀਜ਼ ਹੋਈ ਕੈਸਿਟ 'ਵਾਰਿਸ ਪੰਜਾਬ ਦੇ' ਹੱਥ ਫੜਾਈ ਤਾਂ ਬੋਲਿਆ, "ਐਸੀ ਪਿਆਰ 'ਚ ਕਸੂਤੀ ਹਾਰ ਪੈ ਗਈ... ਵਰਗੇ ਗੀਤਾਂ ਤੋਂ ਬਾਅਦ ਦੇਬੀ ਦਾ 'ਆਸ਼ਕਾਂ ਦੀ ਕਾਹਦੀ ਜ਼ਿੰਦਗੀ' ਗੀਤ ਲਗਦੈ ਚੱਲ ਜਾਵੇਗਾ, ਕਿਉਂਕਿ ਫਕੀਰੀ ਛੱਡ ਕੇ ਕੁਝ ਕਮਰਸ਼ੀਅਲ ਹੋਣ ਦੀ ਕੋਸ਼ਿਸ਼ ਕਰ ਰਿਹੈ। ਦੇਬੀ ਲਿਖਦਾ ਬਹੁਤ ਅੱਛੈ।"

ਸੱਚ ਇਹ ਹੈ ਕਿ ਨਾ ਹੰਸ ਨੂੰ, ਤੇ ਨਾ ਹੀ ਦੇਬੀ ਨੂੰ ਪਤਾ ਸੀ ਕਿ ਇਹ ਗੀਤ ਇੰਨਾ ਹਿੱਟ ਹੋ ਜਾਵੇਗਾ। ਸੁਰਿੰਦਰ ਸ਼ਿੰਦੇ ਦਾ ਫੋਕੀਆਂ ਲਿਹਾਜ਼ਾਂ ਵਾਲਾ ਗੀਤ ਵੀ ਦੇਬੀ ਦਾ ਭਲੇ ਦਿਨਾਂ ਵਿਚ ਚੰਗਾ ਰਿਹਾ ਸੀ। ਸਰਦੂਲ ਸਿਕੰਦਰ ਦਾ 'ਲਵ ਮੈਰਿਜ ਕਰਾਉਣ ਦਾ ਰਿਵਾਜ ਹੋ ਗਿਆ' ਵਾਲਾ ਗੀਤ ਜਦੋਂ ਆਇਆ ਤਾਂ ਦੇਬੀ ਹਿੱਟ ਗੀਤਕਾਰ ਬਣ ਗਿਆ ਸੀ। ਮੇਰੇ ਵਿਆਹ ਵਾਲੇ ਦਿਨ 1989 ਵਿਚ ਸਰਦੂਲ ਤੇ ਨੂਰੀ ਦੀ ਨਵੀਂ ਬਣੀ ਜੋੜੀ ਨੇ ਦੋ-ਗਾਣਾ ਗਾਇਆ ਸੀ, 'ਨੱਚ ਸਾਲੀਏ ਨੀ ਮੇਰੇ ਵੀਰ ਦੇ ਵਿਆਹ ਵਿਚ' ਗਾਇਆ ਤਾਂ ਮਖਸੂਸਪੁਰ ਦੇ ਬੁੜ੍ਹਿਆਂ ਨੇ ਵੀ ਦੇਬੀ ਤੇ ਪਿੰਡ ਦਾ ਨਾਂ ਸੁਣ ਕੇ ਜੇਬਾਂ ਖਾਲੀ ਕਰ ਦਿੱਤੀਆਂ ਸਨ।

'ਕਹਿੰਦੇ ਭਾਗਾਂ ਵਾਲੇ ਹੁੰਦੇ ਜਿਹੜੇ ਪਾਉਣ ਚਿੱਠੀਆਂ' ਕੁਲਦੀਪ ਮਾਣਕ ਨੇ ਗਾਇਆ ਤਾਂ ਦੇਬੀ ਦੀਆਂ ਤਸ਼ਬੀਹਾਂ ਤੇ ਅਲੰਕਾਰਾਂ ਦੀ ਰੱਜ ਕੇ ਸਿਫ਼ਤ ਹੋਣ ਲੱਗੀ। ਕੁਲਦੀਪ ਪਾਰਸ ਦਾ ਗੀਤ 'ਦੋ ਗੁੱਤਾਂ ਵਾਲੀਏ ਸ਼ੌਕੀਨ ਕੁੜੀਏ, ਮੈਨੂੰ ਦਿਲ ਵੀ ਰਕਾਨੇ ਤੇਰੇ ਦੋ ਲਗਦੇ' ਵਿਚ 'ਬੱਤੀ ਵਾਲਾ ਚੌਕ ਤੇ ਮੰਦਰ ਵਾਲੀ ਗਲੀ/ਬੱਸ ਦੋ ਤੇਰੇ ਮਨ ਭਾਉਂਦੇ ਰੂਟ ਨੀ...' ਦੇਬੀ ਦੀਆਂ ਦਿੱਲੀ ਦੀਆਂ ਕਹਾਣੀਆਂ ਹਨ। ਪੰਜਾਬੀ ਅਕਾਦਮੀ ਵਾਲਾ ਰਵੇਲ ਸਿੰਘ, ਕੁਲਵੰਤ ਨਾਗਰਾ ਉਨ੍ਹਾਂ ਦਿਨਾਂ ਵਿਚ ਦੇਬੀ ਦੇ ਆੜੀ ਸਨ ਤੇ ਇਹ ਬੱਤੀ ਵਾਲਾ ਚੌਕ, ਮੰਦਰ ਵਾਲੀ ਗਲੀ ਸਾਰਿਆਂ ਦਾ ਲੰਘਣ ਵਾਲਾ ਰੂਟ ਸੀ। ਕੁਲਵੰਤ ਹੋਰਾਂ ਜ਼ਰੀਏ ਹੀ ਦੇਬੀ, ਚਰਨਜੀਤ ਆਹੂਜਾ ਨੂੰ ਮਿਲਿਆ ਸੀ ਤੇ ਦਵਿੰਦਰ ਖੰਨੇਵਾਲੇ ਤੇ ਦੇਬੀ ਦੀ ਅੰਦਰਲੀ ਗੀਤਕਾਰੀ ਤੇ ਸ਼ਾਇਰੀ ਨੂੰ ਬਾਹਰ ਕੱਢ ਕੇ ਸ਼ਿੰਗਾਰਨ ਵਿਚ ਆਹੂਜਾ ਦੇ ਵੱਡੇ ਰੋਲ ਤੋਂ ਦੋਵੇਂ ਨਹੀਂ ਮੁੱਕਰ ਸਕਦੇ।



*ਐਸ. ਅਸ਼ੋਕ ਭੌਰਾ, ਚਰਨਜੀਤ ਆਹੂਜਾ, ਨੀਰੂ, ਦਵਿੰਦਰ ਤੇ ਦੇਬੀ ਸ਼ੌਕੀ ਮੇਲੇ 'ਤੇ।*

ਮੇਰੇ ਵੀ ਉਦੋਂ ਮੱਸ ਨਹੀਂ ਸੀ ਫੁੱਟੀ ਅਤੇ ਗੀਤਕਾਰ ਬਣਨ ਦਾ ਤੇਈਆ ਮੈਨੂੰ ਵੀ ਚੜ੍ਹ ਗਿਆ ਸੀ। ਚਿੱਠੀਆਂ ਵਾਲੇ ਗੀਤ ਦੀ ਰਿਕਾਰਡਿੰਗ ਤੋਂ ਬਾਅਦ ਸੋਨੋਟੋਨ ਸਟੂਡੀਓ ਵਿਚ ਆਹੂਜਾ ਨੇ ਰਸਮੀ ਤੌਰ 'ਤੇ ਮਿਲਾਉਂਦਿਆਂ ਕਿਹਾ ਕਿ ਇਹ ਦੇਬੀ ਹੈ।

ਭੇਤ ਇਹ ਵੀ ਸੀ ਕਿ ਛੱਲੀਆਂ, ਮੱਕੀ, ਮੱਕੀ ਦਾ ਆਟਾ ਤੇ ਬਾਸਮਤੀ ਦੇ ਚੌਲ ਚਰਨਜੀਤ ਦੇ ਘਰ ਆਉਣ ਲੱਗ ਪਏ ਸਨ ਤੇ ਦਿੱਲੀ ਰਹਿਣ ਵਾਲੇ ਇਨ੍ਹਾਂ ਦੇ ਮੁਕਾਬਲੇ ਹੋਰ ਵੱਡੇ ਤੋਹਫ਼ੇ ਮੰਨਦੇ ਹੀ ਨਹੀਂ। ਦੇਬੀ ਬਹੁਤੀ ਵਾਰ ਸਭ ਕੁਝ ਟਰਾਲੀ 'ਚ ਲੱਦ ਕੇ ਰਾਮ ਰਾਜ ਤੋਂ ਦਿੱਲੀ ਲੈ ਆਉਂਦਾ।

ਉਨ੍ਹਾਂ ਦਿਨਾਂ ਵਿਚ ਹਾਲਾਤ ਇਹ ਤਾਂ ਦੱਸਣ ਲੱਗ ਪਏ ਸਨ ਕਿ ਦੇਬੀ ਅੰਦਰ ਵੱਡਾ ਬਣਨ ਦੀਆਂ ਸੰਭਾਵਨਾਵਾਂ ਸਨ, ਪਰ ਉਹ ਗਾਇਕ ਵੀ ਬਣ ਸਕਦਾ ਹੈ, ਇੱਦਾਂ ਦਾ ਕੁਝ ਵੀ ਨਹੀਂ ਸੀ ਲਗਦਾ। ਗੱਲ 1990-91 ਦੀ ਹੋਵੇਗੀ, ਮੈਂ ਕਿਸੇ ਨੂੰ ਦਿੱਲੀ ਏਅਰਪੋਰਟ ਤੋਂ ਲੈਣ ਲਈ ਪੁੱਜਿਆ, ਤਾਂ ਲੋਹੇ ਦੇ ਸਟੈਂਡ 'ਤੇ ਬੁੱਕਲ ਮਾਰੀ ਬੈਠਾ ਕੋਈ ਗੱਭਰੂ ਦੇਬੀ ਵਰਗਾ ਲੱਗਾ। ਅੱਖ ਮਿਲੀ ਤਾਂ ਉਹ ਬੋਲਿਆ, "ਅਸ਼ੋਕ ਭਾਜੀ।" ਤੇ ਅਸੀਂ ਘੁੱਟ ਕੇ ਕਰੀਬ ਅੱਠ ਨੌਂ ਸਾਲਾਂ ਬਾਅਦ ਮਿਲੇ ਸਾਂ। ਮੈਂ ਕਿਹਾ, "ਦੇਬੀ, ਜਿੰਨਾ ਪਿਆਰ ਤੈਨੂੰ ਤੇ ਤੇਰੇ ਗੀਤਾਂ ਨੂੰ ਮਿਲਿਆ, ਬੱਸ ਵੱਖਰਾ ਹੀ ਰੰਗ ਹੈ।" ਇਹ ਸ਼ਾਇਦ ਉਹੀ ਦਿਨ ਸਨ ਜਦੋਂ ਉਹਦੀ ਚਰਨਜੀਤ ਆਹੂਜਾ ਦੇ ਸੰਗੀਤ ਹੇਠ ਗਾਇਕ ਵਜੋਂ ਐਲਬਮ ਤਿਆਰ ਹੋ ਰਹੀ ਸੀ,

ਦੁਨੀਆਂ ਸੁੰਨੀ ਹੋ ਜਾਂਦੀ
ਜਦ ਮਾਂ ਨੀਂ ਰਹਿੰਦੀ।

ਮਨਮੋਹਨ ਵਾਰਿਸ ਜਿੱਦਣ ਮੇਰੇ ਕੋਲ ਪਿੰਡ, ਮਨਿੰਦਰ ਗਿੱਲ ਦੀ ਤਿਆਰ ਕੈਸਿਟ ਲੈ ਕੇ ਆਇਆ (ਜਿਸ ਵਿਚ 'ਹੋਰਾਂ ਨਾਲ ਪੀਂਘਾਂ ਝੂਟਦੀਏ' ਵਾਲਾ ਗੀਤ ਸੀ), ਤਾਂ ਉਹਨੇ ਆਪਣਾ ਜੋ ਤੁਆਰਫ਼ ਕਰਵਾਉਂਦਿਆਂ ਦੇਬੀ ਦਾ ਹਵਾਲਾ ਦੇ ਕੇ ਸ਼ਬਦ ਕਹੇ ਸਨ, ਉਹ ਉਵੇਂ ਹੀ ਲਿਖ ਰਿਹਾਂ, "ਦੇਬੀ ਸਾਡੇ ਕੋਲ ਹੀ ਰਹਿੰਦੈ, ਸਾਡੇ ਪਰਿਵਾਰਕ ਸਬੰਧ ਨੇ, ਬਹੁਤੇ ਗੀਤ ਦੇਬੀ ਦੇ ਹੀ ਗਾਇਆ ਕਰਾਂਗੇ...ਉਹਨੂੰ ਗਾਉਣ ਨਾਲ ਚੜ੍ਹਾਈ ਤਾਂ ਮਾੜੇ-ਧੀੜੇ ਦੀ ਵੀ ਹੋ ਜਾਂਦੀ ਆ...।"

ਰੱਬ ਹੀ ਜਾਣੇ ਪਲੇਟਾਂ ਸਹੀ ਸਨ, ਪਰ ਬ੍ਰੇਕਾਂ ਫਿਰ ਵੀ ਬਹੁਤਾ ਚਿਰ ਲੱਗ ਨਾ ਸਕੀਆਂ। ਬਹੁਤੇ ਗੀਤਕਾਰ ਗਾਇਕਾਂ ਨਾਲ ਖਫ਼ਾ ਜਾਂ ਨਾਰਾਜ਼ ਤੇ ਨਿਰਾਸ਼ ਕਿਉਂ ਰਹੇ ਨੇ, ਇਹ ਦੱਸਣ ਦੀ ਤਾਂ ਜਸਵੀਰ ਗੁਣਾਚੌਰੀਏ ਤੱਕ ਲੋੜ ਨਹੀਂ, ਪਰ ਸਰਦੂਲ ਸਿਕੰਦਰ, ਹੰਸ ਰਾਜ ਹੰਸ, ਮਨਮੋਹਨ ਵਾਰਿਸ ਹਰਗਿਜ਼ ਨਹੀਂ ਕਹਿ ਸਕਦੇ ਕਿ ਉਨ੍ਹਾਂ ਦੀ ਗਾਇਕੀ ਵਿਚ ਦੇਬੀ ਦਾ ਯੋਗਦਾਨ ਨਹੀਂ; ਪਰ...ਦੇਬੀ ਚਰਨਜੀਤ ਆਹੂਜਾ ਨੂੰ 'ਗੁਰੂ ਜੀ ਗੁਰੂ ਜੀ' ਕਹਿਣ ਤੋਂ ਕਿਉਂ ਉਕ ਗਿਆ, ਇਹ ਖੈਰ! ਮੈਨੂੰ ਵੀ ਨਹੀਂ ਪਤਾ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕੋਟ ਫਤੂਹੀ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਮੈਂ 8-9 ਸਾਲ ਪੜ੍ਹਾਉਂਦਾ ਰਿਹਾ ਹਾਂ। ਇਹ ਉਹੀ ਸਕੂਲ ਹੈ ਜਿਥੋਂ ਦੇਬੀ ਨੇ ਗਿਆਰਵੀਂ ਪਾਸ ਕੀਤੀ ਸੀ। ਇਥੇ ਹੀ ਗੁਰਦੇਵ ਸਿੰਘ ਖਾਬੜਾ ਅਤੇ ਨਰਿੰਦਰਪਾਲ-ਦੋ ਅਧਿਆਪਕ ਮੇਰੇ ਕੁਲੀਗ ਰਹੇ ਜਿਨ੍ਹਾਂ ਤੋਂ ਉਹ ਪੜ੍ਹਿਆ ਸੀ। ਮੈਨੂੰ ਇਕ ਚਿੱਠੀ ਵਿਚ ਵੀ ਦੇਬੀ ਨੇ ਲਿਖਿਆ ਸੀ, ਇਥੇ ਇਨ੍ਹਾਂ ਕੋਲ ਪੜ੍ਹਦਿਆਂ ਕੰਨ ਵੀ ਬਹੁਤ ਪੁਟਵਾਏ, ਮੁਰਗੇ ਵੀ ਬਣੇ ਤੇ ਉਨ੍ਹਾਂ ਨੇ ਵੀ ਸਿਫ਼ਤ ਕਰਨੀ।

ਉਨ੍ਹਾਂ ਵੀ ਆਖਣਾ, ਅਸ਼ੋਕ, ਕਿਤੇ ਇਕੱਠੇ ਮਿਲੇ ਤਾਂ ਦੇਖੀਂ, ਦੇਬੀ ਆਪਣੀ ਕਿੰਨੀ ਕਰਦੈ।

ਫਿਰ ਪ੍ਰਸੰਗ ਦੇਖੋ ਕਿਵੇਂ ਬਦਲਦੇ ਨੇ: ਉਹੀ ਗੁਰਦੇਵ ਸਿੰਘ ਖਾਬੜਾ ਆਪਣੇ ਮੁੰਡੇ ਦੇ ਵਿਆਹ ਤੋਂ ਪਿਛੋਂ ਦੱਸੇ, "ਯਾਰ! ਦੇਬੀ ਹੁਣ ਉਹ ਨੀਂ ਰਿਹਾ। ਵਿਆਹ 'ਤੇ ਸੱਦਿਆ, ਆਪਣੇ ਸੈਕਟਰੀ ਰਾਹੀਂ ਪੈਸੇ ਲੈ ਕੇ ਚੜ੍ਹਿਆ...ਅਸੀਂ ਵੀ ਫਿਰ ਉਪਰ ਘੱਟ ਹੀ ਸੁੱਟੇ।" ਦਿੱਤੇ ਅਸਲ ਵਿਚ ਉਸ ਨੇ ਸਾਊਂਡ ਤੇ ਸਾਜ਼ਿੰਦਿਆਂ ਜੋਗੇ ਹੀ ਸਨ। ਜਾਣਨ ਵਾਲਿਆਂ ਨੂੰ ਪਤੈ, ਕਿ ਉਹ ਵਪਾਰਕ ਨਹੀਂ ਹੈ।

ਸਾਖਰਤਾ ਮੁਹਿੰਮ ਦੌਰਾਨ ਮੈਂ ਹੁਸ਼ਿਆਰਪੁਰ ਕੋ-ਆਰਡੀਨੇਟਰ ਸਾਂ। ਅਧਿਆਪਕਾਂ ਦੀ ਮੀਟਿੰਗ ਤੋਂ ਬਾਅਦ ਗੀਤ-ਸੰਗੀਤ ਦੀ ਗੱਲ ਚੱਲ ਪਈ। ਮੈਥੋਂ ਫਰਲੋਅ ਲੈਣ ਦੇ ਚੱਕਰ ਵਿਚ ਸਿਆਣੀ ਜਿਹੀ ਅਧਿਆਪਕਾ ਬੀਬੀ ਕਹਿਣ ਲੱਗੀ, "ਥੋਡੇ ਸਹੁਰੇ ਮਖਸੂਸਪੁਰ ਹਨ?"

"ਹਾਂ ਜੀ।"

"ਮੈਂ ਉਥੇ ਪੜ੍ਹਾਉਂਦੀ ਰਹੀ ਹਾਂ। ਪ੍ਰਾਇਮਰੀ ਵਿਚ ਦੇਬੀ ਮੇਰਾ ਸਟੂਡੈਂਟ ਸੀ। ਫੱਟੀ ਬੜੀ ਖੁਸ਼ਖ਼ਤ ਲਿਖਦਾ ਸੀ। ਬੜੀ ਸੁੰਦਰ ਲਿਖਾਈ ਸੀ।"

"ਨਹੀਂ ਮੈਡਮ, ਮੇਰੇ ਕੋਲ ਦੇਬੀ ਦੀਆਂ ਕਈ ਚਿੱਠੀਆਂ ਪਈਆਂ ਹਨ... ਉਹਦੀ ਤਾਂ ਲਿਖਾਈ... ਕੁਛ ਵੀ ਨੀਂ ਸੀ।"

"ਅੱਛਾ! ਤਾਂ ਫਿਰ ਉਹ ਕੋਈ ਹੋਰ ਹੋਣੈ।"

ਅਸਲ ਵਿਚ ਜਦੋਂ ਮਨੁੱਖ ਤਰੱਕੀ ਕਰਦਾ ਅਤੇ ਨਾਂ ਕੱਢਦੈ, ਤਾਂ ਉਸ ਉਤੇ ਦਾਅਵੇਦਾਰ ਬਹੁਤੇ ਹੋ ਜਾਂਦੇ ਹਨ, ਦੂਰ ਦੀਆਂ ਰਿਸ਼ਤੇਦਾਰੀਆਂ ਵੀ ਨੇੜੇ ਆ ਜਾਂਦੀਆਂ।

ਮੈਂ ਦਰਜਨਾਂ ਗਾਇਕਾਂ ਦੇ ਨਾਂ ਦੱਸ ਸਕਦਾਂ ਜਿਹੜੇ ਜਦ ਵੀ ਮਿਲਣਗੇ, ਮੈਨੂੰ ਇਕੋ ਵੰਗਾਰ ਪਾਉਣਗੇ, "ਅਸ਼ੋਕ, ਜਾਂ ਤਾਂ ਦੇਬੀ ਤੋਂ ਉਂ ਗੀਤ ਲੈ ਦੇ, ਜਾਂ ਫਿਰ ਪੁੱਛ ਲੈ, ਇਕ ਗੀਤ ਦੇ ਕਿੰਨੇ ਪੈਸੇ ਮੰਗਦਾ?"

ਚਲੋ! ਇਹ ਪੇਸ਼ਕਸ਼ਾਂ ਹੁੰਦੀਆਂ ਨੇ, ਉਂ ਮੈਂ ਨਹੀਂ ਮੰਨਦਾ ਕਿ ਦੇਬੀ ਨੇ ਪੈਸਾ ਲੈ ਕੇ ਕੋਈ ਗੀਤ ਕਿਸੇ ਗਾਇਕ ਨੂੰ ਦਿੱਤਾ ਹੋਵੇਗਾ।

ਉਲਾਂਭਿਆਂ ਭਰੇ ਗਾਇਕੀ ਦੇ ਘੜਮੱਸ ਵਿਚੋਂ ਸੁਰਜੀਤ ਪਾਤਰ ਵਰਗੇ ਪਦਮਸ੍ਰੀ ਸ਼ਾਇਰ ਦਾ ਦੇਬੀ ਨੂੰ ਸ਼ਾਗਿਰਦ ਵਜੋਂ ਸਵੀਕਾਰਨਾ ਆਪਣੇ ਆਪ ਵਿਚ ਮੂੰਹੋਂ ਬੋਲਣ ਵਾਲੀ ਘਟਨਾ ਹੈ।

ਇਸ ਗੱਲ ਨੂੰ ਮੇਰੇ ਨਾਲ ਤੁਸੀਂ ਵੀ ਮੰਨੋਗੇ ਕਿ ਦੇਬੀ ਦੀ ਗੀਤਕਾਰੀ, ਸ਼ਾਇਰੀ ਦੇ ਹਰ ਸ਼ਬਦ ਪ੍ਰਤੀ ਮੋਹ ਆਪਣੇ ਆਪ ਕੁੱਝਾ ਇਸ ਕਰ ਕੇ ਹੋ ਜਾਂਦਾ ਹੈ ਕਿਉਂਕਿ ਸਰਲ ਭਾਸ਼ਾ ਵਿਚ ਬਿਨਾਂ ਕੁੰਡਾ ਖੜਕਾਇਆਂ ਕਿਸੇ ਦੇ ਅੰਦਰ ਚਲੇ ਜਾਣ ਦਾ ਹੁਨਰ ਸਿਰਫ਼ ਵਰਤਮਾਨ ਗੀਤਕਾਰੀ ਦੇ ਯੁੱਗ ਵਿਚ ਦੇਬੀ ਕੋਲ ਹੈ। ਪਾਤਰ ਨੂੰ ਹਾਲ ਹੀ ਵਿਚ ਮੈਂ ਸਹਿਜ ਸੁਭਾਅ ਪੁੱਛਿਆ ਕਿ ਜੇ ਤੁਸੀਂ ਦੇਬੀ ਦੇ ਕਿਸੇ ਗੀਤ ਦੀ ਇਕਦਮ ਗੱਲ ਕਰਨੀ ਹੋਵੇ, ਜੋ ਤੁਹਾਨੂੰ ਸਭ ਤੋਂ ਚੰਗਾ ਲਗਦਾ ਹੋਵੇ, ਤਾਂ ਉਤਰ ਦੇਖੋ:

ਰਸਤੇ ਵੀ ਸਭ ਪਹਿਲਾਂ ਵਾਲੇ
ਪਰ ਹੁਣ ਮੱਲਦਾ ਹੋਰ ਕੋਈ
ਨਖਰੇ ਵੀ ਸਭ ਪਹਿਲਾਂ ਵਾਲੇ
ਪਰ ਹੁਣ ਝੱਲਦਾ ਹੋਰ ਕੋਈ
ਸਾਡੀ ਗਲਤੀ ਗੱਲ ਪਹਿਲਾਂ
ਟੁਣਕਾ ਕੇ ਕਾਹਤੋਂ ਕੀਤੀ ਨਾ
ਕੱਚਾ ਭਾਂਡਾ ਹਰ ਕੋਈ ਪਹਿਲਾਂ
ਠੋਰ ਵੇਖਦਾ ਏ...
ਸੱਜਣਾਂ ਦੀ ਫੁਲਕਾਰੀ ਦੇ
ਸ਼ੀਸ਼ੇ ਤਾਂ ਪਹਿਲਾਂ ਵਾਲੇ ਨੇ
ਇਨ੍ਹਾਂ ਸ਼ੀਸ਼ਿਆਂ ਵਿਚ ਹੁਣ ਮੂੰਹ
ਕੋਈ ਹੋਰ ਵੇਖਦਾ ਏ...।

ਦੇਬੀ ਦੀ ਸਮੁੱਚੀ ਸ਼ਾਇਰੀ ਵਿਚ ਕਿਤੇ ਵੀ ਪ੍ਰਸ਼ਨ ਚਿੰਨ੍ਹ, ਇਤਰਾਜ਼ ਲਗਾਇਆ ਨਹੀਂ ਜਾ

(ਬਾਕੀ ਸਫ਼ਾ 25 ਉਤੇ)

## ਗੱਲ ਬਣੀ ਕਿ ਨਹੀਂ


-ਐਸ. ਅਸ਼ੋਕ ਭੌਰਾ

### ਸੁੱਚਾ ਤੇ ਘੁੱਕਰ

ਵਿਲਕੇ ਹੁਣ ਬਲਬੀਰੋ ਭਾਬੀ, ਗੱਲ ਨੀਂ ਸੁਣਦਾ ਸੁੱਚਾ।
ਭੂਤਰਿਆ ਏ ਹਰ ਮੋੜ 'ਤੇ, ਤਾਹੀਂ ਘੁੱਕਰ ਲੁੱਚਾ।
ਕੱਠੇ ਰਹਿੰਦੇ ਸਾਧ ਚੋਰ, ਸਭ ਪਾਲਣ ਸ਼ੌਕ ਅਵੱਲੇ,
ਸੰਤ ਸਿਹੁੰ ਨਜ਼ਰਾਂ 'ਚੋਂ ਡਿਗ ਕੇ, ਫਿਰ ਵੀ ਬੰਦਾ ਉਚਾ।
ਘੁੱਗੀਆਂ ਚਿੜ੍ਹੀਆਂ ਸਾਹ ਨਾ ਲੈਣ, ਹਲਕੇ ਕਉਏ ਆਣ ਖੜੇ।
ਬੇਖੌਫ਼ ਤਾਂ ਹੋ ਕੇ ਦੱਸੋ, ਕਿੰਜ ਕੂੰਜਾਂ ਦੀ ਡਾਰ ਚੜ੍ਹੇ।
ਰੱਖੜੀ ਬੰਨ੍ਹ ਕੇ ਭੈਣ ਹਾਲੇ ਤਾਂ, ਪਿੰਡ ਦੀਆਂ ਜੂਹਾਂ ਲੰਘੀ ਸੀ।
ਉਸੇ ਭਾਈ ਨੇ ਭੋਇੰ ਖਾਤਰ, ਸਿਰ ਤੋਂ ਕਰ'ਤੀ ਨੰਗੀ ਸੀ।
ਕਿਹੜੇ ਰਿਸ਼ਤੇ ਕਿਹੜੀਆਂ ਕਦਰਾਂ, ਦੱਸੋ ਨਿੱਤ ਸਮਾਜ ਭਲਾ।
ਬੀਬੇ ਤੇ ਬਦਮਾਸ਼ ਵਿਚਾਲੇ, ਰਹਿ ਗਿਆ ਕਿਹੜਾ ਰਾਜ ਭਲਾ।
ਰੋ ਰੋ ਮਾਪੇ ਦੀਦੇ ਗਾਲਣ, ਚੰਦ ਚੜ੍ਹਾਉਂਦੇ ਚੰਦ ਨਵੇਂ।
ਬੁੱਢੇ ਕਾਰੀਗਰ ਨੂੰ ਝੱਲਣੋਂ ਹਟ ਗਏ ਨੇ ਹੁਣ ਸੰਦ ਨਵੇਂ।
ਲਾਣੇਦਾਰ ਬੇਈਮਾਨ, ਤਾਂ ਕੁੱਲ ਦਾ ਬੇੜਾ ਕਿਥੋਂ ਤਰ ਜਾਊਗਾ?
ਆਪਣੇ ਲਈ ਨੀਂ ਜਿਉਂਦਾ ਜਿਹੜਾ, ਦੂਜਿਆਂ ਲਈ ਕੀ ਮਰ ਜਾਊਗਾ?
ਕਿੱਕਰਾਂ ਵਰਗੀ ਜਿੰਦ ਨਿਮਾਣੀ, ਖਾ ਲਈ 'ਭੌਰੇ' ਰੋਹੀਆਂ ਨੇ।
ਉਚੀ ਉਚੀ ਮਾਂਵਾਂ-ਧੀਆਂ, ਹੁਣ ਗਲ ਲੱਗ ਕੇ ਰੋਈਆਂ ਨੇ।

ਗੁਰਮਤਿ ਗਿਆਨ

# ਸਚਾ ਅਰਜੁ ਸਚੀ ਅਰਦਾਸਿ-2



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਅਸੀਂ ਸਿੱਖ ਧਰਮ ਚਿੰਤਨ ਵਿਚ ਅਰਦਾਸ ਦੇ ਸੰਕਲਪ ਬਾਰੇ ਇਸ ਤੱਥ ਦਾ ਜ਼ਿਕਰ ਕਰ ਰਹੇ ਸੀ ਕਿ ਗੁਰੂ ਨਾਨਕ ਦੇਵ ਜੀ ਨੇ 'ਅਰਦਾਸ' ਨੂੰ ਹੁਕਮ ਨਾਲ ਜੋੜਿਆ ਹੈ ਅਤੇ ਗੁਰਬਾਣੀ ਅਨੁਸਾਰ 'ਹੁਕਮ' ਨੂੰ ਬੁੱਝ ਕੇ ਹੀ 'ਹੁਕਮੀ' ਤੱਕ ਪਹੁੰਚਿਆ ਜਾ ਸਕਦਾ ਹੈ; ਗੁਰੂ ਨਾਨਕ ਸਾਹਿਬ ਨੇ ਸ਼ਬਦ, ਸੱਚ ਅਤੇ ਹੁਕਮਿ ਦਾ ਸੁਮੇਲ ਅਰਦਾਸ ਵਿਚ ਕੀਤਾ ਹੈ।

ਗੁਰੂ ਨਾਨਕ ਸਾਹਿਬ ਅੱਗੇ ਦੱਸ ਰਹੇ ਹਨ ਕਿ ਅਰਦਾਸ ਦਾ ਵਾਹਿਗੁਰੂ ਦੇ ਹਜ਼ੂਰ ਮਨਜ਼ੂਰ ਹੋਣਾ ਵਾਹਿਗੁਰੂ ਦੀ ਨਦਰਿ 'ਤੇ ਨਿਰਭਰ ਕਰਦਾ ਹੈ। ਜਿਸ 'ਤੇ ਵਾਹਿਗੁਰੂ ਦੀ ਮਿਹਰ ਹੁੰਦੀ ਹੈ, ਉਸ ਦੀ ਅਰਦਾਸ ਸੁਣੀ ਜਾਂਦੀ ਹੈ ਅਤੇ ਉਸ ਜੀਵ ਨੂੰ ਅਕਾਲ ਪੁਰਖ ਦੇ ਸੱਚੇ ਦਰਬਾਰ ਵਿਚ ਆਦਰਯੋਗ ਸਥਾਨ ਪ੍ਰਾਪਤ ਹੁੰਦਾ ਹੈ, ਉਸ ਪਰਵਰਦਗਾਰ ਦੇ ਚਰਨਾਂ ਵਿਚ ਥਾਂ ਮਿਲਦੀ ਹੈ। ਗੁਰੂ ਸਾਹਿਬ ਗੁਰਮੁਖਿ ਦਾ ਰਸਤਾ, ਗੁਰੂ ਦੇ ਸਨਮੁਖ ਹੋ ਕੇ ਚੱਲਣ ਵਾਲੇ ਮਨੁੱਖ ਦੀ ਗੱਲ ਕਰ ਰਹੇ ਹਨ ਅਤੇ ਉਸੇ ਸੰਦਰਭ ਵਿਚ ਦੱਸ ਰਹੇ ਹਨ ਕਿ ਗੁਰੂ ਦੇ ਸਨਮੁਖ ਹੋ ਕੇ ਕੀਤੀ ਅਰਦਾਸ ਅਕਾਲ ਪੁਰਖ ਅੱਗੇ ਸੱਚੀ ਅਰਦਾਸ ਹੁੰਦੀ ਹੈ, ਜੋ ਉਸ ਵੱਲੋਂ ਸੁਣੀ ਵੀ ਜਾਂਦੀ ਹੈ ਅਤੇ ਅਕਾਲ ਪੁਰਖ ਅਜਿਹੇ ਜੀਵ 'ਤੇ ਆਪਣੀ ਮਿਹਰ ਕਰਦਾ ਹੈ ਅਤੇ ਆਦਰ-ਸਤਿਕਾਰ ਦਿੰਦਾ ਹੈ,

ਸਚਾ ਅਰਜੁ ਸਚੀ ਅਰਦਾਸਿ॥
ਮਹਲੀ ਖਸਮੁ ਸੁਣ ਸਾਬਾਸਿ॥
ਸਚੇ ਤਖਤਿ ਬੁਲਾਵੈ ਸੋਇ॥
ਦੇ ਵਡਿਆਈ ਕਰੇ ਸੁ ਹੋਇ॥
(ਪੰਨਾ 355)

ਨਦਰਿ ਦੇ ਨਾਲ ਹੀ ਅਰਦਾਸ ਦਾ ਦੂਸਰਾ ਪੱਖ ਇਸ ਦਾ ਇਲਹਾਮੀ ਹੋਣਾ ਜੁੜਿਆ ਹੋਇਆ ਹੈ। ਗੁਰੂ ਨਾਨਕ ਅਨੁਸਾਰ ਉਨ੍ਹਾਂ ਨੇ ਜੋ ਕੁਝ ਵੀ ਕਿਹਾ ਹੈ, ਉਹ ਅਕਾਲ ਪੁਰਖ ਦੇ ਹੁਕਮ ਵਿਚ ਕਿਹਾ ਹੈ। ਉਨ੍ਹਾਂ ਨੇ ਆਪਣੇ ਕੋਲੋਂ ਕੁਝ ਨਹੀਂ ਕਿਹਾ, ਉਹੀ ਕੁਝ ਕਿਹਾ ਹੈ ਜੋ ਅਕਾਲ ਪੁਰਖ ਨੇ ਉਨ੍ਹਾਂ ਕੋਲੋਂ ਕਹਿਣ ਲਈ ਹੁਕਮ ਕੀਤਾ ਹੈ। ਜਦੋਂ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਦੋਂ ਹੀ ਜੀਵ ਨੂੰ ਸਤਿ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਹ ਇਸ ਗਿਆਨ ਦਾ ਸੰਚਾਰ ਅੱਗੇ ਦੂਸਰਿਆਂ ਨੂੰ ਕਰਦਾ ਹੈ, ਦੂਸਰਿਆਂ ਅੰਦਰ ਇਸ ਗਿਆਨ ਨੂੰ ਵੰਡਦਾ ਹੈ। ਅਜਿਹੇ ਜੀਵ ਅੰਦਰ ਸੱਚਾ ਨਾਮ ਉਜਾਗਰ ਹੁੰਦਾ ਹੈ ਅਤੇ ਉਸ ਦੇ ਮਨ ਵਿਚੋਂ ਹਰ ਤਰ੍ਹਾਂ ਦੇ ਕਲੇਸ਼ ਖਤਮ ਹੋ ਜਾਂਦੇ ਹਨ। ਇਸ ਤਰ੍ਹਾਂ ਮਨ ਸਹਿਜ ਅਨੰਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਹ ਗਿਆਨ ਦੀ ਸਭ ਤੋਂ ਉਚੀ ਅਵਸਥਾ ਹੈ ਜਿਥੇ ਜਾ ਕੇ ਮਨੁੱਖ ਦਾ ਮਨ ਪਰਮਸਤਿ ਨਾਲ ਇਕਸੁਰ ਹੋ ਜਾਂਦਾ ਹੈ,

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥
ਅੰਮ੍ਰਿਤ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥
ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਇਆ॥
ਸੂਖੁ ਮਨ ਮਹਿ ਆਇ ਵਸਿਆ
ਜਾਸਿ ਤੈ ਫੁਰਮਾਇਆ॥
ਨਦਰਿ ਤੁਧੁ ਅਰਦਾਸਿ ਮੇਰੀ
ਜਿੰਨਿ ਆਪੁ ਉਪਾਇਆ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥
(ਪੰਨਾ 566)

ਗੁਰੂ ਨਾਨਕ ਨੇ ਅਕਾਲ ਪੁਰਖ ਨੂੰ ਧਿਆਉਣ ਦਾ, ਉਸ ਦੇ ਨਾਮ ਸਿਮਰਨ ਦਾ, ਉਸ ਅੱਗੇ ਅਰਦਾਸ ਕਰਨ ਦਾ ਸੰਗਤੀ ਮਾਡਲ ਦਿੱਤਾ ਹੈ। ਭਾਵ ਸਿੱਖ ਧਰਮ ਏਕਾਂਤਕ ਧਰਮ ਨਹੀਂ ਹੈ। ਇਸ ਮਾਡਲ ਅਨੁਸਾਰ ਮਨੁੱਖ ਨੇ ਸੰਗਤ ਵਿਚ ਜਾ ਕੇ ਨਾਮ ਦਾ ਸਿਮਰਨ ਕਰਨਾ ਹੈ, ਉਸ ਅਕਾਲ ਪੁਰਖ ਨੂੰ ਧਿਆਉਣਾ ਹੈ ਅਤੇ ਉਸ ਅੱਗੇ ਇਕੱਠਿਆਂ ਹੋ ਕੇ ਅਰਦਾਸ ਕਰਨੀ ਹੈ। ਸਿੱਖ ਧਰਮ ਚਿੰਤਨ ਵਿਚ ਸਿਮਰਨ ਅਤੇ ਅਰਦਾਸ ਦੇ ਸਮੂਹਕ ਪੱਖ ਨੂੰ ਬਹੁਤ ਹੀ ਅਹਿਮ ਸਥਾਨ ਪ੍ਰਾਪਤ ਹੈ, ਜਿਥੇ ਮਨੁੱਖ ਵਾਹਿਗੁਰੂ ਨਾਲ ਮੇਲ ਲਈ, ਉਸ ਦੀ ਨਦਰਿ ਦੀ ਪ੍ਰਾਪਤੀ ਲਈ ਮਿਲ ਬੈਠ ਕੇ ਘਾਲ ਘਾਲਦੇ ਹਨ, ਇਕੱਠੇ ਹੋ ਕੇ ਸੰਗਤ ਰੂਪ 'ਚ ਉਸ ਨੂੰ ਯਾਦ ਕਰਦੇ ਹਨ। ਇਸੇ ਲਈ ਸਿੱਖ ਧਰਮ ਚਿੰਤਨ 'ਚ ਅਰਦਾਸ ਵਿਚ ਸਾਧ ਜਨਾਂ ਦੀ ਸੰਗਤ ਲਈ ਅਕਾਲ ਪੁਰਖ ਅੱਗੇ ਜੋਦੜੀ ਕੀਤੀ ਹੈ ਅਤੇ ਅਰਦਾਸ ਸਮੂਹਕ ਰੂਪ ਵਿਚ ਕੀਤੀ ਜਾਂਦੀ ਹੈ,

ਹਰਿ ਜੀਉ ਆਗੈ ਕੀ ਅਰਦਾਸਿ॥
ਸਾਧੂ ਜਨ ਸੰਗਤਿ ਹੋਇ ਨਿਵਾਸੁ॥
ਕਿਲਵਿਖ ਦੁਖ ਕਾਟੇ ਹਰਿਨਾਮੁ ਪ੍ਰਗਾਸੁ॥
(ਪੰਨਾ 415)

ਗੁਰੂ ਨਾਨਕ ਸਾਹਿਬ ਦੇ ਅਰਦਾਸ ਦੇ ਦਿੱਤੇ ਇਸ ਸੰਕਲਪ ਦੀ ਪ੍ਰੋੜਤਾ ਉਨ੍ਹਾਂ ਦੇ ਜਾਂਨਸ਼ੀਨ ਗੁਰੂ ਸਾਹਿਬਾਨ ਵੱਲੋਂ ਵੀ ਕੀਤੀ ਗਈ ਹੈ। ਗੁਰੂ ਅਮਰਦਾਸ ਤੀਸਰੀ ਨਾਨਕ ਜੋਤਿ ਇਸ ਤੱਥ ਦੀ ਪ੍ਰੋੜਤਾ ਕਰਦੇ ਹਨ ਕਿ ਇਸ ਦੁਨੀਆਂ ਵਿਚ ਬੁਰਾਈ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਕਾਰਨ ਹੀ ਪੈਦਾ ਹੁੰਦੀ ਹੈ ਤੇ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਅਕਾਲ ਪੁਰਖ ਦੀ ਸ਼ਰਨ ਪਿਆਂ ਮਿਲਦਾ ਹੈ। ਅਕਾਲ ਪੁਰਖ ਦੇ ਘਰ ਦਾ ਰਸਤਾ ਮਨੁੱਖ ਨੂੰ ਗੁਰੂ ਪਾਸੋਂ ਪਤਾ ਲਗਦਾ ਹੈ। ਇਸ ਲਈ ਗੁਰੂ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਰਸਤਾ ਦਿਖਾਵੇ। ਗੁਰੂ ਅਮਰਦਾਸ ਅਨੁਸਾਰ ਇਸ ਸੰਸਾਰ ਨੂੰ ਵਿਕਾਰਾਂ ਦੀ ਅੱਗ ਵਿਚ ਸੜ ਰਿਹਾ ਦੇਖ ਕੇ ਜਿਹੜੇ ਮਨੁੱਖ ਦੌੜ ਕੇ ਅਕਾਲ ਪੁਰਖ ਦੇ ਓਟ-ਆਸਰੇ ਵਿਚ ਚਲੇ ਜਾਂਦੇ ਹਨ, ਉਹ ਇਸ ਅੱਗ ਵਿਚ ਸੜਨ ਤੋਂ ਬਚ ਜਾਂਦੇ ਹਨ। ਵਿਕਾਰਾਂ ਦੀ ਅੱਗ ਤੋਂ ਬਚਣ ਦਾ ਰਸਤਾ ਗੁਰੂ ਤੋਂ ਪਤਾ ਲਗਦਾ ਹੈ ਕਿਉਂਕਿ ਗਿਆਨ ਰਾਹੀਂ ਇਸ ਅੱਗ ਤੋਂ ਬਚ ਸਕੀਦਾ ਹੈ ਅਤੇ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਸ ਲਈ ਗਿਆਨ ਦੀ ਬਖਸ਼ਿਸ਼ ਲਈ ਗੁਰੂ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਪਰਮਾਤਮਾ ਦੇ ਨਾਮ ਦਾ ਗਿਆਨ ਬਖਸ਼ਿਸ਼ ਕਰੇ ਜੋ ਮਨੁੱਖ ਨੂੰ ਵਿਕਾਰਾਂ ਤੋਂ ਬਚਾਉਂਦਾ ਹੈ। ਇਹ ਦਾਤ ਸਿਰਫ ਗੁਰੂ ਕੋਲੋਂ ਹੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਰਾਹੀਂ ਮਨੁੱਖ ਅਕਾਲ ਪੁਰਖ ਦੀ ਸੇਵਾ ਅਤੇ ਭਗਤੀ ਵਿਚ ਆਉਂਦਾ ਹੈ। ਸੇਵਾ ਅਤੇ ਭਗਤੀ ਰਾਹੀਂ ਅਕਾਲ ਪੁਰਖ ਦੀ ਬਖਸ਼ਿਸ਼ ਪ੍ਰਾਪਤ ਕਰ ਸਕੀਦੀ ਹੈ ਅਤੇ ਅਕਾਲ ਪੁਰਖ ਦੀ ਬਖਸ਼ਿਸ਼ ਰਾਹੀਂ ਗੁਰੂ ਦਾ ਸ਼ਬਦ ਸਮਝਣ ਦੀ ਦਾਤਿ ਪ੍ਰਾਪਤ ਹੁੰਦੀ ਹੈ,

ਇਹੁ ਜਗੁ ਜਲਤਾ ਦੇਖਿ ਕੈ
ਭਜਿ ਪਏ ਹਰਿ ਸਰਣਾਈ ਰਾਮ॥
ਅਰਦਾਸਿ ਕਰੀ ਗੁਰ ਪੂਰੇ ਆਗੈ
ਰਖਿ ਲੇਵਹੁ ਦੇਹੁ ਵਡਾਈ ਰਾਮ॥
ਰਖਿ ਲੇਵਹੁ ਸਰਣਾਈ ਹਰਿਨਾਮੁ ਵਡਾਈ
ਤੁਧੁ ਜੇਵਡੁ ਅਵਰੁ ਨ ਦਾਤਾ॥
ਸੇਵਾ ਲਾਗੇ ਸੇ ਵਡਭਾਗੇ
ਜੁਗਿ ਜੁਗਿ ਏਕੋ ਜਾਤਾ॥
ਜਤੁ ਸਤੁ ਸੰਜਮੁ ਕਰਮ ਕਮਾਵੈ
ਬਿਨੁ ਗੁਰ ਗਤਿ ਨਹੀ ਪਾਈ॥
ਨਾਨਕ ਤਿਸ ਨੋ ਸਬਦੁ ਬੁਝਾਏ
ਜੋ ਜਾਇ ਪਵੈ ਹਰਿ ਸਰਣਾਈ॥3॥
(ਪੰਨਾ 571)

ਗੁਰੂ ਅਰਜਨ ਦੇਵ ਇਸੇ ਸਿਧਾਂਤ ਨੂੰ ਦ੍ਰਿੜ ਕਰਵਾਉਂਦਿਆਂ ਬਿਆਨ ਕਰਦੇ ਹਨ ਕਿ ਅਕਾਲ ਪੁਰਖ ਮਿਹਰਾਂ ਦਾ ਪੁੰਜ ਹੈ, ਦਇਆਵਾਨ ਹੈ ਅਤੇ ਹਰ ਇੱਕ 'ਤੇ ਦਇਆਲ ਹੁੰਦਾ ਹੈ। ਉਹ ਆਪਣੇ ਭਗਤਾਂ ਦੀ ਅਰਦਾਸ ਸਦਾ ਹੀ ਸੁਣਦਾ ਹੈ। ਉਹ ਇਸ ਸੰਸਾਰ ਰਚਨਾ ਦਾ ਮੂਲ ਹੈ, ਕਾਰਨ ਹੈ ਅਤੇ ਸਾਰੀਆਂ ਤਾਕਤਾਂ ਦਾ ਮਾਲਕ ਹੈ। ਉਸ ਦਾ ਨਾਮ ਸਿਮਰਨ ਕੀਤਿਆਂ ਦੁੱਖ-ਦਲਿੱਦਰ ਦੂਰ ਹੋ ਜਾਂਦੇ ਹਨ। ਉਸ ਨੇ ਸਦਾ ਹੀ ਆਪਣੇ ਸੇਵਕਾਂ ਦੀ ਅਰਦਾਸ ਸੁਣੀ ਹੈ ਅਤੇ ਉਸ ਦੀ ਮਿਹਰ ਸਦਕਾ ਸਾਰੀ ਲੁਕਾਈ ਸੁਖੀ ਵਸਦੀ ਹੈ,

ਮੇਰਾ ਪ੍ਰਭੁ ਹੋਆ ਸਦਾ ਦਇਆਲਾ॥
ਅਰਦਾਸਿ ਸੁਣੀ ਭਗਤਿ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ॥ਰਹਾਉ॥
(ਪੰਨਾ 627)

ਅਰਦਾਸ ਪੂਰਨ ਸਮਰਪਣ ਹੈ, ਜਿਸ ਭਾਵਨਾ ਨੂੰ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ 'ਸੁਖਮਨੀ' ਵਿਚ ਦ੍ਰਿੜ ਕਰਵਾਇਆ ਹੈ। ਜਿਵੇਂ ਉਪਰ ਦੱਸਿਆ ਹੈ ਕਿ ਸਭ ਦਾ ਮਾਲਕ ਉਹ ਅਕਾਲ ਪੁਰਖ ਹੈ ਜੋ ਸੰਸਾਰ ਦਾ ਕਾਰਨ ਅਤੇ ਕਰਤਾ ਪੁਰਖ ਵੀ ਹੈ। ਇਸ ਲਈ ਅਰਦਾਸ ਵੀ ਉਸ ਇੱਕ ਅੱਗੇ ਹੀ ਕੀਤੀ ਜਾਂਦੀ ਹੈ। ਜੀਵ ਦੇ ਪ੍ਰਾਣ ਅਤੇ ਸਰੀਰ ਉਸ ਦੀ ਬਖਸ਼ਿਸ਼ ਹਨ ਅਤੇ ਉਸ ਦੀ ਨਦਰਿ ਦੀ ਪ੍ਰਾਪਤੀ ਹੀ ਅਸਲੀ ਆਤਮਕ ਸੁਖ ਦੀ ਪ੍ਰਾਪਤੀ ਹੈ। ਸਿੱਖ ਧਰਮ ਦਾ ਇਹ ਸਿਧਾਂਤ ਇਥੇ ਪਰਪੱਕ ਕੀਤਾ ਹੈ ਕਿ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਦੀ ਸੰਤਾਨ ਹਨ। ਇਸ ਲਈ ਉਸ ਦੀ ਨਜ਼ਰ ਵਿਚ ਸਾਰੇ ਬਰਾਬਰ ਹਨ। ਹੁਕਮ ਦਾ ਸਿਧਾਂਤ ਵੀ ਇਥੇ ਦ੍ਰਿੜ ਕੀਤਾ ਹੈ ਕਿ ਸਾਰੀ ਸ੍ਰਿਸ਼ਟੀ ਨੂੰ ਉਸ ਅਕਾਲ ਪੁਰਖ ਨੇ ਆਪਣੇ ਹੁਕਮ ਅਨੁਸਾਰ ਕਾਰਨ ਅਤੇ ਕਾਰਜ ਦੇ ਸੂਤਰ 'ਚ ਬੰਨ੍ਹ ਕੇ ਰੱਖਿਆ ਹੈ। ਸਭ ਕੁਝ ਇੱਕ ਪ੍ਰਬੰਧ ਅਨੁਸਾਰ ਵਾਪਰ ਰਿਹਾ ਹੈ। ਗੁਰੂ ਅਰਜਨ ਦੇਵ ਅਨੁਸਾਰ ਅਰਦਾਸ ਜੀਵ ਦੀ ਉਸ ਪਰਵਰਦਗਾਰ 'ਚ ਪੂਰਨ ਲਿਵਲੀਨਤਾ ਹੈ, ਉਸ ਤੋਂ ਸਦਕੇ ਜਾਣਾ ਹੈ,

ਤੂ ਠਾਕੁਰ ਤੁਮ ਪਹਿ ਅਰਦਾਸਿ॥
ਜੀਉ ਪਿੰਡ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਿ ਸੂਖ ਘਨੇਰੇ॥...

ਪਹਿਲਾਂ ਵੀ ਇਸ ਵਿਸ਼ੇ 'ਤੇ ਚਰਚਾ ਹੋ ਚੁੱਕੀ ਹੈ ਕਿ ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਜਿਸ ਕਿਸਮ ਦੇ ਇਸ਼ਟ ਨੂੰ ਧਿਆਉਂਦਾ ਹੈ, ਅਰਾਧਨਾ ਕਰਦਾ ਹੈ, ਜਿਹੋ ਜਿਹਾ ਉਸ ਦਾ ਆਦਰਸ਼ ਹੁੰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤਿਤਵ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਵਿਚ ਅਕਾਲ ਪੁਰਖ ਦੇ ਗੁਣ ਦਸਦਿਆਂ ਉਸ ਨੂੰ ਇੱਕੋ ਇੱਕ ਸਦੀਵੀ ਹਸਤੀ ਮੰਨਿਆ ਗਿਆ ਹੈ ਜੋ ਬ੍ਰਹਿਮੰਡ ਦਾ ਕਰਤਾ ਪੁਰਖ ਹੈ, ਇਸ ਨੂੰ ਰਚਣ ਵਾਲਾ ਹੈ, ਉਹ ਨਿਰਭਉ ਅਤੇ ਨਿਰਵੈਰ ਹੈ। ਉਹ ਸਮੇਂ ਵਿਚ ਨਹੀਂ ਆਉਂਦਾ ਭਾਵ ਅਕਾਲ ਹੈ ਪਰ ਇਹ ਸਾਰਾ ਸੰਸਾਰ ਉਸ ਦਾ ਪ੍ਰਗਟ ਰੂਪ ਹੈ। ਉਹ ਜਨਮ ਮਰਨ ਵਿਚ ਵੀ ਨਹੀਂ ਆਉਂਦਾ ਅਤੇ ਉਸ ਦੀ ਹੋਂਦ ਆਪਣੇ ਆਪ ਤੋਂ ਹੈ। ਉਸ ਨੂੰ ਗੁਰੂ ਦੀ ਮਿਹਰ ਸਦਕਾ ਪਾ ਸਕੀਦਾ ਹੈ ਭਾਵ ਉਸ ਨੂੰ ਪਾਉਣ ਦਾ ਰਸਤਾ ਗੁਰੂ ਪਾਸੋਂ ਪਤਾ ਲਗਦਾ ਹੈ। ਸਿੱਖ ਚਿੰਤਨ ਅਨੁਸਾਰ ਮਨੁੱਖ ਜਦੋਂ ਗਿਆਨ ਦੇ ਰਸਤੇ 'ਤੇ ਚਲਦਾ ਹੋਇਆ ਗਿਆਨ ਦੀਆਂ ਬੁਲੰਦੀਆਂ ਨੂੰ ਪਾਰ ਕਰਦਾ ਹੋਇਆ ਸਿਖਰ 'ਤੇ ਪਹੁੰਚਦਾ ਹੈ ਜਿਸ ਨੂੰ ਜਪੁਜੀ ਵਿਚ 'ਸਚਿ ਖੰਡਿ' ਕਿਹਾ ਹੈ ਤਾਂ ਉਸ ਨੂੰ ਪਰਮਸਤਿ ਦਾ ਅਨੁਭਵ ਹੁੰਦਾ ਹੈ। ਇਥੇ ਪਹੁੰਚ ਕੇ ਉਸ ਦੀ ਇੱਛਾ ਦੈਵੀ ਇੱਛਾ ਅਰਥਾਤ ਹੁਕਮ ਵਿਚ ਵਿਲੀਨ ਹੋ ਜਾਂਦੀ ਹੈ ਅਤੇ ਉਹ ਹੁਕਮ ਅਨੁਸਾਰ ਕਰਮ ਕਰਦਾ ਹੈ। ਇਹ ਹੀ ਸਿੱਖ ਦਾ ਰਹਿਤ ਪੱਖ ਹੈ ਜਿੱਥੇ ਰੱਬੀ ਹੁਕਮ ਮਨੁੱਖ ਦੇ ਕੀਤੇ ਕਰਮਾਂ ਵਿਚ ਪ੍ਰਗਟ ਹੁੰਦਾ ਹੈ। ਇਸ ਅਵਸਥਾ ਨੂੰ ਪਹੁੰਚਿਆ ਹੋਇਆ ਮਨੁੱਖ ਹੀ 'ਗੁਰਮੁਖ' ਜਾਂ 'ਸਚਿਆਰ' ਕਿਹਾ ਜਾਂਦਾ ਹੈ ਜੋ ਸਤਿਨਾਮ ਦਾ ਧਾਰਨੀ, ਨਿਰਭਉ ਅਤੇ ਨਿਰਵੈਰ ਹੋ ਕੇ ਜੀਵਨ ਵਿਚ ਵਿਚਰਦਾ ਹੈ। ਉਹ ਸੰਸਾਰਕ ਜਿੰਮੇਵਾਰੀਆਂ ਤੋਂ ਭਗੌੜਾ ਨਹੀਂ ਹੁੰਦਾ ਬਲਕਿ ਇਸ ਸੰਸਾਰ ਨੂੰ ਸਤਿ ਦੇ ਅਨੁਭਵ ਲਈ ਰਹਿਣ ਯੋਗ ਬਣਾਉਣ ਲਈ ਉਪਰਾਲਾ ਕਰਦਾ ਹੈ, ਜੂਝਦਾ ਹੈ।

ਸਿੱਖ ਧਰਮ ਦੀ ਰਹਿਤ ਮਰਿਆਦਾ ਵਿਚ 'ਅਰਦਾਸ' ਦਾ ਜੋ ਸਰੂਪ ਦਰਸਾਇਆ ਗਿਆ ਹੈ ਉਸ ਵਿਚੋਂ ਅਰਦਾਸ ਦਾ ਉਪਰ ਦਸਿਆ ਚਿੰਤਨਾਤਮਕ ਆਧਾਰ ਪੂਰੀ ਤਰ੍ਹਾਂ ਪ੍ਰਗਟ ਹੁੰਦਾ ਹੈ। ਅਰਦਾਸ ਵਿਚ ਸਭ ਤੋਂ ਪਹਿਲਾਂ ਉਸ ਇੱਕ ਅਕਾਲ ਪੁਰਖ ਨੂੰ ਧਿਆਇਆ ਗਿਆ ਹੈ ਅਤੇ ਫਿਰ ਦਸਾਂ ਗੁਰੂਆਂ ਨੂੰ ਸਿਮਰਿਆ ਗਿਆ ਹੈ ਅਤੇ ਦਸਾਂ ਗੁਰੂਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਕੀਤਾ ਗਿਆ ਹੈ। ਫਿਰ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਤੋਂ ਲੈ ਕੇ ਤਮਾਮ ਰੱਬੀ ਪਿਆਰਿਆਂ ਦਾ, ਜਿਨ੍ਹਾਂ ਨੇ ਨਾਮ ਦਾ ਸਿਮਰਨ ਕੀਤਾ, ਵੰਡ ਕੇ ਛਕਿਆ ਦੇਗ ਅਤੇ ਤੇਗ ਰਾਹੀਂ ਸੇਵਾ ਕੀਤੀ, ਉਨ੍ਹਾਂ ਤਮਾਮ ਸਿੰਘਾਂ, ਸਿੰਘਣੀਆਂ ਅਤੇ ਸਿੱਖ ਬੱਚਿਆਂ ਦਾ ਧਿਆਨ ਕੀਤਾ ਗਿਆ ਹੈ ਜਿਨ੍ਹਾਂ ਨੇ ਸਿੱਖੀ ਸਿਦਕ ਨੂੰ ਨਿਭਾਉਣ ਹਿੱਤ ਕੁਰਬਾਨੀਆਂ ਕੀਤੀਆਂ ਹਨ। ਫਿਰ ਸਿੱਖਾਂ ਦੇ ਪੰਜ ਤਖਤਾਂ, ਸਰਬਤ ਗੁਰਦੁਆਰਿਆਂ ਦਾ ਧਿਆਨ ਧਰਿਆ ਹੈ।

ਅਰਦਾਸ ਦਾ ਜੋ ਦਾਰਸ਼ਨਿਕ ਪੱਖ ਹੈ ਅਤੇ ਜਿਸ ਨੂੰ ਸਮਝਣ ਦੀ ਖਾਸ ਜ਼ਰੂਰਤ ਹੈ, ਉਹ ਇਹ ਹੈ ਕਿ ਅਰਦਾਸ 'ਸਰਬੱਤ' ਖਾਲਸਾ ਜੀ ਵੱਲੋਂ ਕੀਤੀ ਹੈ ਅਤੇ ਵਾਹਿਗੁਰੂ ਦਾ ਚਿੱਤ ਆਉਣਾ ਵੀ ਸਰੱਬਤ ਖਾਲਸੇ ਵਾਸਤੇ ਮੰਗਿਆ ਹੈ, ਰਛਿਆ ਰਿਆਇਤ ਵੀ ਸਰਬੱਤ ਖਾਲਸੇ ਲਈ ਹੈ ਭਾਵੇਂ ਉਹ ਕਿਤੇ ਵੀ ਬਿਰਾਜਮਾਨ ਹੈ। ਜਦੋਂ ਸਰਬੱਤ ਸਿੱਖਾਂ ਵਾਸਤੇ ਵਾਹਿਗੁਰੂ ਤੋਂ ਦਾਨ ਦੀ ਮੰਗ ਕੀਤੀ ਹੈ ਤਾਂ ਉਸ ਵਿਚੋਂ ਸਾਰਾ ਸਿਧਾਂਤ ਉਜਾਗਰ ਹੁੰਦਾ ਹੈ, ਜਿਸ ਅਨੁਸਾਰ ਸਿੱਖਾਂ ਲਈ ਇਰਾਦੇ ਦੀ ਪਰਪੱਕਤਾ, ਬਿਬੇਕ ਅਰਥਾਤ ਗਿਆਨ, ਵਾਹਿਗੁਰੂ ਵਿਚ ਭਰੋਸਾ, ਹੁਕਮ ਦਾ ਅਨੁਸਾਰੀ ਹੋ ਕੇ ਜੀਵਨ ਜਿਉਣ ਦਾ ਦਾਨ, ਸਿੱਖ ਅਸਥਾਨਾਂ ਦੇ ਦਰਸ਼ਨ ਇਸ਼ਨਾਨ ਅਤੇ ਧਰਮ ਦੀ ਜਿੱਤ (ਅਰਥਾਤ ਨਿਆਂ) ਦੀ ਜਿੱਤ ਦੀ ਕਾਮਨਾ ਕੀਤੀ ਹੈ। ਸਰਬ ਸਿੱਖਾਂ ਲਈ ਧੀਰਜ ਦੇ ਧਾਰਨੀ ਹੋਣ (ਮਨ ਨੀਵਾਂ) ਅਤੇ ਉਚਤਮ ਬੁੱਧੀ (ਮੱਤ ਉਚੀ) ਦੀ ਯਾਚਨਾ ਕੀਤੀ ਹੈ ਅਤੇ ਸਭ ਦਾ ਦੇਣਹਾਰ ਅਤੇ ਰਾਖਾ ਵਾਹਿਗੁਰੂ ਨੂੰ ਮੰਨਿਆ ਗਿਆ ਹੈ। ਹਲੀਮੀ (ਧੀਰਜ) ਅਤੇ ਉਚੀ ਮੱਤ ਇਹ ਸਿੱਖ ਦੇ ਉਚੇ ਚੱਲਣ ਨੂੰ ਦਰਸਾਉਂਦੇ ਹਨ। ਇਨ੍ਹਾਂ ਤੋਂ ਬਿਨਾ ਪਰਮਸਤਿ ਨਾਲ ਮਨੁੱਖ ਦਾ ਸੰਵਾਦ ਸੰਭਵ ਨਹੀਂ ਹੈ। ਅਖੀਰ ਵਿਚ ਨਾਮ ਦੇ ਸਹਾਰੇ ਲੱਗ ਕੇ ਚੜ੍ਹਦੀ ਕਲਾ ਵਿਚ ਰਹਿਣ ਅਤੇ ਸਰਬੱਤ ਦਾ ਭਲਾ ਮੰਗਿਆ ਹੈ। ਇਹ ਸਿੱਖ ਚਿੰਤਨ ਦਾ ਮੂਲ ਸਿਧਾਂਤ ਹੈ ਕਿ ਇਥੇ ਕਿਸੇ ਇੱਕ ਜਾਂ ਇਕੱਲੇ ਦਾ ਭਲਾ ਨਹੀਂ ਮੰਗਿਆ। ਅਰਦਾਸ ਵਿਚ ਦਰਸਾਏ ਇਸ ਸਿਧਾਂਤ ਤੋਂ ਥਿੜਕਣਾ ਸਿੱਖ ਧਰਮ ਤੋਂ ਥਿੜਕਣਾ ਹੈ। ਸਿੱਖ ਭਾਵੇਂ ਕਿੰਨੇ ਵੀ ਘੋਰ ਸੰਕਟ ਵਿਚ ਹੋਵੇ ਉਸ ਨੇ ਆਪਣੇ ਸਿਧਾਂਤ 'ਤੇ ਕਾਇਮ ਰਹਿਣਾ ਹੈ। ਇਹੀ ਉਸ ਦੀ ਚੜ੍ਹਦੀ ਕਲਾ ਦਾ ਰਾਜ਼ ਵੀ ਹੈ ਅਤੇ ਪ੍ਰੇਰਨਾ ਸ੍ਰੋਤ ਵੀ। ਇਸੇ ਕਾਰਨ ਉਹ ਮੁਸ਼ਕਲ ਸਮੇਂ ਦਾ ਸਾਹਮਣਾ ਵੀ ਹੱਸ ਕੇ ਅਤੇ ਧੀਰਜ ਨਾਲ ਕਰਦਾ ਹੈ। ਇਹੀ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ।

ਸਿੱਖ ਧਰਮ ਵਿਚ ਅਰਦਾਸ ਦਾ ਵਿਲੱਖਣ ਸਰੂਪ ਅਤੇ ਸਥਾਨ ਹੈ। ਅਰਦਾਸ ਦਾ ਇਹ ਸਰੂਪ ਸਰਬ ਸਮਿਆਂ ਵਾਸਤੇ ਹੈ ਭਾਵੇਂ ਖੁਸ਼ੀ ਦਾ ਸਮਾਂ ਹੋਵੇ ਅਤੇ ਭਾਵੇਂ ਗਮੀ ਦਾ, ਭਾਵੇਂ ਕੋਈ ਵਕਤ ਹੋਵੇ ਮਸਲਨ ਸਵੇਰ, ਦੁਪਹਿਰ, ਸ਼ਾਮ ਜਾਂ ਰਾਤ ਦਾ ਸਮਾਂ। ਜਦੋਂ ਅਰਦਾਸ ਵਿਚ ਸਿੱਖ ਆਪਣੀ ਇੱਛਾ ਨੂੰ ਵਾਹਿਗੁਰੂ ਦੀ ਇੱਛਾ ਦੇ ਅਧੀਨ ਕਰ ਦਿੰਦਾ ਹੈ ਅਤੇ ਵਾਹਿਗੁਰੂ ਤੋਂ ਭਾਣਾ ਮੰਨਣ ਦਾ ਅਤੇ ਹੁਕਮ ਵਿਚ ਚੱਲਣ ਦਾ ਬਲ ਮੰਗਦਾ ਹੈ ਤਾਂ ਉਸ ਦਾ ਮਨ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਇਸੇ ਲਈ ਸਿੱਖ ਕਰੜੀ ਤੋਂ ਕਰੜੀ ਮੁਸੀਬਤ ਵਿਚ ਘਬਰਾਉਂਦਾ ਨਹੀਂ। ਉਸ ਦਾ ਮਨ ਖੁਸ਼ੀ ਅਤੇ ਗਮੀ-ਦੋਹਾਂ ਵਿਚ ਸ਼ਾਂਤ ਰਹਿੰਦਾ ਹੈ। ਇਹ ਉਸ ਦੇ ਸੰਤੁਲਿਤ ਵਿਅਕਤਿਤਵ ਨੂੰ ਦਰਸਾਉਂਦਾ ਹੈ। ਅਰਦਾਸ ਰਾਹੀਂ ਸਿੱਖ ਸਦਾ ਜੂਝਦੇ ਰਹਿਣ ਦੀ ਪ੍ਰੇਰਨਾ ਪ੍ਰਾਪਤ ਕਰਦਾ ਹੈ। ਸਿੱਖ ਦਾ ਮਨ ਜਦੋਂ ਵਾਹਿਗੁਰੂ ਨਾਲ ਇੱਕ-ਮਿੱਕ ਹੁੰਦਾ ਹੈ ਤਾਂ ਉਹ 'ਨਾ ਕੋ ਵੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਧਾਰਨੀ ਹੋ ਜਾਂਦਾ ਹੈ। ਇਸੇ ਲਈ ਅਰਦਾਸ ਵਿਚ ਉਹ ਸਦਾ 'ਚੜ੍ਹਦੀ ਕਲਾ' ਅਤੇ 'ਸਰਬੱਤ ਦਾ ਭਲਾ' ਦੀ ਮੰਗ ਕਰਦਾ ਹੈ। ਸਿੱਖ ਧਰਮ ਵਿਚ ਅਰਦਾਸ ਇਕੱਲਾ ਮਨੁੱਖ ਤਾਂ ਕਰ ਹੀ ਸਕਦਾ ਹੈ ਪਰ ਇਹ ਸੰਗਤ ਵਿਚ ਇੱਕ ਮਨ ਅਤੇ ਇੱਕ ਚਿੱਤ ਹੋ ਕੇ ਕੀਤੀ ਜਾਂਦੀ ਹੈ। ਅਰਦਾਸ ਕਰਨ ਲਈ ਪੁਜਾਰੀ ਜਮਾਤ ਦੀ ਕੋਈ ਮਹੱਤਤਾ ਨਹੀਂ ਹੈ। ਕੋਈ ਵੀ ਸਿੱਖ ਜੋ ਅਰਦਾਸ ਕਰਨਾ ਜਾਣਦਾ ਹੈ, ਉਹ ਕਰ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਅਰਦਾਸ ਗ੍ਰੰਥੀ ਸਿੰਘ ਹੀ ਕਰੇ। ਸਿੱਖ ਧਰਮ ਵਿਚ ਅਰਦਾਸ ਦਾ ਇਹ ਵੀ ਇੱਕ ਵਿਲੱਖਣ ਪੱਖ ਹੈ। ਅਰਦਾਸ ਵਿਚ ਇੱਕ ਨਿਰੰਤਰਤਾ ਹੈ ਜੋ ਸਿੱਖ ਦੇ ਮਨ ਨੂੰ ਸਰਬ ਸਮਿਆਂ ਨਾਲ ਜੋੜੀ ਰੱਖਦੀ ਹੈ।

## ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ

ਗੁਰਬਾਣੀ ਗਿਆਨ

**ਰਾਗੁ ਗਉੜੀ ਮਾਝ ਮਹਲਾ ੫**
ਤੂੰ ਮੇਰਾ ਬਹੁ ਮਾਣੁ ਕਰਤੇ
ਤੂੰ ਮੇਰਾ ਬਹੁ ਮਾਣੁ॥
ਜੋਰਿ ਤੁਮਾਰੈ ਸੁਖਿ ਵਸਾ
ਸਚੁ ਸਬਦੁ ਨੀਸਾਣੁ॥੧॥ਰਹਾਉ॥
ਸਭੇ ਗਲਾ ਜਾਤੀਆ
ਸੁਣਿ ਕੈ ਚੁਪ ਕੀਆ॥
ਕਦ ਹੀ ਸੁਰਤਿ ਨ ਲਧੀਆ
ਮਾਇਆ ਮੋਹੜਿਆ॥੧॥
ਦੇਇ ਬੁਝਾਰਤ ਸਾਰਤਾ
ਸੇ ਅਖੀ ਡਿਠੜਿਆ॥
ਕੋਈ ਜਿ ਮੂਰਖੁ ਲੋਭੀਆ
ਮੂਲਿ ਨ ਸੁਣੀ ਕਹਿਆ॥੨॥
ਇਕਸੁ ਦੁਹੁ ਚਹੁ ਕਿਆ ਗਣੀ
ਸਭ ਇਕਤੁ ਸਾਦਿ ਮੁਠੀ॥
ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ॥੩॥
ਭਗਤ ਸਚੇ ਦਰਿ ਸੋਹਦੇ
ਅਨਦ ਕਰਹਿ ਦਿਨ ਰਾਤਿ॥
ਰੰਗਿ ਰਤੇ ਪਰਮੇਸਰੈ
ਜਨ ਨਾਨਕ ਤਿਨ ਬਲਿ ਜਾਤ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਆਖ ਰਹੇ ਹਨ- ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ, ਹੇ ਮੇਰੇ ਮਿਹਰਵਾਨ ਪ੍ਰਭੂ ਜੀਓ! ਤੂੰ ਹੀ ਮੇਰਾ ਮਾਣ ਹੈਂ ਤੇ ਮੈਂ ਸਦਾ ਤੇਰੇ ਉਤੇ ਹੀ ਮਾਣ ਕਰਦਾ ਹਾਂ; ਜੋਰਿ ਤੁਮਾਰੈ ਸੁਖਿ ਵਸਾ, ਹੇ ਮੇਰੇ ਪ੍ਰਭੂ ਜੀਓ! ਮੈਂ ਤੇਰੇ ਅਥਾਹ ਬਲ ਦੇ ਸਹਾਰੇ ਹੀ ਸੁਖੀ ਵਸਦਾ ਹਾਂ; ਸਚੁ ਸਬਦੁ ਨੀਸਾਣੁ, ਕਿਉਂਕਿ ਤੇਰੀ ਸਦਾ ਅਟੱਲ ਰਹਿਣ ਵਾਲੀ ਬਾਣੀ ਜੀਵਨ ਦੇ ਸਫ਼ਰ ਵਿਚ ਮੇਰੇ ਲਈ ਰਾਹਦਾਰੀ ਹੈ।

ਸਭੇ ਗਲਾ ਜਾਤੀਆ
ਸੁਣਿ ਕੈ ਚੁਪ ਕੀਆ॥
ਕਦ ਹੀ ਸੁਰਤਿ ਨ ਲਧੀਆ
ਮਾਇਆ ਮੋਹੜਿਆ॥੧॥

ਗੁਰਦੇਵ ਪਾਤਸ਼ਾਹ ਅੱਗੇ ਆਖਦੇ ਹਨ, ਹੇ ਭਾਈ! ਇਹ ਜੀਵ ਪਰਮਾਰਥ ਦੇ ਰਸਤੇ ਦੀਆਂ ਸਾਰੀਆਂ ਗੱਲਾਂ ਸੁਣਦਾ ਵੀ ਹੈ ਤੇ ਸਮਝਦਾ ਵੀ ਹੈ, ਪਰ ਸੁਣਨ ਤੇ ਸਮਝਣ ਦੇ ਬਾਅਦ ਵੀ ਚੁੱਪ ਰਹਿੰਦਾ ਹੈ ਤੇ ਕੋਈ ਪਰਵਾਹ ਨਹੀਂ ਕਰਦਾ; ਮਾਇਆ ਦੇ ਮੋਹ ਵਿਚ ਫਸਿਆ ਹੋਇਆ ਇਹ ਜੀਵ ਬੇਸੁਰਤੀ ਵਿਚ ਹੀ ਭਟਕਦਾ ਤੁਰਿਆ ਜਾਂਦਾ ਹੈ ਤੇ ਮਾਇਆ ਰੂਪੀ ਪਦਾਰਥਾਂ ਨੂੰ ਤਿਆਗ ਕੇ ਸਿਮਰਨ ਨਹੀਂ ਕਰਦਾ।

ਦੇਇ ਬੁਝਾਰਤ ਸਾਰਤਾ
ਸੇ ਅਖੀ ਡਿਠੜਿਆ॥
ਕੋਈ ਜਿ ਮੂਰਖੁ ਲੋਭੀਆ
ਮੂਲਿ ਨ ਸੁਣੀ ਕਹਿਆ॥੨॥

ਸਤਿਗੁਰ ਪਿਤਾ ਜੀ ਆਖ ਰਹੇ ਹਨ, ਹੇ ਭਾਈ! ਜੇ ਕੋਈ ਪ੍ਰਭੂ ਦਾ ਪਿਆਰਾ ਇਸ ਜੀਵ ਨੂੰ ਕੋਈ ਇਸ਼ਾਰਾ ਕਰ ਕੇ ਜਾਂ ਬੁਝਾਰਤ ਪਾ ਕੇ ਇਹ ਗੱਲ ਸਮਝਾਉਣੀ ਵੀ ਚਾਹੁੰਦਾ ਹੈ ਕਿ ਇਸ ਸੰਸਾਰ ਵਿਚ ਸਦਾ ਬੈਠੇ ਨਹੀਂ ਰਹਿਣਾ, ਇਥੋਂ ਸਭ ਨੂੰ ਜਾਣਾ ਪੈਣਾ ਹੈ; ਸੇ ਅਖੀ ਡਿਠੜਿਆ, ਫਿਰ ਇਹ ਤਾਂ ਅਸੀਂ ਅੱਖੀਂ ਵੀ ਵੇਖ ਰਹੇ ਹਾਂ ਕਿ ਸਾਡੇ ਨਾਲ ਦੇ ਤੁਰੇ ਜਾ ਰਹੇ ਹਨ; ਪਰ ਇਹ ਮੂਰਖ ਜੀਵ ਲੋਭੀ ਬਣਿਆ ਬੈਠਾ ਕਿਸੇ ਦੀ ਚੰਗੀ ਗੱਲ ਸੁਣਨ ਨੂੰ ਕਦੀ ਵੀ ਤਿਆਰ ਨਹੀਂ ਹੁੰਦਾ।

ਇਕਸੁ ਦੁਹੁ ਚਹੁ ਕਿਆ ਗਣੀ
ਸਭ ਇਕਤੁ ਸਾਦਿ ਮੁਠੀ॥
ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ॥੩॥

ਸਤਿਗੁਰ ਜੀ ਆਖ ਰਹੇ ਹਨ- ਇਕਸੁ ਦੁਹੁ ਚਹੁ ਕਿਆ ਗਣੀ, ਹੇ ਭਾਈ! ਮੈਂ ਕਿਸੇ ਇਕ, ਦੋ ਜਾਂ ਚਹੁੰ ਦੀ ਕੀ ਗੱਲ ਆਖਾਂ; ਸਭ ਇਕਤੁ ਸਾਦਿ ਮੁਠੀ, ਇਥੇ ਤਾਂ ਸਾਰੀ ਸ੍ਰਿਸ਼ਟੀ ਹੀ ਮਾਇਆ ਰੂਪੀ ਪਦਾਰਥਾਂ ਦੇ ਸੁਆਦ ਵਿਚ ਲੱਗ ਕੇ ਠੱਗੀ ਜਾ ਰਹੀ ਹੈ; ਕੋਈ ਇਕ ਅੱਧਾ ਵਿਰਲਾ ਜੀਵ ਹੀ ਉਸ ਪਰਮੇਸ਼ਰ ਦੇ ਨਾਮ ਰੂਪੀ ਰਸ ਦਾ ਰਸੀਆ ਹੈ; ਕੋਈ ਭਾਗਾਂ ਵਾਲਾ ਵਿਰਲਾ ਹੀ ਪ੍ਰਭੂ ਤੋਂ ਵਰੋਸਾਇਆ ਹੋਇਆ ਮਿਲਦਾ ਹੈ।

ਭਗਤ ਸਚੇ ਦਰਿ ਸੋਹਦੇ
ਅਨਦ ਕਰਹਿ ਦਿਨ ਰਾਤਿ॥
ਰੰਗਿ ਰਤੇ ਪਰਮੇਸਰੈ
ਜਨ ਨਾਨਕ ਤਿਨ ਬਲਿ ਜਾਤ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਭਾਈ! ਪਰਮੇਸ਼ਰ ਦੀ ਅਰਾਧਨਾ ਕਰਨ ਵਾਲੇ ਜੀਵ ਉਸ ਸਦਾ ਅਟੱਲ ਰਹਿਣ ਵਾਲੇ ਪ੍ਰਭੂ ਦੇ ਦਰ 'ਤੇ ਸਦਾ ਹੀ ਸੋਭਾ ਪਾਉਂਦੇ ਹਨ; ਅਨਦ ਕਰਹਿ ਦਿਨ ਰਾਤਿ, ਤੇ ਦਿਨ ਰਾਤ ਆਤਮਿਕ ਅਨੰਦ ਮਾਣਦੇ ਹਨ; ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ, ਨਾਨਕ ਆਖਦਾ ਹੈ ਕਿ ਜਿਹੜੇ ਜੀਵ ਉਸ ਪ੍ਰਭੂ ਦੇ ਪ੍ਰੇਮ ਰੰਗ ਵਿਚ ਸਦਾ ਹੀ ਰੰਗੇ ਰਹਿੰਦੇ ਹਨ, ਉਨ੍ਹਾਂ ਪ੍ਰਭੂ ਪਿਆਰਿਆਂ ਤੋਂ ਮੈਂ ਬਲਿਹਾਰ ਜਾਂਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮਾਸੀ ਯਾਨਿ ਮਾਂ...ਸੀ?

ਸ਼ਬਦ ਝਰੋਖਾ



ਬਲਜੀਤ ਬਾਸੀ


ਫੋਨ: 734-259-9353

ਕਰੀਬੀ ਨਾਤਿਆਂ ਵਿਚ ਮਾਸੀ ਦਾ ਰਿਸ਼ਤਾ ਸਭ ਤੋਂ ਪਿਆਰਾ ਤੇ ਨਿੱਘਾ ਮੰਨਿਆ ਜਾਂਦਾ ਹੈ। ਮਾਂ ਦੀ ਛਾਂ ਮਾਸੀ ਜਿਹੀ ਹੀ ਘਣੇਰੀ ਹੁੰਦੀ ਹੈ। ਦਰਅਸਲ ਮਨੁੱਖ ਆਪਣੇ ਬਚਪਨ ਦੌਰਾਨ ਘਰ ਵਿਚ ਸਭ ਤੋਂ ਵੱਧ ਨੇੜਤਾ ਮਾਂ ਦੀ ਹੀ ਮਾਣਦਾ ਹੈ। ਸੋ ਰਵਾਇਤੀ ਤੌਰ 'ਤੇ ਮਾਂ ਵਾਲੇ ਰਿਸ਼ਤਿਆਂ ਜਿਵੇਂ ਨਾਨਕੇ ਤੇ ਮਸੇਰਿਆਂ ਵਿਚ ਵੀ ਮਾਂ ਜਿਹੀ ਮਮਤਾ ਅਤੇ ਅਪਣੱਤ ਮਾਨਣ ਨੂੰ ਮਿਲਦੀ ਹੈ। ਪਿਉ ਵੱਲ ਦੇ ਰਿਸ਼ਤਿਆਂ ਵਿਚ ਸ਼ਰੀਕਾਦਾਰੀ ਦੇ ਡੰਗ ਸਮੇਂ-ਸਮੇਂ ਚੋਭਾਂ ਲਾਉਂਦੇ ਰਹਿੰਦੇ ਹਨ। ਬਿਪਤਾ ਸਮੇਂ ਨਾਨੀ ਯਾਦ ਆਉਂਦੀ ਹੈ ਤਾਂ ਬੇਬਸੀ ਦੇ ਆਲਮ ਵਿਚ ਮੂੰਹ ਵਿਚੋਂ 'ਕਿਹਦੀ ਮਾਂ ਨੂੰ ਮਾਸੀ ਆਖਾਂ' ਨਿਕਲਦਾ ਹੈ। ਉਰਦੂ ਫਾਰਸੀ ਵਿਚ ਮਾਸੀ ਲਈ ਅਰਬੀ ਪਿਛੋਕੜ ਵਾਲਾ 'ਖ਼ਾਲਾ' ਸ਼ਬਦ ਹੈ। ਘਰ ਜਿਹੀ ਅਪਣੱਤ, ਸੁਰੱਖਿਆ ਅਤੇ ਬੇਤੁਕੱਲਫੀ ਦਰਸਾਉਂਦਾ ਉਰਦੂ ਤੋਂ ਅਨੁਵਾਦਤ ਮੁਹਾਵਰਾ 'ਖ਼ਾਲਾ ਜੀ ਦਾ ਵਾੜਾ' ਤੋਂ ਵੀ ਰਿਸ਼ਤਿਆਂ ਵਿਚ ਮਾਸੀ ਦੀ ਉਚਤਾ ਹੀ ਉਜਾਗਰ ਹੁੰਦੀ ਹੈ। ਬਿੱਲੀ ਤੇ ਸ਼ੇਰ ਇਕੋ ਜੈਵਿਕ ਪਰਿਵਾਰ ਵਿਚੋਂ ਹਨ ਇਸ ਲਈ ਉਨ੍ਹਾਂ ਦੇ ਮੁਹਾਂਦਰੇ ਦੀ ਇਕਰੂਪਤਾ ਨੂੰ ਬਿੱਲੀ ਸ਼ੇਰ ਦੀ ਮਾਸੀ ਹੋਣ ਦੇ ਰਿਸ਼ਤੇ ਵਜੋਂ ਦਰਸਾਇਆ ਜਾਂਦਾ ਹੈ ਨਾ ਕਿ ਭੂਆ ਆਦਿ ਰਾਹੀਂ। ਅੱਜ ਕਲ੍ਹ ਰਿਸ਼ਤਿਆਂ ਵਿਚ ਦੂਰੀਆਂ ਵਧ ਗਈਆਂ ਹਨ ਜਿਸ ਕਰਕੇ ਭੂਆਵਾਂ, ਮਾਮੀਆਂ, ਚਾਚੀਆਂ, ਮਾਮੀਆਂ, ਮਾਸੀਆਂ ਬੇਨਕਸ਼ ਜਿਹੀਆਂ ਹੋ ਕੇ ਇਕੋ ਅੰਟੀ ਦੀ ਲਪੇਟ ਵਿਚ ਆ ਰਹੀਆਂ ਹਨ। ਮਜ਼ੇ ਦੀ ਗੱਲ ਹੈ ਕਿ ਅੰਗਰੇਜ਼ੀ ਅੰਟੀ ਜਾਂ ਆਂਟ ਸ਼ਬਦ ਵੀ ਮਾਂ ਲਈ ਬਾਲਬੋਲੀ ਸ਼ਬਦ ਅੰਮਾ ਦਾ ਵਿਕਿਸਿਆ ਰੂਪ ਹੈ।

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਪੰਜਾਬੀ ਦੀ ਸੰਵੇਦਨਸ਼ੀਲ ਲੇਖਿਕਾ ਕਾਨਾ ਸਿੰਘ ਨੇ ਆਪਣੀ ਸਵੈ-ਜੀਵਨੀਪਰਕ ਲੇਖ ਲੜੀ ਦੀ ਨਵੀਂ ਰਚਨਾ 'ਕੰਧ ਆਰੇ ਤੇ ਹੀ ਜਾਸੀ' ਰਾਹੀਂ ਮਾਸੀ ਦੇ ਰਿਸ਼ਤੇ ਦੀ ਘਨਿਸ਼ਠਤਾ ਖੂਬ ਉਘਾੜੀ ਹੈ। ਹੋਰ ਬਜ਼ੁਰਗਾਂ ਦੀ ਤਰ੍ਹਾਂ ਲੇਖਿਕਾ ਦੇ ਬੇਜੀ ਵੀ ਕਹਾਵਤਾਂ, ਮੁਹਾਵਰਿਆਂ, ਲੋਕ ਸਿਆਣਪਾਂ ਦਾ ਖਜ਼ਾਨਾ ਸਨ ਜਿਨ੍ਹਾਂ ਵਿਚ ਪੋਠੋਹਾਰੀ ਦੀ ਮਿਠਾਸ ਖੂਬ ਝਲਕਦੀ ਹੈ। ਪੁਰਾਣੇ ਲੋਕਾਂ ਦੇ ਨਿਤਾਪ੍ਰਤੀ ਦੇ ਬੋਲਾਂ ਵਿਚ ਅਖਾਣਾਂ ਅਤੇ ਸਹਿਜ ਅਲੰਕਾਰਾਂ ਦੀ ਭਰਮਾਰ ਹੁੰਦੀ ਹੈ। ਖੂਹ 'ਤੇ ਰਹਿੰਦੀ ਮੇਰੀ ਚਾਚੀ ਨੇ ਇਕ ਵਾਰੀ ਮੈਨੂੰ ਸ਼ਹਿਰ ਤੋਂ ਕਮਜ਼ੋਰ ਹੋ ਕੇ ਆਏ ਨੂੰ ਦੇਖ ਕੇ ਕਿਹਾ 'ਵੇ ਤੇਰਾ ਤਾਂ ਨੱਕ ਹੀ ਰਹਿ ਗਿਆ।' ....ਲੇਖਿਕਾ ਦੀ ਬੇਜੀ ਦਾ ਇਕ ਚਹੇਤਾ ਅਖਾਣ ਹੁੰਦਾ ਸੀ 'ਮਾਂ ਨਾ ਸੂਈ ਮਾਸੀ ਸੂਈ' ਭਾਵ ਮਾਂ ਤੇ ਮਾਸੀ ਬਰਾਬਰ ਹੁੰਦੀਆਂ ਹਨ, ਕੀ ਹੋਇਆ ਜੇ ਤਕਲੀਫ ਵੇਲੇ ਮਾਂ ਕੋਲ ਨਹੀਂ, ਮਾਸੀ ਤਾਂ ਹੈ, ਹਰ ਮਰਜ਼ ਦੀ ਦਵਾ। ਮਾਸੀ ਮਾਂ ਮਹਿੱਟਰ ਦੀ ਸਕੀ ਹੋ ਨਿੱਤਰਦੀ ਹੈ। ਬੇਜੀ ਦਾ ਮੂੰਹ ਚੜ੍ਹਿਆ ਇਕ ਹੋਰ ਅਖਾਣ ਸੀ, 'ਜਿਹੀ ਮਾਂ ਤੈ ਜਿਹੀ ਮਾਸੀ, ਕੰਧ ਐਰੇ ਤੇ ਹੀ ਜਾਸੀ।' ਮਾਂ ਨਾਲ ਮਾਸੀ ਤੋਂ ਵੱਧ ਹੋਰ ਕੌਣ ਮੇਲ ਖਾ ਸਕਦਾ ਹੈ? ਏਥੇ ਆ ਕੇ ਲੇਖਿਕਾ ਇਕ ਮਹੱਤਵਪੂਰਨ ਫਿਕਰਾ ਲਿਖਦੇ ਹਨ ਜਿਸ ਤੋਂ ਮੈਨੂੰ ਇਹ ਲੇਖ ਲਿਖਣ ਦੀ ਉਕਸਾਹਟ ਮਿਲੀ, "ਮਤਰੇਏਪਣ ਨੂੰ ਜੇ ਕੋਈ ਠੁੰਮਣਾ ਮਿਲਿਆ ਹੈ ਤਾਂ ਸਿਰਫ ਤੇ ਸਿਰਫ ਮਾਸੀ ਯਾਨਿ ਮਾਂ....ਸੀ, ਅਰਥਾਤ ਮਾਂ ਜਿਹੀ ਤੋਂ ਹੀ।" ਮਾਸੀ ਦਾ ਸਿੱਧਾ ਸਾਦਾ ਸੰਧੀ ਛੇਦ ਮਾਂ+ਸੀ ਕਰਦਿਆਂ ਇਹ ਆਮ ਹੀ ਕਿਹਾ ਜਾਂਦਾ ਹੈ ਕਿ ਮਾਸੀ ਉਹ ਹੈ ਜੋ 'ਮਾਂ ਸੀ ਹੈ।' 'ਸੀ' ਹਿੰਦੀ ਦਾ ਪਿਛੇਤਰ ਹੈ ਜਿਸ ਦੇ ਟਾਕਰੇ ਪੰਜਾਬੀ ਦਾ ਸ਼ਬਦ ਹੈ, ਜਿਹੀ। ਇਸ ਤਰ੍ਹਾਂ ਮਾਂ ਸੀ ਦਾ ਮਤਲਬ ਹੋਇਆ ਜੋ ਮਾਂ ਜਿਹੀ ਹੈ। ਸ਼ਬਦਾਂ ਦੀ ਅਜਿਹੀ ਓਪਰੀ ਵਿਆਖਿਆ ਮਨਚਾਹਤ ਅਤੇ ਮਨਘੜੰਤ ਹੀ ਹੁੰਦੀ ਹੈ ਜਿਸ ਨੂੰ ਅੰਗਰੇਜ਼ੀ ਵਿਚ Folk Etymology ਆਖਦੇ ਹਨ। ਅਸਲ ਵਿਚ ਸ਼ਬਦਾਂ ਦੀ ਥਾਹ ਪਾਉਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਜੇ ਅਜਿਹਾ ਹੋਵੇ ਤਾਂ ਨਿਰੁੱਕਤਕਾਰਾਂ ਦਾ ਤੋਰੀ ਫੁਲਕਾ ਕਿਵੇਂ ਚੱਲੇ?

ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਪਰੋਕਤ ਮਨਘੜੰਤ ਵਿਆਖਿਆ ਅੱਧ-ਪਚੱਧੇ ਤੌਰ 'ਤੇ ਸਹੀ ਹੈ। 'ਮਾਸੀ' ਸ਼ਬਦ ਦਾ ਪਹਿਲਾ ਅੰਸ਼ ਮੁਢਲੇ ਤੌਰ 'ਤੇ ਮਾਂ ਸ਼ਬਦ ਦਾ ਹੀ ਇਕ ਪੁਰਾਤਨ ਰੂਪ ਹੈ। ਮਾਸੀ ਦੋ ਸ਼ਬਦ ਜੁੜ ਕੇ ਬਣਿਆ ਹੈ ਯਾਨਿ 'ਮਾਤਰ+ਸਵਸਰ'। ਪਹਿਲਾਂ ਪਹਿਲੇ ਸ਼ਬਦ ਮਾਤਰ 'ਤੇ ਆਈਏ। ਇਸ ਸ਼ਬਦ ਬਾਰੇ ਸ਼ਾਇਦ ਮੈਂ ਕਦੇ ਨਾ ਹੀ ਲਿਖਦਾ ਕਿਉਂਕਿ ਮੇਰੇ ਖਿਆਲ ਵਿਚ ਇਸ ਦੀ ਵਿਉਤਪਤੀ ਏਨੀ ਜਾਣੀ ਜਾਂਦੀ ਹੈ ਕਿ ਇਸ 'ਤੇ ਚਰਚਾ ਕਰਨਾ ਸਮਾਂ ਬਰਬਾਦ ਕਰਨਾ ਹੀ ਹੈ। ਦਰਅਸਲ ਕੁਝ ਮੁਢਲੇ ਰਿਸ਼ਤਿਆਂ ਜਿਵੇਂ ਮਾਂ, ਪਿਤਾ, ਭਰਾ, ਭੈਣ ਆਦਿ ਨੂੰ ਦਰਸਾਉਂਦੇ ਸ਼ਬਦਾਂ ਦੀ ਲਗਭਗ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਚੋਖੀ ਸਾਂਝ ਹੈ। ਇਸ ਤੱਥ ਤੋਂ ਇਨ੍ਹਾਂ ਦੇ ਬੋਲਣਹਾਰਿਆਂ ਦੇ ਕਦੀਮੀ ਤੌਰ 'ਤੇ ਇਕ ਭਾਸ਼ੀ ਤੇ ਇਕੋ ਖਿੱਤੇ ਦੇ ਵਸਨੀਕ ਰਹੇ ਹੋਣ ਦਾ ਪ੍ਰਮਾਣ ਮਿਲਦਾ ਹੈ।

ਅੱਜ ਅਸੀਂ ਭਰਾ ਤੇ ਪਿਉ ਨੂੰ ਛੱਡ ਕੇ ਮਾਂ ਤੇ ਭੈਣ ਦੀ ਗੱਲ ਕਰਨੀ ਹੈ ਕਿਉਂਕਿ ਸਾਡੇ ਵਿਸ਼ੇ ਦਾ ਇਨ੍ਹਾਂ ਨਾਲ ਹੀ ਸਬੰਧ ਹੈ। ਵਿਭਿੰਨ ਭਾਰੋਪੀ ਭਾਸ਼ਾਵਾਂ ਵਿਚ ਮਾਂ ਲਈ ਵਰਤੇ ਜਾਂਦੇ ਸ਼ਬਦ ਧੁਨੀ ਪੱਖੋਂ ਮਿਲਦੇ-ਜੁਲਦੇ ਹਨ। ਕੁਝ ਭਾਰੋਪੀ ਭਾਸ਼ਾਵਾਂ ਦੇ ਸ਼ਬਦ ਗਿਣਾਉਂਦੇ ਹਾਂ: ਅੰਗਰੇਜ਼ੀ ਮਦਰ, ਲਾਤੀਨੀ ਮਾਤਿਰ, ਆਇਰਿਸ਼ ਮਾਥਿਰ, ਲਿਥੂਏਨੀਅਨ ਮੋਤੇ, ਗਰੀਕ ਮੀਤੇਅਰਾ, ਓਲਡ ਚਰਚ ਸਲੈਵੋਨਿਕ ਮਾਤੀ, ਫਰਾਂਸੀਸੀ ਮੀਅ, ਬੁਲਗਾਰੀਅਨ ਮੈਂਕਾ, ਡੱਚ ਮੂਦੈ, ਜਰਮਨ



ਮੂਟਾਅ, ਫਾਰਸੀ ਮਾਦਰ, ਸੰਸਕ੍ਰਿਤ ਮਾਤ੍ਰ (ਜਿਸ ਤੋਂ ਮਾਤਾ ਬਣਿਆ)। ਭਾਸ਼ਾ-ਵਿਗਿਆਨੀਆਂ ਨੇ ਇਸ ਸ਼ਬਦ ਦਾ ਭਾਰੋਪੀ ਮੂਲ 'ਮਾਟਰ' ਮਿਥਿਆ ਹੈ। ਅਨੁਮਾਨ ਹੈ ਕਿ ਇਹ ਮਾਟਰ ਸ਼ਬਦ ਵੀ ਅੰਤਮ ਤੌਰ 'ਤੇ ਬਾਲਬੋਲੀ 'ਮਾਂ' ਦਾ ਹੀ ਵਿਕਸਿਤ ਰੂਪ ਹੈ। ਦੁੱਧ ਚੁੰਘਦੇ ਬੱਚੇ ਦੇ ਮੂੰਹੋਂ ਸਹਿਜ ਸੁਭਾਅ ਹੀ ਬੁਲ੍ਹਾਂ ਨਾਲ ਉਚਾਰਿਆ ਜਾਂਦਾ ਬੋਲ ਮਾ ਮਾ, ਹੀ ਨਿਕਲਦਾ ਹੈ। ਇਸ ਉਮਰ ਦੇ ਬੱਚੇ ਦੇ ਸਭ ਤੋਂ ਕਰੀਬ ਉਸ ਦੀ ਜਣਨੀ ਤੇ ਅੱਗੇ ਉਸ ਦੇ ਥਣ ਹੁੰਦੇ ਹਨ ਜਿਨ੍ਹਾਂ ਤੋਂ ਉਹ ਦੁੱਧ ਦੀ ਚਾਹਨਾ ਕਰਦਾ ਪ੍ਰਤੀਤ ਹੁੰਦਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਨ੍ਹਾਂ ਦੋਨਾਂ ਲਈ ਬਣੇ ਭਾਰੋਪੀ ਸ਼ਬਦਾਂ ਵਿਚ 'ਮਾਂ' ਧੁਨੀ ਵਿਦਮਾਨ ਹੈ ਜਿਵੇਂ ਪੰਜਾਬੀ ਵਿਚ ਜਣਨੀ ਲਈ ਮਾਂ, ਅੰਗਰੇਜ਼ੀ ਮੰਮੀ ਅਤੇ ਦੁੱਧ ਦੇ ਅੰਗ ਲਈ ਪੰਜਾਬੀ ਮੰਮਾ, ਲਾਤੀਨੀ ਮਾਮਾ ਜਿਸ ਤੋਂ ਥਣਧਾਰੀ ਲਈ ਅੰਗਰੇਜ਼ੀ ਸ਼ਬਦ ਮੈਮਲ ਬਣਿਆ। ਕੁਝ ਆਧੁਨਿਕ ਭਾਸ਼ਾਵਾਂ ਵਿਚ ਇਸ ਦਾ ਮੁਢਲਾ ਬਾਲਬੋਲੀ ਵਾਲਾ ਰੂਪ 'ਮਾਂ' ਜਾਂ ਇਸ ਜਿਹੇ ਕੁਝ ਹੋਰ ਸ਼ਬਦ ਵੀ ਚਲਦੇ ਹਨ ਜਿਵੇਂ ਪੰਜਾਬੀ ਮਾਂ, ਰੁਮਾਨੀਅਨ ਅਤੇ ਰੂਸੀ ਮਾਮਾ ਆਦਿ। ਮਾਂ ਦੇ ਅੱਗੇ 'ਟਰ' ਜਿਹਾ ਪਿਛੇਤਰ ਸਾਕਾਦਾਰੀ ਸਬੰਧ ਦਾ ਸੂਚਕ ਹੈ। ਪੰਜਾਬੀ ਮਾਤਾ ਸੰਸਕ੍ਰਿਤ ਮਾਤ੍ਰ ਦਾ ਹੀ ਸੰਕੁਚਤ ਰੂਪ ਹੈ। ਗੁਰਬਾਣੀ ਵਿਚ ਮਾਤਰ ਸ਼ਬਦ ਵੀ ਆਇਆ ਹੈ, "ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ" (ਗੁਰੂ ਅਰਜਨ ਦੇਵ)।

ਮਾਂ, ਮਾਤਾ ਤੋਂ ਅੱਗੇ ਕੁਝ ਇਕ ਸ਼ਬਦ ਬਣੇ ਹਨ ਜਿਵੇਂ ਮਾਈ, ਮਾਉਂ, ਮੇਕੇ, ਮਾਪੇ, ਮਾਤ (ਮਾਤ-ਭਾਸ਼ਾ, ਮਾਤ-ਪਿਤਾ) ਆਦਿ। ਫਾਰਸੀ ਵਲੋਂ ਮਾਦਾ, ਮਦੀਨ ਸ਼ਬਦ ਵੀ ਇਥੇ ਸਬੰਧਤ ਹਨ। ਮਾਂ/ਮਾਤਾ ਸ਼ਬਦ ਵਿਚ ਉਪਜਾਇਕਤਾ ਦੇ ਭਾਵ ਹਨ ਕਿਉਂਕਿ ਮਾਂ ਸੰਤਾਨ ਦੀ ਜਣਨੀ ਹੈ। ਮਾਤਾ ਦੇਵੀ ਦੀ ਪੂਜਾ ਮੁਢਲੇ ਤੌਰ 'ਤੇ ਉਪਜਾਇਕਤਾ ਦੀ ਹੀ ਪੂਜਾ ਹੈ। ਧਰਤੀ ਨੂੰ ਮਾਤਾ ਕਿਹਾ ਗਿਆ ਹੈ ਕਿਉਂਕਿ ਧਰਤੀ ਤੋਂ ਸਾਰੀ ਖਾਧ ਸਮੱਗਰੀ ਪੈਦਾ ਹੁੰਦੀ ਹੈ, ਗੁਰੂ ਸਾਹਿਬ ਨੇ ਇਸ ਨੂੰ 'ਮਾਤਾ ਧਰਤਿ ਮਹਤੁ' ਕਿਹਾ ਹੈ। ਗਊ ਨੂੰ ਇਸ ਕਰਕੇ ਮਾਤਾ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਸੰਤਾਨ ਤੋਂ ਧਰਤੀ 'ਚੋਂ ਉਪਜ ਲਈ ਜਾਂਦੀ ਹੈ। ਮਾਂ ਬੋਲੀ ਉਹ ਹੈ ਜਿਸ ਦੀ ਗੋਦ ਵਿਚ ਮਨੁੱਖ ਸਭ ਕੁਝ ਸਿੱਖਦਾ ਹੈ। ਮਾਤਾ ਦਾ ਇਕ ਅਰਥ ਚੇਚਕ ਦੀ ਬੀਮਾਰੀ ਹੈ ਜੋ ਸਮਝਿਆ ਜਾਂਦਾ ਹੈ ਕਿ ਸੀਤਲਾ ਮਾਤਾ ਦੇਵੀ ਦੀ ਕਰੋਪੀ ਨਾਲ ਹੋਈ ਹੈ। ਸੌਤੇਲੀ ਮਾਂ ਦੇ ਅਰਥਾਂ ਵਾਲਾ ਮਤੇਰ/ਮਤਰੇਈ ਸ਼ਬਦ ਦਾ ਸੰਸਕ੍ਰਿਤ ਰੂਪ ਹੈ 'ਮਾਤ੍ਰਤਰਾ', ਮਾਤਰ+ਤਰ। ਫਾਰਸੀ ਵਿਚ ਇਸ ਦੇ ਟਾਕਰੇ ਦਾ ਸ਼ਬਦ ਹੈ-ਮਾਦਰੰਦਰ, ਲਾਤੀਨੀ ਵਿਚ matertera, ਅਤੇ ਗਰੀਕ ਵਿਚ metreia ਹੈ। ਭਾਰੋਪੀ ਮੂਲ 'ਮਾਟਰ' ਤੋਂ ਬਣੇ ਕੁਝ ਜਾਣੇ ਪਛਾਣੇ ਅੰਗਰੇਜ਼ੀ ਸ਼ਬਦ ਹਨ-ਮੈਟਰਨਲ, ਮੈਟਰਨ, ਮੈਟਰਿਕ, ਮੈਟਰਿਕਸ ਆਦਿ।

ਮਾਸੀ ਸ਼ਬਦ ਦਾ ਦੂਜਾ ਅੰਸ਼ ਹੈ, ਸਵਸਰ ਜਿਸ ਦਾ ਅਰਥ ਹੈ ਭੈਣ। ਇਸ ਸ਼ਬਦ ਦੀ ਸੁਤੰਤਰ ਵਰਤੋਂ ਅਜੋਕੀਆਂ ਹਿੰਦ-ਆਰਿਆਈ ਭਾਸ਼ਾਵਾਂ ਵਿਚੋਂ ਬੰਦ ਹੋ ਗਈ ਲਗਦੀ ਹੈ। ਸੰਭਵ ਹੈ, ਭੈਣ ਤੇ ਕੁਝ ਹੋਰ ਸ਼ਬਦਾਂ ਦੇ ਪ੍ਰਚਲਿਤ ਹੋਣ ਨਾਲ ਇਹ ਸ਼ਬਦ ਸਾਡੀ ਸ਼ਬਦਾਵਲੀ ਵਿਚੋਂ ਨਿਕਲ ਗਿਆ। ਪਰ ਅਨੇਕਾਂ ਭਾਰੋਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਜਾਂ ਇਸ ਤੋਂ ਵਿਉਤਪਤ ਸ਼ਬਦ ਮਿਲਦੇ ਹਨ ਜਿਨ੍ਹਾਂ ਦਾ ਅਰਥ ਭੈਣ ਹੈ। ਇਸ ਭਾਰੋਪੀ ਖਾਸੇ ਵਾਲੇ ਸ਼ਬਦ ਦਾ ਮੂਲ ਹੈ swesor ਜਿਸ ਵਿਚ ਭੈਣ ਦੇ ਅਰਥ ਨਿਹਿਤ ਹਨ। ਭੈਣ ਲਈ ਅੰਗਰੇਜ਼ੀ ਸ਼ਬਦ sister ਇਸੇ ਮੂਲ ਤੋਂ ਆਇਆ ਹੈ। ਸਵੀਡਿਸ਼ ਵਿਚ ਇਸ ਲਈ ਸ਼ਬਦ ਹੈ syter, ਡੇਨਿਸ਼ ਵਿਚ soster ਲਾਤੀਨੀ ਵਿਚ soror, ਲਿਥੂਏਨੀਅਨ ਵਿਚ sesu, ਪੁਰਾਣੀ ਆਇਰਿਸ਼ ਵਿਚ siur, ਫਰਾਂਸੀਸੀ ਵਿਚ soer, ਜਰਮਨ ਵਿਚ Schwester, ਰੂਸੀ ਵਿਚ sestra, ਫਾਰਸੀ ਵਿਚ ਖਵਾਹਰ ਅਤੇ ਸੰਸਕ੍ਰਿਤ ਵਿਚ ਸਵਸਰ ਜੋ ਮਾਸੀ ਸ਼ਬਦ ਦਾ ਦੂਜਾ ਅੰਸ਼ ਹੈ।

'ਮਹਾਨ ਕੋਸ਼' ਦੇ ਇਕ ਇੰਦਰਾਜ 'ਸੁਸਾ' ਵਿਚ ਇਸ ਦਾ ਅਰਥ ਭੈਣ ਦਿੱਤਾ ਗਿਆ ਹੈ। 'ਨਾਨਕ ਪ੍ਰਕਾਸ਼' ਵਿਚ ਇਹ ਸ਼ਬਦ ਆਇਆ ਹੈ, "ਉਠ ਚਲੀਏ ਸੁਸਾ ਅਵਾਸਾ" ਅਰਥਾਤ ਉਠ ਕੇ ਆਪਣੀ ਭੈਣ ਦੇ ਘਰ ਜਾਓ। ਨਿਰੁਕਤਕਾਰ ਕਲੈਨ ਨੇ swesor ਮੂਲ ਦੇ ਵੀ ਅੱਗੋਂ ਦੋ ਅੰਸ਼ ਸੁਝਾਏ ਹਨ swe ਅਰਥਾਤ ਸਵੈ (ਖੁਦ) ਅਤੇ ser ਜਿਸ ਦਾ ਅਰਥ ਹੈ ਇਸਤਰੀ। ਸੋ ਪੂਰਾ ਮਤਲਬ ਬਣਿਆ, ਆਪਣੀ ਇਸਤਰੀ।

ਪੰਜਾਬੀ ਸਮਾਜ ਵਿਚ ਵਿਆਹੇ ਔਰਤ-ਮਰਦ ਦੇ ਸਹੁਰਾ ਪਰਿਵਾਰ ਵਿਚ ਕੁਝ ਬਜ਼ੁਰਗੀ ਰਿਸ਼ਤੇ ਹਨ, ਜਿਨ੍ਹਾਂ ਨੂੰ ਅੱਜ ਕਲ੍ਹ ਲੋਕ ਭੁਲਦੇ ਜਾ ਰਹੇ ਹਨ। ਇਨ੍ਹਾਂ ਦੇ ਸੂਚਕ ਸ਼ਬਦਾਂ ਵਿਚ ਭੈਣ ਦੇ ਅਰਥਾਂ ਵਾਲਾ ਸਵਸਰ ਸ਼ਬਦ ਕੁਝ ਬਦਲੇ ਰੂਪਾਂ ਵਿਚ ਆਉਂਦਾ ਹੈ ਮਿਸਾਲ ਵਜੋਂ ਦਦੇਹਸ ਹੁੰਦੀ ਹੈ ਪਤੀ ਜਾਂ ਪਤਨੀ ਦੀ ਦਾਦੀ ਦੀ ਭੈਣ ਜੋ ਦਾਦਾਸਵਸਰੂ ਦਾ ਸੰਕੁਚਤ ਰੂਪ ਹੈ। ਇਸੇ ਤਰ੍ਹਾਂ ਪਤੀਸ ਕਹਾਉਂਦੀ ਸਹੁਰੇ ਦੀ ਛੋਟੀ ਭੈਣ ਦਾ ਸੰਕੁਚਤ ਰੂਪ ਹੈ ਪਤਿਰਿਆਸਵਰੂ ਦਾ ਅਤੇ ਸਹੁਰੇ ਦੀ ਭੈਣ ਦਾ ਸੂਚਕ ਸ਼ਬਦ ਫਫੇਹਸ ਬਣਿਆ ਹੈ ਪੂਰੇ ਸ਼ਬਦ ਫੱਫੂਸਵਰੂ ਤੋਂ। ਪਾਠਕ ਸਭਨਾਂ ਵਿਚ 'ਸਵਰੂ' ਘਟਕ ਭਲੀ ਭਾਂਤ ਦੇਖ ਸਕਦੇ ਹਨ।

# ਪੰਜਾਬੀ ਯੂਨੀਵਰਸਿਟੀ ਦੀ ਵਿਲੱਖਣ ਪ੍ਰਾਪਤੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਭਾਰਤੀ ਸਾਹਿਤ ਅਕਾਡਮੀ ਨਵੀਂ ਦਿੱਲੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਪਾਏ ਨਿਵੇਕਲ ਯੋਗਦਾਨ ਲਈ ਇਸ ਵਰ੍ਹੇ ਦੇ ਉਚਤਮ ਭਾਸ਼ਾ ਸਨਮਾਨ ਨਾਲ ਨਿਵਾਜਿਆ ਹੈ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਸਮੇਂ ਇਸ ਦਾ ਮੂਲ ਮੰਤਵ ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪਾਸਾਰ ਅਤੇ ਇਸ ਦਾ ਸਰਵ ਪੱਖੀ ਵਿਕਾਸ ਹੀ ਮਿਥਿਆ ਗਿਆ ਸੀ। 1962 ਵਿਚ ਸਥਾਪਤ ਹੋਈ ਇਹ ਯੂਨੀਵਰਸਿਟੀ ਇਜ਼ਰਾਈਲ ਦੀ ਹੀਬਰਯੂ ਯੂਨੀਵਰਸਿਟੀ ਤੋਂ ਪਿਛੋਂ ਦੁਨੀਆਂ ਭਰ ਵਿਚ ਭਾਸ਼ਾ ਦੇ ਨਾਂ ਉਤੇ ਸਥਾਪਤ ਹੋਣ ਵਾਲੀ ਦੂਜੀ ਵੱਡੀ ਯੂਨੀਵਰਸਿਟੀ ਹੈ। ਇਸ ਦੀ ਸਥਾਪਨਾ ਦਾ ਸਿਹਰਾ ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਸਿਰ ਬਝਦਾ ਹੈ ਜਿਸ ਦੀ ਦੂਰ ਦ੍ਰਿਸ਼ਟੀ ਦਾ ਲੋਹਾ ਅੱਜ ਵੀ ਮੰਨਿਆ ਜਾਂਦਾ ਹੈ।

ਭਾਵੇਂ ਇਸ ਯੂਨੀਵਰਸਿਟੀ ਨੂੰ ਸਥਾਪਤ ਹੋਇਆਂ ਅੱਧੀ ਸਦੀ ਤੋਂ ਵਧ ਸਮਾਂ ਹੋ ਚੁਕਾ ਹੈ ਅਤੇ ਭਾਈ ਜੋਧ ਸਿੰਘ ਵਰਗੇ ਵਿਦਿਆ ਸ਼ਾਸਤਰੀ ਇਸ ਦੇ ਪਹਿਲੇ ਉਪ ਕੁਲਪਤੀ ਹੋ ਗੁਜ਼ਰੇ ਹਨ ਪਰ ਇਸ ਨੂੰ ਦੇਸ਼ ਦੀ ਉਚਤਮ ਸਾਹਿਤ ਅਕਾਡਮੀ ਦੇ ਉਚ ਕੋਟੀ ਦੇ ਵਿਦਵਾਨਾਂ ਦੇ ਹਾਣ ਦੀ ਬਣਾਉਣ ਵਾਲਾ ਵਰਤਮਾਨ ਉਪ ਕੁਲਪਤੀ ਡਾ. ਜਸਪਾਲ ਸਿੰਘ ਹੀ ਹੈ। ਉਸ ਦੇ ਕਾਰਜ ਕਾਲ ਵਿਚ ਹੋਰਨਾਂ ਗੱਲਾਂ ਤੋਂ ਬਿਨਾ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੰਜਾਬੀ ਕਾਨਫਰੰਸਾਂ ਦਾ ਭਰਵਾਂ ਵਿਕਾਸ ਹੋਇਆ। ਉਸ ਨੂੰ ਇਹ ਇਨਾਮ ਤੇ ਸਨਮਾਨ ਤਾਮਿਲਨਾਦ ਦੇ ਰੰਗੀਨ ਸ਼ਹਿਰ ਕੋਇੰਬਟੂਰ ਵਿਖੇ ਵਖ ਵਖ ਭਾਸ਼ਾਵਾਂ ਦੇ ਉਘੇ ਵਿਦਵਾਨਾਂ ਦੀ ਹਾਜ਼ਰੀ ਵਿਚ ਦਿੱਤਾ ਗਿਆ ਹੈ। ਜਿਥੋਂ ਤੱਕ ਮੇਰਾ ਸਬੰਧ ਹੈ, ਮੇਰੇ ਲਈ ਇਹ ਯੂਨੀਵਰਸਿਟੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਪਿਛੋਂ ਦੂਜੀ ਯੂਨੀਵਰਸਿਟੀ ਹੈ ਜਿਸ ਨੇ ਮੇਰੀ ਸਾਹਿਤ ਤੇ ਸੰਚਾਰ ਦੀ ਸੇਵਾ ਨੂੰ ਪਛਾਣਿਆ। ਇਥੋਂ ਤੱਕ ਕਿ ਮੈਨੂੰ ਤਾਜੀਵਨ ਫੈਲੋਸ਼ਿਪ ਵੀ ਦੇ ਰਖੀ ਹੈ ਜਿਸ ਨੇ ਮੈਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਮਹਾਰਥੀਆਂ ਦੇ ਹਾਣ ਦਾ ਬਣਾ ਦਿੱਤਾ ਹੈ। ਪੰਜਾਬੀ ਯੂਨੀਵਰਸਿਟੀ ਨੂੰ ਨਵਾਂ ਸਨਮਾਨ ਮੁਬਾਰਕ।

**ਸੰਤ ਸੀਚੇਵਾਲ ਦਾ ਕਾਰਜ ਖੇਤਰ:** ਉਰਦੂ ਭਾਸ਼ਾ ਦਾ ਇੱਕ ਹਰਮਨ ਪਿਆਰਾ ਸ਼ੇਅਰ ਹੈ, 'ਹਜ਼ਾਰੋਂ ਬਰਸ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।' ਸੰਨ 1962 ਵਿਚ ਉਰਦੂ ਅਦੀਬ ਜੋਸ਼ ਮਲਸੀਹਾਨੀ ਦੇ ਕਸਬੇ ਨੇੜੇ ਸ਼ਾਹਕੋਟ (ਜਲੰਧਰ) ਤਹਿਸੀਲ ਦੇ ਪਿੰਡ ਸੀਚੇਵਾਲ ਵਿਚ ਜਨਮੇ ਬਲਬੀਰ ਸਿੰਘ ਸੀਚੇਵਾਲ ਨੇ ਦੋਨਾਂ ਖੇਤਰ ਨੂੰ ਦੁਨੀਆਂ ਦੇ ਨਕਸ਼ੇ ਉਤੇ ਉਭਾਰਨ ਦਾ ਕੰਮ ਕੀਤਾ ਹੈ। ਪਿੰਡ ਸੀਚੇਵਾਲ ਦੀ ਨਿਰਮਲ ਕੁਟੀਆ ਦੇ ਇਸ ਸੇਵਾਦਾਰ ਨੇ 1991 ਦੇ ਗੁਰੂ ਨਾਨਕ ਪੂਰਬ ਸਮੇਂ ਆਪਣੇ ਖੇਤਰ ਦੀਆਂ ਅਣਗੌਲੀਆਂ ਸੜਕਾਂ ਨੂੰ ਲੋਕ ਸੇਵਾ ਰਾਹੀਂ ਸੰਵਾਰਨ ਦਾ ਵਚਨ ਲਿਆ ਸੀ। ਸੰਤ ਸੀਚੇਵਾਲ ਦੀ ਅਣਥਕ ਸੇਵਾ ਦੇ ਫਲਸਰੂਪ ਰੇਤ ਵਿਚ ਫੈਲੇ ਮਲ੍ਹਿਆਂ ਤੇ ਬੂਝਿਆਂ ਨੂੰ ਢਾਹ ਢੁਹਾ ਕੇ ਲੋਕ ਮਨਾਂ ਵਿਚ ਅਜਿਹਾ ਜਾਦੂ ਧੂੜ੍ਹਿਆ ਕਿ ਕੁੱਲ ਖੇਤਰ ਮੋਢੇ ਨਾਲ ਮੋਢਾ ਡਾਹ ਕੇ ਆਪਣੇ ਪਿੰਡਾਂ ਦੀਆਂ ਸੜਕਾਂ ਨੂੰ ਸੁਧਾਰਨ ਜੁਟ ਗਿਆ। 'ਮੈਂ ਅਕੇਲਾ ਹੀ ਚਲਾ ਥਾ ਜਾਨਬ ਏ ਮੰਜਲ ਮਗਰ ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਿਆ' ਵਿਚਲੇ ਸੱਚ ਵਾਂਗ ਸੜਕਾਂ ਵਾਲੇ ਕ੍ਰਿਸ਼ਮੇ ਤੋਂ ਪ੍ਰਭਾਵਤ ਹੋ ਕੇ ਸੰਤ ਸੀਚੇਵਾਲ ਵਲੋਂ ਕਾਲੀ ਵੇਈਂ ਦੀ ਸਫਾਈ ਲਈ ਵਿਢੇ ਔਖੇ ਤੇ ਅਤਿ ਲੋੜੀਂਦੇ ਕੰਮ ਵਿਚ ਵੀ ਇਲਾਕਾ ਵਾਸੀਆਂ ਨੇ ਆਪਣਾ ਯੋਗਦਾਨ ਪਾਉਣ ਦਾ ਵਚਨ ਲਿਆ। ਧੁਰ ਥਲੇ ਦੀਆਂ ਜੜੀ ਬੂਟੀਆਂ ਤੇ ਸ਼ਹਿਰਾਂ ਕਸਬਿਆਂ ਦੇ ਗੰਦੇ ਪਾਣੀ ਨਾਲ ਕਾਲੀ ਹੋਈ ਇਸ ਵੇਈਂ ਨੂੰ ਸ਼ੀਸ਼ੇ ਵਾਂਗ ਚਮਕਾਉਣ ਵਾਲੇ ਉਸ ਦੇ ਕਾਰਜ ਨੇ ਭਾਰਤ ਦੇ ਵਿਗਿਆਨੀ ਰਾਸ਼ਟਰਪਤੀ ਡਾ. ਅਬਦੁਲ ਕਲਾਮ ਨੂੰ ਹੀ ਇਸ ਦੀ ਪਵਿਤਰਤਾ ਦੇਖਣ ਲਈ ਨਹੀਂ ਖਿੱਚਿਆ ਸਗੋਂ ਸੰਤ ਸੀਚੇਵਾਲ ਨੂੰ ਵਿੰਡਸਰ ਯੂ ਕੇ ਤੇ ਕੋਪਨਹੈਗਨ ਦੀਆਂ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਸਦ ਕੇ ਮਾਣ ਸਨਮਾਨ ਪ੍ਰਾਪਤ ਕਰਨ ਦੇ ਯੋਗ ਵੀ ਕੀਤਾ।





ਇਹ ਵੀ ਖੁਸ਼ੀ ਦੀ ਗੱਲ ਹੈ ਕਿ ਇਸ ਖੇਤਰ ਦੀਆਂ ਪ੍ਰਾਪਤੀਆਂ ਪੁਸਤਕ (ਮੋਠ, ਬਾਜਰੇ ਦੀ ਜੂਹ, ਪੰਜਾਬੀ ਸੱਥ ਲਾਂਬੜਾ, ਪੰਨੇ 240, ਮੁੱਲ 200 ਰੁਪਏ) ਰੂਪ ਦੇਣ ਦਾ ਕਾਰਜ ਦੋਨਾਂ ਪੰਜਾਬੀ ਸੱਥ ਦੇ ਸੰਚਾਲਕ ਸੂਬੇਦਾਰ ਸ਼ਿਵ ਸਿੰਘ ਨੇ ਬੜੀ ਸੂਝ-ਬੂਝ ਤੇ ਮਿਹਨਤ ਨਾਲ ਨੇਪਰੇ ਚਾੜ੍ਹਿਆ ਹੈ। ਉਸ ਨੇ ਇਹ ਪੁਸਤਕ ਆਪਣੇ ਖੇਤਰ ਦੇ ਵਿਛੜ ਗਏ ਵਿਦਵਾਨਾਂ ਨੂੰ ਸਮਰਪਿਤ ਕੀਤੀ ਹੈ। ਇਸ ਲੜੀ ਵਿਚ ਉਸ ਨੇ ਜਲੰਧਰ ਨਾਲ ਸਬੰਧਤ ਇੰਦਰ ਕੁਮਾਰ ਗੁਜਰਾਲ (ਪ੍ਰਧਾਨ ਮੰਤਰੀ), ਸਵਰਨ ਸਿੰਘ (ਵਿਦੇਸ਼ ਮੰਤਰੀ), ਚੌਧਰੀ ਮੁਹੰਮਦ ਅਲੀ (ਪ੍ਰਧਾਨ ਮੰਤਰੀ ਪਾਕਿਸਤਾਨ), ਅਨਵਰ ਉਲ ਹੱਕ (ਚੀਫ ਜਸਟਿਸ ਪਾਕਿਸਤਾਨ ਸੁਪਰੀਮ ਕੋਰਟ), ਜਨਰਲ ਜ਼ਿਆ-ਉਲ-ਹੱਕ (ਪਾਕਿਸਤਾਨੀ ਰਾਸ਼ਟਰਪਤੀ), ਇਮਰਾਨ ਖਾਨ (ਕ੍ਰਿਕਟ ਕਪਤਾਨ), ਕਵੀ ਅਵਤਾਰ ਸਿੰਘ ਪਾਸ਼ ਤੇ ਅੱਧੀ ਦਰਜਨ ਸੈਨਿਕ ਸ਼ਹੀਦਾਂ ਦੇ ਵੀ ਵੇਰਵੇ ਦਿੱਤੇ ਹਨ। ਇਹ ਸਾਰੇ ਜਲੰਧਰ ਜ਼ਿਲੇ ਨਾਲ ਸਬੰਧਤ ਸਨ। ਆਪਣੀ ਪੁਸਤਕ ਵਿਚ ਉਸ ਨੇ ਤਸਵੀਰਾਂ ਤੇ ਨਕਸ਼ਿਆਂ ਸਮੇਤ ਦੋਨਾਂ ਪੰਜਾਬੀ ਸਥ ਵਰਗੀਆਂ ਹੋਰ ਸੱਥਾਂ ਦੇ ਨਾਂ ਪਤੇ ਵੀ ਦਿੱਤੇ ਹਨ।

ਦੁਆਬੇ ਦੇ ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਨੇ ਕਾਲੀ ਵੇਈਂ ਤਾਂ ਪਵਿਤਰ ਕਰ ਦਿੱਤੀ ਪਰ ਅੰਡੇਮਾਨ ਤੇ ਨਿਕੋਬਾਰ ਦੇ ਕਾਲੇ ਪਾਣੀਆਂ ਨੂੰ ਸੋਧਣ ਵਾਲਾ ਪੂਰੇ ਭਾਰਤ ਵਿਚ ਹੋਰ ਕੋਈ ਨਹੀਂ ਨਿਤਰਿਆ। ਸ਼ਿਵ ਸਿੰਘ ਦੀ ਇਸ ਪੁਸਤਕ ਵਿਚ ਸੁਤੰਤਰ ਭਾਰਤ ਦੀ ਪ੍ਰਥਮ ਸਿਹਤ ਮੰਤਰੀ ਰਾਜ ਕੁਮਾਰੀ ਅੰਮ੍ਰਿਤ ਕੌਰ, ਦਿੱਲੀ ਦੀ ਸਾਬਕਾ ਮੁਖ ਮੰਤਰੀ ਸ਼ੀਲਾ ਦੀਕਸ਼ਿਤ ਤੇ ਪੰਜਾਬ ਕਲਾ ਪ੍ਰੀਸ਼ਦ ਵਿਚ ਮੇਰੀ ਉਤਰ-ਅਧਿਕਾਰੀ ਹਰਿੰਦਰ ਕੌਰ ਨੂੰ ਵੀ ਉਚੇਚ ਨਾਲ ਚੇਤੇ ਕੀਤਾ ਹੈ। ਪਰ ਮੋਠ, ਬਾਜਰੇ ਤੇ ਮੂੰਗਫਲੀ ਦੀ ਕਾਸ਼ਤ ਲਈ ਜਾਣੇ ਜਾਂਦੇ ਇਸ ਖੇਤਰ ਨੂੰ ਵਿਕਾਸ ਦਾ ਨਵਾਂ ਤੇ ਸੁੱਚਾ ਮਾਡਲ ਦੇਣ ਵਾਲਾ ਸੰਤ ਬਲਬੀਰ ਸਿੰਘ ਸੀਚੇਵਾਲ ਹੀ ਹੈ। ਅਸੀਂ ਉਸ ਦੀ ਲੰਮੀ ਤੇ ਸਿਹਤਮੰਦ ਉਮਰਾ ਲਈ ਦੁਆ ਕਰਦੇ ਹਾਂ।

**ਅੰਤਿਕਾ:**

ਮੇਰਿਆਂ ਖੰਭਾਂ 'ਚ<br>
ਇਕ ਪਰਵਾਜ਼ ਤੜਪੇ ਰਾਤ ਦਿਨ,<br>
ਪਹਿਨ ਕੇ ਬੈਠੀ ਰਹਾਂ<br>
ਮੈਂ ਝਾਂਜਰਾਂ, ਹਰਗਿਜ਼ ਨਹੀਂ।

## ਅਫ਼ਸਾਨਾ-ਏ-ਅਫ਼ਗਾਨਿਸਤਾਨ-3


# ਇਉਂ ਹੋਈ ਤਾਲਿਬਾਨ ਦੀ ਚੜ੍ਹਤ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੇ ਹੋ...

**ਅਫਗਾਨਿਸਤਾਨ ਵਿਚ ਸਦੀਆਂ ਤੋਂ ਉਠਦੇ ਰਹੇ ਸਿਆਸੀ ਤੂਫਾਨਾਂ ਦੌਰਾਨ ਵੱਖ ਵੱਖ ਸ਼ਾਸਕਾਂ ਨੇ ਆਪਣੀ ਪੈਂਠ ਬਣਾਈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ। ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ ਜੋ ਅੱਜ ਵੀ ਮਾਰ ਕਰ ਰਹੀ ਹੈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾ ਦਿੱਤਾ। ਪਹਿਲਾਂ ਰੂਸ ਦੇ ਦਖਲ ਤੇ ਫਿਰ ਇਸ ਦੀ ਵਾਪਸੀ ਨਾਲ ਵੀ ਹਾਲਾਤ ਜਿਉਂ ਦੇ ਤਿਉਂ ਰਹੇ। ਹੁਣ ਪੜ੍ਹੋ ਇਸ ਤੋਂ ਅੱਗੇ...**

20ਵੀਂ ਸਦੀ ਦੇ ਸੱਤਵੇਂ ਦਹਾਕੇ ਦਰਮਿਆਨ ਸ਼ੁਰੂ ਹੋਈ ਲੜਾਈ ਤੇ ਪਿੱਛੋਂ ਬਣੀ ਇਸ ਘਰੇਲੂ ਜੰਗ ਵਿਚ ਪੰਦਰਾਂ ਲੱਖ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਸਨ ਤੇ ਰੋਜ਼ ਸੈਂਕੜੇ ਮਰ ਰਹੇ ਸਨ। ਇਸ ਤਰ੍ਹਾਂ ਦੇ ਹਾਲਾਤ ਵਿਚ ਕੁਝ ਲੋਕ ਅਜਿਹੇ ਵੀ ਸਨ ਜੋ ਅਫਗਾਨਿਸਤਾਨ ਦੀ ਬਰਬਾਦੀ ਬਾਰੇ ਫਿਕਰਮੰਦ ਸਨ। ਇਹ ਉਹ ਨੌਜਵਾਨ ਲੜਾਕੇ ਸਨ ਜਿਹੜੇ ਰੂਸ ਖਿਲਾਫ ਲੜੇ ਸਨ ਅਤੇ ਪਿੱਛੋਂ ਜਾ ਕੇ ਤਾਲਿਬਾਨ ਲਹਿਰ ਦੇ ਕਰਤਾ-ਧਰਤਾ ਬਣੇ। ਮੁੱਲਾ ਉਮਰ, ਮੁੱਲਾ ਮੁਹੰਮਦ



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਹਸਨ ਰਹਿਮਾਨੀ, ਨੂਰਦੀਨ ਤਰਾਬੀ, ਮੁਹੰਮਦ ਗੌਸ, ਮੁੱਲਾ ਵਕੀਲ ਅਹਿਮਦ, ਅਬਦਲ ਮਜੀਦ ਅਤੇ ਬਹੁਤ ਸਾਰੇ ਹੇਠਲੀ ਸਤਰ ਦੇ ਲੜਾਕੇ ਇਨ੍ਹਾਂ ਵਿਚੋਂ ਇੱਕ ਸਨ। ਇਨ੍ਹਾਂ ਦਾ ਸੋਚਣਾ ਸੀ ਕਿ ਰੂਸ ਖਿਲਾਫ ਇੰਨੀ ਭਿਆਨਕ ਲੜਾਈ ਲੜਨ ਦਾ ਫਾਇਦਾ ਕੀ ਹੋਇਆ ਜਦੋਂ ਹਾਲਤ ਹੀ ਸੁਧਰ ਨਹੀਂ ਸਕੀ। ਇਨ੍ਹਾਂ ਦਾ ਮੰਨਣਾ ਸੀ ਕਿ ਇਹ ਲੜਾਕੇ (ਵਾਰ ਲੌਰਡ) ਅਤੇ ਲੀਡਰ ਕਿਸੇ ਸਾਂਝੇ ਕੰਮ ਲਈ ਨਹੀਂ, ਸਗੋਂ ਆਪੋ ਆਪਣੇ ਹਿਤਾਂ ਲਈ ਕਬਜ਼ੇ ਜਮਾਈ ਬੈਠੇ ਹਨ। ਇਨ੍ਹਾਂ ਨੂੰ ਲੱਗਦਾ ਸੀ ਕਿ ਇਨ੍ਹਾਂ ਲੀਡਰਾਂ ਨੂੰ ਸੱਤਾ ਤੋਂ ਪਾਸੇ ਕਰਨਾ ਉਤਨਾ ਹੀ ਜ਼ਰੂਰੀ ਹੈ ਜਿੰਨਾ ਰੂਸ ਨੂੰ ਭਜਾਉਣਾ ਸੀ।

ਇਹ ਲੋਕ ਸਾਂਝੀਆਂ ਮੀਟਿੰਗਾਂ ਬਗੈਰਾ ਕਰ ਕੇ ਇਕ ਦੂਜੇ ਦੇ ਰਾਬਤੇ ਵਿਚ ਸਨ। ਇਨ੍ਹਾਂ ਦੀ ਸੋਚ ਸੀ ਕਿ ਅਫਗਾਨਿਸਤਾਨ ਅੰਦਰ ਪੱਕੇ ਤੌਰ 'ਤੇ ਸੁਖ ਸ਼ਾਂਤੀ ਲਈ ਇੱਕ ਹੋਰ ਵੱਡੀ ਲੜਾਈ ਲੜਨੀ ਪਵੇਗੀ। ਇਸ ਦੇ ਲਈ ਜਿਨ੍ਹਾਂ ਲੜਾਕਿਆਂ ਦੀ ਲੋੜ ਪੈਣੀ ਸੀ, ਉਹ ਵੀ ਇਨ੍ਹਾਂ ਦੀ ਨਜ਼ਰ ਵਿਚ ਸਨ; ਇਹ ਸਨ ਪਾਕਿਸਤਾਨ ਦੇ ਪਿਸ਼ਾਵਰ ਇਲਾਕੇ ਵਿਚਲੇ ਮਦਰੱਸਿਆਂ ਅੰਦਰ ਤਾਲੀਮ ਹਾਸਲ ਕਰਨ ਵਾਲੇ ਅਫਗਾਨ ਰਿਫਿਊਜੀ ਬੱਚੇ। ਇਨ੍ਹਾਂ ਵਿਚ ਬਹੁਤੇ ਯਤੀਮ ਸਨ ਜੋ ਜ਼ਿਆਦਾਤਰ ਜਨਮੇ ਹੀ ਪਾਕਿਸਤਾਨ ਵਿਚ ਸਨ ਜਾਂ ਫਿਰ ਬਹੁਤ ਛੋਟੀ ਉਮਰ 'ਚ ਅਫਗਾਨਿਸਤਾਨ ਵਿਚੋਂ ਪਰਿਵਾਰਾਂ ਨਾਲ ਭੱਜ ਕੇ ਗਏ ਸਨ। ਇਨ੍ਹਾਂ 'ਚੋਂ ਬਹੁਤਿਆਂ ਦੇ ਮਾਪੇ ਜੰਗ ਦੌਰਾਨ ਮਾਰੇ ਜਾ ਚੁੱਕੇ ਸਨ। ਇਨ੍ਹਾਂ ਨੂੰ ਮਦਰੱਸਿਆਂ ਅੰਦਰ ਮਜ਼ਹਬੀ ਤਾਲੀਮ ਦੇ ਨਾਲ ਨਾਲ ਜਹਾਦ ਦੀ ਸਿੱਖਿਆ ਦਿੱਤੀ ਜਾ ਰਹੀ ਸੀ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਇਨ੍ਹਾਂ ਨੂੰ ਤਿਆਰ ਕਰ ਰਹੀ ਸੀ। ਇਹ ਸਾਰੇ ਵੀਹ ਸਾਲ ਤੋਂ ਛੋਟੀ ਉਮਰ ਦੇ ਸਨ। ਇਨ੍ਹਾਂ ਨੂੰ ਤਾਲਿਬ ਕਿਹਾ ਜਾਂਦਾ ਸੀ (ਤਾਲਿਬ ਦਾ ਮਤਲਬ ਵਿਦਿਆਰਥੀ; ਤਾਲਿਬਾਨ, ਤਾਲਿਬ ਦਾ ਬਹੁ-ਬਚਨ ਹੈ)। ਇਹ ਸ਼ਬਦ ਮੁੱਲਾ ਦੇ ਉਲਟ ਹੈ(ਮੁੱਲਾ ਦਾ ਮਤਲਬ ਹੈ ਸਿੱਖਿਆ ਦੇਣ ਵਾਲਾ)। ਮੁੱਲਾ ਉਮਰ ਅਤੇ ਉਸ ਦੇ ਸਾਥੀਆਂ ਨੇ ਇਨ੍ਹਾਂ ਨੂੰ ਸੰਭਾਲਣ ਵਾਲਿਆਂ ਨਾਲ ਨੇੜਲਾ ਸਬੰਧ ਬਣਾਇਆ ਹੋਇਆ ਸੀ। ਉਹ ਕਿਸੇ ਢੁਕਵੇਂ ਮੌਕੇ ਦੀ ਭਾਲ ਵਿਚ ਸਨ, ਜਿਥੋਂ ਲੜਾਈ ਸ਼ੁਰੂ ਕੀਤੀ ਜਾਵੇ। ਫਿਰ ਅਚਨਚੇਤ ਇਹ ਢੁਕਵਾਂ ਵਕਤ ਆਣ ਪਹੁੰਚਿਆ।

ਮੁੱਲਾ ਉਮਰ ਗਰੀਬ ਪਰਿਵਾਰ ਵਿਚ ਜਨਮਿਆਂ ਸਾਧਾਰਨ ਪੇਂਡੂ ਕਿਸਾਨ ਸੀ। ਉਹ ਕੰਧਾਰ ਦੇ ਜ਼ਿਲ੍ਹਾ ਮੇਵੰਡ ਵਿਚ ਪੈਂਦੇ ਪਿੰਡ ਸਿੰਗੇਸਰ ਅੰਦਰ ਛੋਟਾ ਜਿਹਾ ਮਦਰੱਸਾ ਚਲਾਉਂਦਾ ਸੀ। ਉਸ ਨੇ 1989 ਤੋਂ 1992 ਤੱਕ ਹਿਜ਼ਬ-ਏ-ਇਸਲਾਮੀ ਪਾਰਟੀ ਦੀ ਕਮਾਂਡ ਵਿਚ ਜਹਾਦ 'ਚ ਹਿੱਸਾ ਲਿਆ ਸੀ। ਨਜੀਬਉੱਲਾ ਦੀ ਸਰਕਾਰ ਖਤਮ ਹੋਣ ਪਿੱਛੋਂ ਉਹ ਆਪਣੇ ਪਿੰਡ ਮੁੜ ਆਇਆ ਤੇ ਫਿਰ ਤੋਂ ਮਦਰੱਸਾ ਚਲਾਉਣ ਲਿਆ। ਉਦੋਂ ਤੱਕ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹੋ ਇਨਸਾਨ ਇੱਕ ਦਿਨ ਤਾਲਿਬਾਨ ਦਾ ਸਭ ਤੋਂ ਵੱਡਾ ਅਤੇ ਤਾਕਤਵਰ ਲੀਡਰ ਬਣੇਗਾ। ਉਸ ਵੇਲੇ ਨਵੇਂ ਤਾਲਿਬ, ਗਰੁੱਪ ਬਣਾ ਕੇ ਇੱਧਰ-ਉੱਧਰ ਘੁੰਮ ਰਹੇ ਸਨ, ਪਰ ਯੋਗ ਅਗਵਾਈ ਬਿਨਾਂ ਇਨ੍ਹਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰਨ! ਫਿਰ ਉਸ ਵੇਲੇ ਸਬੱਬੀਂ ਅਜਿਹੀ ਘਟਨਾ ਵਾਪਰ ਗਈ ਜਿਸ ਨਾਲ ਮੁੱਲਾ ਉਮਰ ਲਈ ਉਚਾਈਆਂ ਵੱਲ ਜਾਣ ਦਾ ਰਾਹ ਖੁੱਲ੍ਹ ਗਿਆ। ਹੋਇਆ ਇਹ ਕਿ ਕੰਧਾਰ ਇਲਾਕੇ ਦੇ ਕਿਸੇ ਫੌਜੀ ਕਮਾਂਡਰ ਨੇ ਨੇੜਲੇ ਕਿਸੇ ਪਿੰਡ ਦੀ ਮੁਟਿਆਰ ਅਗਵਾ ਕਰ ਲਈ। ਉਥੋਂ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਮੁੱਲਾ ਉਮਰ ਨੇਕ ਮਜ਼ਹਬੀ ਸ਼ਖਸੀਅਤ ਅਤੇ ਚੰਗਾ ਲੜਾਕਾ ਸੀ। ਪਿੰਡ ਵਾਲਿਆਂ ਨੇ ਉਸ ਦੀ ਮਦਦ ਮੰਗੀ। ਸਮਾਜਕ ਕੰਮ ਹੋਣ ਕਰ ਕੇ ਉਹ ਮੰਨ ਗਿਆ। ਉਸ ਨੇ ਇਲਾਕੇ 'ਚੋਂ ਪੰਝੀ ਤੀਹ ਲੜਾਕੇ ਮੁੰਡੇ ਇਕੱਠੇ ਕੀਤੇ ਤੇ ਰਾਤ ਦੇ ਹਨੇਰੇ ਵਿਚ ਕਮਾਂਡਰ ਦੀ ਪੋਸਟ 'ਤੇ ਹੱਲਾ ਬੋਲ ਦਿੱਤਾ। ਫਿਰ ਨਾ ਸਿਰਫ ਉਸ ਨੇ ਕੁੜੀ ਨੂੰ ਰਿਹਾਅ ਕਰਵਾਇਆ, ਸਗੋਂ ਕਮਾਂਡਰ ਨੂੰ ਮਾਰ ਕੇ ਲਾਸ਼ ਟੈਂਕ ਦੀ ਨਾਲੀ ਨਾਲ ਟੰਗ ਦਿੱਤੀ। ਉਸ ਦਾ ਸਾਰਾ ਅਸਲਾ ਵੀ ਚੁੱਕ ਲਿਆਂਦਾ। ਅਗਲੇ ਦਿਨ ਲੋਕਾਂ ਨੇ ਕਮਾਂਡਰ ਦੀ ਲਾਸ਼ ਲਮਕਦੀ ਵੇਖੀ ਤੇ ਪੂਰੀ ਘਟਨਾ ਸੁਣੀ ਤਾਂ ਹਰ ਪਾਸੇ ਮੁੱਲਾ ਉਮਰ ਦਾ ਗੁਣਗਾਨ ਹੋਣ ਲੱਗਿਆ। ਫਿਰ ਤਾਂ ਹਰ ਦੂਜੇ ਤੀਜੇ ਦਿਨ, ਮੁਕਾਮੀ ਕਮਾਂਡਰਾਂ ਦੇ ਸਤਾਏ ਲੋਕ, ਮੁੱਲਾ ਉਮਰ ਕੋਲ ਪਹੁੰਚਣ ਲੱਗੇ। ਉਹ ਵੀ ਪੂਰੀ ਤਨਦੇਹੀ ਨਾਲ ਲੋਕਾਂ ਦੀ ਮੱਦਦ ਕਰਨ ਲੱਗਿਆ। ਹੌਲੀ ਹੌਲੀ ਇਲਾਕੇ ਵਿਚ ਉਸ ਦਾ ਨਾਂ ਗੂੰਜਣ ਲੱਗਿਆ ਤੇ ਉਹ ਤਾਲਿਬਾਨ ਦੀ ਨਜ਼ਰ ਚੜ੍ਹ ਗਿਆ। ਸਾਰਿਆਂ ਨੇ ਇਕੱਠੇ ਹੋ ਕੇ ਉਸ ਨੂੰ ਆਪਣਾ ਨੇਤਾ ਬਣਨ ਲਈ ਬੇਨਤੀ ਕੀਤੀ। ਮੁੱਲਾ ਉਮਰ ਮੰਨ ਗਿਆ। ਥੋੜ੍ਹੇ ਦਿਨਾਂ ਪਿੱਛੋਂ ਹੀ ਉਸ ਨੇ ਸਾਰਿਆਂ ਦੀ ਵੱਡੀ ਮੀਟਿੰਗ ਬੁਲਾਈ ਜਿਸ 'ਚ ਦੂਰ-ਪਾਰ ਦੇ ਸਭ ਤਾਲਿਬ ਪਹੁੰਚੇ। ਇਥੇ ਹੀ ਉਨ੍ਹਾਂ ਰਣਨੀਤੀ ਬਣਾਉਂਦਿਆਂ ਆਪਣਾ ਏਜੰਡਾ ਤੈਅ ਕੀਤਾ।

ਸੋ, ਅਫਗਾਨਿਸਤਾਨ ਵਿਚ ਸ਼ਾਂਤੀ ਸਥਾਪਤ ਕਰਨਾ, ਲੋਕਾਂ ਕੋਲੋਂ ਨਜਾਇਜ਼ ਅਸਲਾ ਜਮਾਂ ਕਰਵਾਉਣਾ, ਸ਼ਰੀਅਤ ਕਾਨੂੰਨ ਲਾਗੂ ਕਰਨਾ ਤੇ ਅਫਗਾਨਿਸਤਾਨ ਦੀ ਗੁਆਚੀ ਅਣਖ ਹਾਸਿਲ ਕਰਨਾ ਸਾਂਝਾ ਏਜੰਡਾ ਬਣ ਗਿਆ। ਇਸ ਦੇ ਨਾਲ ਹੀ ਖਿੰਡੇ ਫਿਰਦੇ ਅਤੇ ਪਾਕਿਸਤਾਨ ਦੇ ਮਦਰੱਸਿਆਂ ਵਿਚ ਤਾਲੀਮ ਹਾਸਿਲ ਕਰ ਰਹੇ ਤਾਲਿਬ, ਮੁੱਲਾ ਉਮਰ ਦੇ ਝੰਡੇ ਹੇਠਾਂ ਇਕੱਠੇ ਹੋਣ ਲੱਗੇ। ਛੇਤੀ ਹੀ ਇਹ ਤਾਲਿਬਾਨ ਵਜੋਂ ਮਸ਼ਹੂਰ ਹੋ ਗਏ। ਹੁਣ ਇਨ੍ਹਾਂ ਦਾ ਪਹਿਲਾ ਕੰਮ ਹਰ ਪਾਸੇ ਪੈਰ ਜਮਾਈ ਬੈਠੇ ਭ੍ਰਿਸ਼ਟ ਤੇ ਜ਼ਾਲਮ ਕਮਾਂਡਰਾਂ ਤੋਂ ਅਫਗਾਨਿਸਤਾਨ ਨੂੰ ਆਜ਼ਾਦ ਕਰਵਾਉਣਾ ਸੀ। ਪਾਕਿਸਤਾਨ ਨੇ ਤਾਲਿਬਾਨ ਲਹਿਰ ਨੂੰ ਉਤਸ਼ਾਹ ਨਾਲ ਵੇਖਿਆ। ਤਾਲਿਬਾਨ ਨੇ ਪਹਿਲਾ ਫੌਜੀ ਹਮਲਾ, ਪਾਕਿਸਤਾਨ ਦੇ ਚਮਨ ਬਾਰਡਰ 'ਤੇ ਪੈਂਦੀ ਅਫਗਾਨਿਸਤਾਨ ਅੰਦਰਲੀ ਸਪਿਨ ਬਾਲਡਿਕ



*ਪਾਕਿਸਤਾਨ ਦੇ ਚਮਨ ਬਾਰਡਰ 'ਤੇ ਪੈਂਦੀ ਅਫਗਾਨਿਸਤਾਨ ਅੰਦਰਲੀ ਸਪਿਨ ਬਾਲਡਿਕ ਚੈੱਕ ਪੋਸਟ ਜਿਸ 'ਤੇ ਤਾਲਿਬਾਨ ਨੇ ਪਹਿਲਾ ਹਮਲਾ ਕੀਤਾ ਸੀ।*

ਨਾਮੀ ਚੈੱਕ ਪੋਸਟ 'ਤੇ ਕੀਤਾ। ਇਸ ਇਲਾਕੇ ਵਿਚ ਗੁਲਬੁਦੀਨ ਹਿਕਮਤਯਾਰ ਦਾ ਕਬਜ਼ਾ ਸੀ ਤੇ ਇਹ ਚੈੱਕ ਪੋਸਟ ਉਸੇ ਦੀ ਨਿਗਰਾਨੀ ਹੇਠ ਸੀ। ਦੋ ਕੁ ਸੌ ਦੇ ਕਰੀਬ ਤਾਲਿਬਾਨ ਨੇ ਨਵੀਨ ਹਥਿਆਰਾਂ ਨਾਲ ਹੱਲਾ ਬੋਲਿਆ ਤੇ ਹਿਕਮਤਯਾਰ ਦੇ ਲੜਾਕਿਆਂ ਨੂੰ ਖਦੇੜ ਦਿੱਤਾ। ਉਹ ਕਾਮਯਾਬ ਹੋ ਗਏ ਤਾਂ ਪਾਕਿਸਤਾਨ ਨੇ ਸ਼ਹਿ ਦੇ ਕੇ ਉਨ੍ਹਾਂ ਤੋਂ ਹਿਕਮਤਯਾਰ ਦੇ ਨੇੜਲੇ ਲੁਕਵੇਂ ਫੌਜੀ ਡਿੱਪੂ ਦੇ ਹੱਲਾ ਕਰਵਾ ਦਿੱਤਾ। ਤਾਲਿਬਾਨ ਇਸ ਵਿਚ ਵੀ ਕਾਮਯਾਬ ਹੋ ਗਏ ਤੇ ਉਨ੍ਹਾਂ ਨੇ ਹਿਕਮਤਯਾਰ ਦਾ ਬਹੁਤ ਸਾਰਾ ਫੌਜੀ ਸਾਜ਼ੋ-ਸਮਾਨ ਹਥਿਆ ਲਿਆ ਜਿਸ ਵਿਚ ਹਜ਼ਾਰਾਂ ਏ.ਕੇ. ਸੰਤਾਲੀ ਰਾਈਫਲਾਂ ਅਤੇ ਵੱਡੇ ਹਥਿਆਰ ਸ਼ਾਮਲ ਸਨ। ਇਸ ਘਟਨਾ ਨੇ ਤਾਲਿਬਾਨ ਦੇ ਹੌਸਲੇ ਬੁਲੰਦ ਕਰ ਦਿੱਤੇ। ਇਸ ਵੇਲੇ ਇਲਾਕੇ ਦੇ ਵਾਰਲੌਰਡਾਂ ਨੇ ਇਸ ਘਟਨਾ ਨੂੰ ਫਿਕਰ ਨਾਲ ਜ਼ਰੂਰ ਵੇਖਿਆ, ਪਰ ਉਨ੍ਹਾਂ ਆਪਣਾ ਆਪ ਸੰਭਾਲਣ ਲਈ ਕੁਝ ਨਾ ਕੀਤਾ। ਉਹ ਖੁਦ ਅਤੇ ਉਨ੍ਹਾਂ ਦੀ ਫੌਜ ਸ਼ਾਇਦ ਲੰਬੀ ਲੜਾਈ ਲੜਦੇ ਹੰਭੇ ਪਏ ਸਨ ਜਦੋਂ ਕਿ ਤਾਲਿਬਾਨ ਤਾਜ਼ਾ ਦਮ, ਨਵਾਂ ਜੋਸ਼ ਅਤੇ ਚੜ੍ਹਦੀ ਉਮਰ ਹੋਣ ਕਾਰਨ ਕੁਦਾੜੀਆਂ ਮਾਰ ਰਹੇ ਸਨ।

ਤਾਲਿਬਾਨ ਦਾ ਅਗਲਾ ਨਿਸ਼ਾਨਾ ਕੰਧਾਰ ਹਵਾਈ ਅੱਡੇ ਨੇੜੇ ਡੇਰਾ ਜਮਾਈ ਬੈਠੀ ਵੱਡੇ ਕਮਾਂਡਰ ਦੀ ਫੌਜ ਸੀ। ਉਨ੍ਹਾਂ ਅਚਨਚੇਤ ਹੱਲਾ ਬੋਲਿਆ ਤਾਂ ਫੌਜ ਦੇ ਪੈਰ ਉੱਖੜ ਗਏ। ਕਮਾਂਡਰ ਖੁਦ ਭੱਜਣ ਦੀ ਤਾਕ 'ਚ ਸੀ ਕਿ ਤਾਲਿਬਾਨ ਨੇ ਉਸ ਨੂੰ ਫੜ ਕੇ ਮਾਰ ਮੁਕਾਇਆ। ਉਸ ਦੇ ਹੋਰ ਵੀ ਕਾਫੀ ਸਾਰੇ ਅਫਸਰ ਮਾਰੇ ਗਏ। ਇਥੋਂ ਵੀ ਬਹੁਤ ਸਾਰਾ ਅਸਲਾ ਤਾਲਿਬਾਨ ਦੇ ਹੱਥ ਲੱਗਿਆ ਤੇ ਉਨ੍ਹਾਂ ਨੇ ਏਅਰਪੋਰਟ 'ਤੇ ਵੀ ਕਬਜ਼ਾ ਜਮਾ ਲਿਆ। ਅਗਲੇ ਦਿਨ ਉਨ੍ਹਾਂ ਕੰਧਾਰ ਸ਼ਹਿਰ 'ਤੇ ਭਰਵਾਂ ਹੱਲਾ ਬੋਲਿਆ। ਇਥੇ ਵੀ ਕਮਾਂਡਰ ਫੌਜ ਲੈ ਕੇ ਭੱਜ ਗਿਆ ਅਤੇ ਤਾਲਿਬਾਨ ਦਾ ਸ਼ਹਿਰ 'ਤੇ ਮੁਕੰਮਲ ਕਬਜ਼ਾ ਹੋ ਗਿਆ। ਅਸਲ ਵਿਚ ਇਸ ਕਮਾਂਡਰ ਦੇ ਹੇਠਲੇ ਅਫਸਰ ਤਾਲਿਬਾਨ ਨੇ ਖਰੀਦ ਲਏ ਸਨ ਤੇ ਉਹ ਬਿਨਾਂ ਲੜਿਆਂ ਹੀ ਭੱਜ ਨਿੱਕਲੇ। ਇਥੇ ਤਾਲਿਬਾਨ ਨੇ ਨਾ ਸਿਰਫ ਜਿੱਤ ਹਾਸਲ ਕੀਤੀ ਸਗੋਂ ਉਨ੍ਹਾਂ ਦੇ ਹੱਥ, ਲੜਾਈ ਦਾ ਹੋਰ ਵੱਡਾ ਸਾਜ਼ੋ-ਸਾਮਾਨ ਵੀ ਆ ਗਿਆ ਜਿਸ ਵਿਚ ਅੱਧੀ ਦਰਜਨ ਲੜਾਕੇ ਜਹਾਜ਼ ਅਤੇ ਹੈਲੀਕਾਪਟਰ ਸਨ। ਹੁਣ ਤਾਲਿਬਾਨ ਜੋਸ਼ੋ-ਖਰੋਸ਼ ਨਾਲ ਹੋਰ ਸ਼ਹਿਰਾਂ ਵੱਲ ਵਧਣ ਲੱਗੇ। ਹਰ ਪਾਸੇ ਤਾਲਿਬਾਨ ਦੀ ਚੜ੍ਹਾਈ ਦੀਆਂ ਖਬਰਾਂ ਘੁੰਮਣ ਲੱਗੀਆਂ। ਤਾਲਿਬਾਨ ਦੀ ਚੜ੍ਹਤ ਤੋਂ ਪ੍ਰਭਾਵਤ ਹੋ ਕੇ ਪਾਕਿਸਤਾਨ ਦੇ ਮਦਰੱਸਿਆਂ 'ਚੋਂ ਅਫਗਾਨ ਤਾਲਿਬਾਨ ਤੋਂ ਇਲਾਵਾ, ਪਾਕਿਸਤਾਨੀ ਨੌਜਵਾਨ ਵੀ ਤਾਲਿਬਾਨ ਲਹਿਰ ਵਿਚ ਹਿੱਸਾ ਲੈਣ ਲਈ ਇੱਧਰ ਨੂੰ ਭੱਜ ਤੁਰੇ। ਇਨ੍ਹਾਂ ਵਿਚ ਬਲੋਚਿਸਤਾਨ ਅਤੇ ਸਰਹੱਦੀ ਸੂਬੇ (ਹੁਣ ਪਖਤੂਨਖਵਾ) ਇਲਾਕੇ ਦੇ ਵੀ ਲੜਾਕੇ ਸਨ। ਛੇਤੀ ਹੀ ਤਾਲਿਬਾਨ ਫੌਜ ਦੀ ਗਿਣਤੀ ਪੰਦਰਾਂ ਹਜ਼ਾਰ ਤੱਕ ਪਹੁੰਚ ਗਈ। ਇਹ ਗਿਣਤੀ ਦਿਨੋ ਦਿਨ ਵਧਦੀ ਗਈ ਅਤੇ ਉਨ੍ਹਾਂ ਹੋਰ ਇਲਾਕੇ ਜਿੱਤਣ ਦੀ ਮੁਹਿੰਮ ਤੇਜ਼ੀ ਨਾਲ ਜਾਰੀ ਰੱਖੀ। ਕੁਝ ਹੀ ਮਹੀਨਿਆਂ ਵਿਚ ਦੱਖਣ ਵੱਲ ਅਤੇ ਮੱਧ ਦਾ ਸਾਰਾ ਇਲਾਕਾ ਉਨ੍ਹਾਂ ਦੇ ਕਬਜ਼ੇ ਹੇਠ ਆ ਗਿਆ। ਬਹੁਤੇ ਪੁਰਾਣੇ ਕਮਾਂਡਰ ਬਿਨਾਂ ਲੜੇ ਹਥਿਆਰ ਸੁੱਟ ਦਿੰਦੇ। ਨੇੜੇ ਤੇੜੇ ਦੇ ਇਲਾਕੇ ਜਿੱਤਣ ਪਿਛੋਂ 1995 ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿਚ ਦੂਰ ਦੇ ਸ਼ਹਿਰਾਂ ਵੱਲ ਚੜ੍ਹਾਈ ਕਰ ਦਿੱਤੀ ਗਈ। ਇਸ ਵੇਲੇ ਲੋਕ ਬੜੀ ਉਮੀਦ ਨਾਲ ਤਾਲਿਬਾਨ ਵੱਲ ਵੇਖ ਰਹੇ ਸਨ। ਸਭ ਨੂੰ ਇਹੋ ਸੀ ਕਿ ਇਹ ਨੌਜਵਾਨ, ਮੁਲਕ ਦਾ ਕੁਝ ਨਾ ਕੁਝ ਜ਼ਰੂਰ ਸੰਵਾਰਨਗੇ, ਪਰ ਇਹ ਕਿਸੇ ਨੂੰ ਇਹ ਖਾਬੋ-ਖਿਆਲ ਵੀ ਨਹੀਂ ਸੀ ਕਿ ਮੁਲਕ ਭਿਆਨਕ ਤਬਾਹੀ ਵੱਲ ਵਧ ਰਿਹਾ ਹੈ ਅਤੇ ਭਰਾ ਮਾਰੂ ਜੰਗ ਕਾਲੀ ਬੋਲੀ ਹਨੇਰੀ ਵਾਂਗ ਚੜ੍ਹੀ ਆ ਰਹੀ ਹੈ।

ਪੱਛਮ ਵੱਲ ਤਾਲਿਬਾਨ ਨੇ ਸਭ ਤੋਂ ਪਹਿਲਾਂ ਦੂਰ ਹੈਰਾਤ ਵੱਲ ਧਾਵਾ ਬੋਲਿਆ। ਹੈਰਾਤ ਦਾ ਤਾਕਤਵਰ ਲੀਡਰ ਇਸਮਾਇਲ ਖਾਂ ਉਥੇ ਪੰਜ ਸੂਬਿਆਂ 'ਤੇ ਕਾਬਜ਼ ਸੀ। ਉਹ ਭਾਵੇਂ ਹੈ ਤਾਂ ਵਾਰਲੌਰਡ ਹੀ ਸੀ ਪਰ ਲੋਕਾਂ ਦਾ ਚਹੇਤਾ ਸੀ। ਉਸ ਨੇ ਥਾਂ ਥਾਂ ਸਕੂਲ ਅਤੇ ਹਸਪਤਾਲ ਖੋਲ੍ਹੇ ਹੋਏ ਸਨ। ਅਫਗਾਨਿਸਤਾਨ ਦੇ ਇਸ ਇਲਾਕੇ ਵਿਚ ਕਾਫੀ ਖੁਸ਼ਹਾਲੀ ਤੇ ਸ਼ਾਂਤੀ ਸੀ ਅਤੇ ਲੋਕ ਸੁਖ ਆਰਾਮ ਨਾਲ ਰਹਿ ਰਹੇ ਸਨ, ਪਰ ਤਾਲਿਬਾਨ ਦੀ ਚੜ੍ਹਤ ਅੱਗੇ ਕੋਈ ਵੀ ਚੀਜ਼ ਖੜ੍ਹੋ ਨਾ ਸਕੀ। ਇਸਮਾਇਲ ਖਾਂ ਨੇ ਚੰਗੀ ਲੜਾਈ ਲੜੀ, ਪਰ ਆਖਰ ਹਾਰ ਗਿਆ ਅਤੇ ਆਪਣੇ ਜਰਨੈਲਾਂ ਸਮੇਤ ਇਰਾਨ ਭੱਜ ਗਿਆ। ਤਾਲਿਬਾਨ ਨੇ ਹੈਰਾਤ 'ਤੇ

*(ਬਾਕੀ ਅਗਲੇ ਸਫੇ 'ਤੇ)*




***ਮੁੱਲਾ ਉਮਰ ਗਰੀਬ ਪਰਿਵਾਰ ਵਿਚ ਜਨਮਿਆਂ ਸਾਧਾਰਨ ਪੇਂਡੂ ਕਿਸਾਨ ਸੀ। ਉਹ ਕੰਧਾਰ ਦੇ ਜ਼ਿਲ੍ਹਾ ਮੇਵੰਡ ਵਿਚ ਪੈਂਦੇ ਪਿੰਡ ਸਿੰਗੇਸਰ ਅੰਦਰ ਛੋਟਾ ਜਿਹਾ ਮਦਰੱਸਾ ਚਲਾਉਂਦਾ ਸੀ। ਉਸ ਨੇ 1989 ਤੋਂ 1992 ਤੱਕ ਹਿਜ਼ਬ-ਏ-ਇਸਲਾਮੀ ਪਾਰਟੀ ਦੀ ਕਮਾਂਡ ਵਿਚ ਜਹਾਦ 'ਚ ਹਿੱਸਾ ਲਿਆ। ਨਜੀਬਉੱਲਾ ਦੀ ਸਰਕਾਰ ਖਤਮ ਹੋਣ ਪਿੱਛੋਂ ਉਹ ਆਪਣੇ ਪਿੰਡ ਮੁੜ ਆਇਆ ਤੇ ਫਿਰ ਤੋਂ ਮਦਰੱਸਾ ਚਲਾਉਣ ਲਿਆ। ਉਦੋਂ ਤੱਕ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹੋ ਇਨਸਾਨ ਇੱਕ ਦਿਨ ਤਾਲਿਬਾਨ ਦਾ ਸਭ ਤੋਂ ਵੱਡਾ ਅਤੇ ਤਾਕਤਵਰ ਲੀਡਰ ਬਣੇਗਾ। ਉਸ ਵੇਲੇ ਨਵੇਂ ਤਾਲਿਬ, ਗਰੁੱਪ ਬਣਾ ਕੇ ਇੱਧਰ-ਉੱਧਰ ਘੁੰਮ ਰਹੇ ਸਨ, ਪਰ ਯੋਗ ਅਗਵਾਈ ਬਿਨਾਂ ਇਨ੍ਹਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰਨ! ਫਿਰ ਉਸ ਵੇਲੇ ਸਬੱਬੀਂ ਅਜਿਹੀ ਘਟਨਾ ਵਾਪਰ ਗਈ ਜਿਸ ਨਾਲ ਮੁੱਲਾ ਉਮਰ ਲਈ ਉਚਾਈਆਂ ਵੱਲ ਜਾਣ ਦਾ ਰਾਹ ਖੁੱਲ੍ਹ ਗਿਆ।***


ਕਬਜ਼ਾ ਕਰ ਕੇ ਸ਼ਰੀਅਤ ਕਾਨੂੰਨ ਲਾਗੂ ਕਰ ਦਿੱਤਾ। ਇਸ ਪ੍ਰਕਾਰ ਉਨ੍ਹਾਂ ਦਾ ਦੂਰ ਪੱਛਮ ਤੱਕ ਦਬਦਬਾ ਹੋ ਗਿਆ। ਦੱਖਣ-ਪੱਛਮ ਵੱਲ ਪੈਰ ਜਮਾਉਣ ਪਿਛੋਂ ਉਨ੍ਹਾਂ ਕਾਬਲ ਵੱਲ ਵੇਖਿਆ। ਉਹ ਜਾਣਦੇ ਸਨ ਕਿ ਅਫਗਾਨਿਸਤਾਨ ਨੂੰ ਪੱਕੇ ਤੌਰ 'ਤੇ ਆਪਣੇ ਰਾਜ ਹੇਠ ਰੱਖਣ ਲਈ ਰਾਜਧਾਨੀ ਕਾਬਲ ਕਬਜ਼ੇ 'ਚ ਹੋਣੀ ਜ਼ਰੂਰੀ ਹੈ। ਕਾਬਲ ਵਿਚ ਅਹਿਮਦ ਸ਼ਾਹ ਮਸੂਦ ਦੀ ਫੌਜ ਪੱਕੇ ਡੇਰੇ ਲਾਈ ਬੈਠੀ ਸੀ। ਤਾਲਿਬਾਨ ਨੇ ਕਈ ਹਮਲੇ ਕੀਤੇ ਪਰ ਕੋਈ ਪੇਸ਼ ਨਾ ਗਈ। ਖੈਰ, ਉਨ੍ਹਾਂ ਹੌਸਲਾ ਨਾ ਹਾਰਿਆ ਤੇ ਅਗਲੇ ਹਮਲੇ ਦੀ ਤਿਆਰੀ ਕਰਨ ਲੱਗੇ।

ਪਾਕਿਸਤਾਨ ਉਦੋਂ ਤਾਲਿਬਾਨ ਦੀ ਪੱਕੀ ਧਿਰ ਸੀ। ਉਸ ਨੇ ਤਾਲਿਬਾਨ ਨੂੰ ਵਧੇਰੇ ਲੜਾਕਾ ਸਾਜ਼ੋ-ਸਮਾਨ ਦੇਣ ਦਾ ਪ੍ਰੋਗਰਾਮ ਉਲੀਕਿਆ। ਸਾਊਦੀ ਅਰਬ ਵੀ ਉਸ ਦੇ ਨਾਲ ਸੀ। ਅਸਲ ਵਿਚ ਇਹ ਦੋਨੋਂ ਮੁਲਕ ਜੀਅ-ਜਾਨ ਨਾਲ ਤਾਲਿਬਾਨ ਦੀ ਮਦਦ ਕਰ ਰਹੇ ਸਨ ਤੇ ਚਾਹੁੰਦੇ ਸਨ ਕਿ ਤਾਲਿਬਾਨ ਛੇਤੀ ਪੂਰੇ ਅਫਗਾਨਿਸਤਾਨ 'ਤੇ ਕਾਬਜ਼ ਹੋ ਜਾਣ। ਪਾਕਿਸਤਾਨ ਨੇ ਨਾ ਸਿਰਫ ਮਾਲੀ ਅਤੇ ਫੌਜੀ ਮੱਦਦ ਕੀਤੀ, ਸਗੋਂ ਮੁਲਕ ਅੰਦਰਲੇ ਰਿਫਿਊਜੀ ਕੈਂਪਾਂ ਦੇ ਤਾਲਿਬਾਨ ਨੂੰ ਅਫਗਾਨਿਸਤਾਨ ਜਾਣ ਲਈ ਕਿਹਾ। ਸਾਰੇ ਮਦਰੱਸੇ ਬੰਦ ਕਰ ਦਿੱਤੇ ਗਏ। ਨੌਜਵਾਨ ਹਜ਼ਾਰਾਂ ਦੀ ਗਿਣਤੀ 'ਚ ਕਤਾਰਾਂ ਬੰਨ੍ਹੀ ਅਫਗਾਨਿਸਤਨ ਪਹੁੰਚਣ ਲੱਗੇ। ਸਤੰਬਰ ਮਹੀਨੇ ਤਾਲਿਬਾਨ ਨੇ ਨਵੇਂ ਢੰਗ-ਤਰੀਕੇ ਅਪਣਾਉਂਦਿਆਂ, ਲੜਾਈ ਦੀ ਸ਼ੁਰੂਆਤ ਜਲਾਲਾਬਾਦ ਤੋਂ ਕੀਤੀ। ਇਥੇ ਕਬਜ਼ਾ ਜਮਾਉਣ ਪਿਛੋਂ ਨਾਲ ਲੱਗਦੇ ਤਿੰਨ ਸੂਬੇ, ਨੰਗਰਹਰ, ਲਗਮਨ ਅਤੇ ਕੁਨਾਰ ਵੀ ਕਬਜ਼ੇ ਹੇਠ ਕਰ ਲਏ।

ਇਨ੍ਹਾਂ ਤਿੰਨਾਂ ਸੂਬਿਆਂ ਦੀ ਹੱਦ ਕਾਬਲ ਨਾਲ ਲੱਗਦੀ ਹੈ। ਇਉਂ ਤਾਲਿਬਾਨ ਨੇ ਕਾਬਲ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ। ਉਹ ਰੁਕੇ ਨਹੀਂ ਸਗੋਂ ਤੇਜ਼ ਲੜਾਈ ਲੜਦੇ ਕਾਬਲ ਵੱਲ ਵਧੇ। ਐਤਕੀਂ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ। ਅਹਿਮਦ ਸ਼ਾਹ ਮਸੂਦ ਨੇ ਆਪਣੀ ਫੌਜ ਸ਼ਹਿਰ ਦੇ ਅੰਦਰਵਾਰ ਸੱਦ ਲਈ। ਜਦੋਂ ਤਾਲਿਬਾਨ ਕਾਬਲ ਦੇ ਗਲੀ-ਬਾਜ਼ਾਰਾਂ 'ਚ ਪਹੁੰਚੇ ਤਾਂ ਮਸੂਦ ਨੇ ਸ਼ਹਿਰ ਖਾਲੀ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਹ ਲੋਕ ਹਿਤਾਂ ਦੀ ਰਾਖੀ ਕਰਨ ਵਾਲਾ ਫੌਜੀ ਜਰਨੈਲ ਸੀ ਤੇ ਕਾਬਲ ਦੀ ਜਨਤਾ ਨੂੰ ਲੜਾਈ ਵਿਚ ਦਰੜਨਾ ਨਹੀਂ ਸੀ ਚਾਹੁੰਦਾ। ਉਸ ਨੇ ਸ਼ਹਿਰ ਖਾਲੀ ਕਰ ਦਿੱਤਾ ਤਾਂ ਤਾਲਿਬਾਨ ਲਈ ਰਾਹ ਪੱਧਰਾ ਹੋ ਗਿਆ। ਅਹਿਮਦ ਸ਼ਾਹ ਮਸੂਦ ਆਪਣੀ ਫੌਜ ਲੈ ਕੇ ਪੰਜਸ਼ੀਰ ਵਾਦੀ ਵੱਲ ਨਿਕਲ ਗਿਆ। ਪੰਜਸ਼ੀਰ ਵਾਦੀ ਜਿਥੇ ਤਾਜਿਕ ਤੇ ਉਜ਼ਬੇਕ ਜਨਤਾ ਦੀ ਬਹੁਤਾਤ ਸੀ, ਮਸੂਦ ਦਾ ਪੱਕਾ ਗੜ੍ਹ ਸੀ।



ਇਸਮਾਇਲ ਖਾਨ ਜਿਸ ਦੇ ਕਬਜ਼ੇ ਵਾਲਾ ਇਲਾਕਾ ਕਾਫੀ ਖੁਸ਼ਹਾਲ ਤੇ ਅਮਨ-ਅਮਾਨ ਵਾਲਾ ਸੀ।



ਅਹਿਮਦ ਸ਼ਾਹ ਮਸੂਦ ਜਿਸ ਨੇ ਤਾਲਿਬਾਨ ਨੂੰ ਹਰ ਮੋੜ 'ਤੇ ਭਰਵੀਂ ਟੱਕਰ ਦਿੱਤੀ।

ਕਾਬਲ ਸ਼ਹਿਰ 'ਤੇ ਕਬਜ਼ਾ ਕਰਦਿਆਂ ਹੀ ਤਾਲਿਬਾਨ ਨੇ ਆਪਣੇ ਆਪ ਨੂੰ ਹੋਰ ਹੀ ਰੂਪ 'ਚ ਵੇਖਿਆ। ਪਹਿਲੀ ਵਾਰ ਉਨ੍ਹਾਂ ਨੂੰ ਅਫਗਾਨਿਸਤਾਨ ਦੇ ਹੁਕਮਰਾਨ ਹੋਣ ਦਾ ਅਹਿਸਾਸ ਹੋਇਆ; ਪਰ ਜਿਹੜਾ ਪਹਿਲਾ ਕੰਮ ਉਨ੍ਹਾਂ ਕੀਤਾ, ਉਹ ਅਤਿ ਘਿਨਾਉਣਾ ਸੀ ਤੇ ਸਾਰੀ ਦੁਨੀਆਂ ਨੇ ਇਸ ਕਾਰੇ ਨਿੰਦਿਆ। ਤਾਲਿਬਾਨ ਨੇ ਕਈ ਸਾਲਾਂ ਤੋਂ ਯੂ.ਐਨ.ਓ. ਦੀ ਬਿਲਡਿੰਗ ਵਿਚ ਪਨਾਹ ਲਈ ਬੈਠੇ ਅਫਗਾਨਿਸਤਾਨ ਦੇ ਪਿਛਲੇ ਰਾਸ਼ਟਰਪਤੀ ਨਜੀਬਉਲਾ ਨੂੰ ਮਾਰ ਸੁੱਟਿਆ, ਮਾਰਿਆ ਵੀ ਜਲੀਲ ਕਰ ਕੇ ਅਤੇ ਮਾਰਨ ਪਿਛੋਂ ਲਾਸ਼ ਟਰੈਫਿਕ ਲਾਈਟ ਦੇ ਖੰਭੇ ਨਾਲ ਟੰਗ ਦਿੱਤੀ। ਫਿਰ ਸ਼ਰੀਅਤ ਕਾਨੂੰਨ ਲਾਗੂ ਕਰ ਦਿੱਤਾ ਅਤੇ ਸਖਤੀ ਨਾਲ ਇਸ ਦੀ ਪਾਲਣਾ ਦੇ ਆਦੇਸ਼ ਦੇ ਦਿੱਤੇ। ਸਭ ਤੋਂ ਪਹਿਲਾਂ ਔਰਤਾਂ ਨੂੰ ਘਰਾਂ ਅੰਦਰ ਬੰਦ ਕਰਨ ਦੀ ਸੋਚ ਕੇ ਉਨ੍ਹਾਂ ਦੇ ਸਕੂਲ ਕਾਲਜ ਆਦਿ ਬੰਦ ਕਰ ਦਿੱਤੇ। ਔਰਤਾਂ ਦੇ ਕੰਮ ਕਰਨ 'ਤੇ ਪਾਬੰਦੀ ਲਾ ਦਿੱਤੀ। ਉਨ੍ਹਾਂ ਦੇ ਹਾਰ-ਸ਼ਿੰਗਾਰ ਅਤੇ ਪਹਿਨਣ-ਪਚਰਨ 'ਤੇ ਬੰਦਸ਼ਾਂ ਲਾ ਦਿੱਤੀਆਂ। ਔਰਤ ਘਰੋਂ ਇਕੱਲੀ ਬਾਹਰ ਨਹੀਂ ਸੀ ਨਿਕਲ ਸਕਦੀ, ਕਿਸੇ ਗੈਰ ਸਾਹਮਣੇ ਗੱਲ ਨਹੀਂ ਸੀ ਕਰ ਸਕਦੀ, ਸਜ-ਸੰਵਰ ਨਹੀਂ ਸੀ ਸਕਦੀ। ਮਰਦਾਂ ਨੂੰ ਦਾੜ੍ਹੀ ਵਧਾਉਣ ਅਤੇ ਕਾਲੀ ਪੱਗ ਬੰਨ੍ਹਣ ਲਈ ਹੁਕਮ ਕਰ ਦਿੱਤਾ ਗਿਆ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੋੜੇ ਮਾਰਨ ਦੀ ਸਜ਼ਾ ਸੀ। ਸੰਗੀਤ ਅਤੇ ਮਨੋਰੰਜਨ ਦੇ ਹੋਰ ਸਾਧਨ ਨਸ਼ਟ ਕਰ ਦਿੱਤੇ ਗਏ। ਟੀ.ਵੀ., ਵੀਡੀਓ, ਸੈਟੇਲਾਈਟ ਡਿਸ਼ ਦੀਆਂ ਦੁਕਾਨਾਂ ਅਤੇ ਸਿਨਮਾਂ ਘਰ ਸਾੜ ਦਿੱਤੇ। ਫੁੱਟਬਾਲ ਅਤੇ ਦੂਜੀਆਂ ਖੇਡਾਂ 'ਤੇ ਪਾਬੰਦੀ ਲਾ ਦਿੱਤੀ। ਤਾਸ਼, ਸ਼ਤਰੰਜ ਖੇਡਣਾ ਅਤੇ ਪਤੰਗ ਉਡਾਉਣਾ ਜੁਰਮ ਕਰਾਰ ਦੇ ਦਿੱਤਾ ਗਿਆ। ਕਈ ਜੁਰਮਾਂ ਦੀ ਸਜ਼ਾ ਸ਼ਰੇਆਮ ਕੋੜੇ ਮਾਰਨੇ, ਅੰਗ ਕੱਟਣੇ ਅਤੇ ਪੱਥਰ ਮਾਰ ਕੇ ਖਤਮ ਕਰ ਦੇਣਾ ਐਲਾਨ ਦਿੱਤੀ ਗਈ।

ਇੰਨੀਆਂ ਪਾਬੰਦੀਆਂ ਨਾਲ ਨਿੱਤ ਦਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਕਾਬਲ ਵਰਗੇ ਵੱਡੇ ਸ਼ਹਿਰ ਅੰਦਰ ਜਿਥੇ ਸਰਕਾਰੀ ਨੌਕਰੀਆਂ ਵਿਚ ਔਰਤਾਂ ਦੀ ਗਿਣਤੀ ਇੱਕ ਚੌਥਾਈ ਦੇ ਲੱਗਭਗ ਸੀ, ਇਨ੍ਹਾਂ ਪਾਬੰਦੀਆਂ ਕਾਰਨ ਸਭ ਕੁਝ ਉਥਲ ਪੁਥਲ ਹੋ ਗਿਆ। ਮਜ਼ਹਬੀ ਪੁਲਿਸ ਹਰਲ-ਹਰਲ ਕਰਦੀ ਘੁੰਮਣ ਲੱਗੀ ਤੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ 'ਚ ਆਮ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟਣ ਲੱਗ ਪਈ। ਤਕਰੀਬਨ ਬਾਰਾਂ ਲੱਖ ਦੀ ਆਬਾਦੀ ਵਾਲਾ ਕੌਮਾਂਤਰੀ ਸ਼ਹਿਰ ਬਰਬਾਦੀ ਦੇ ਰਾਹ ਪੈ ਗਿਆ। ਕਾਬਲ 'ਤੇ ਕਬਜ਼ਾ ਕਰਨ ਦੇ ਅਗਲੇ ਤਿੰਨ ਚਾਰ ਮਹੀਨਿਆਂ ਵਿਚ ਹੀ ਤਾਲਿਬਾਨ ਦਾ ਅਫਗਾਨਿਸਤਾਨ ਦੇ ਚੌਂਤੀ ਸੂਬਿਆਂ ਵਿਚੋਂ ਬਾਰਾਂ 'ਤੇ ਕਬਜ਼ਾ ਹੋ ਚੁੱਕਿਆ ਸੀ।

ਤਾਲਿਬਾਨ ਦੀ ਇਸ ਜਿੱਤ ਦਾ ਵੱਡਾ ਕਾਰਨ ਇਹ ਸੀ ਕਿ ਤਾਲਿਬਾਨ ਲੜਾਕੇ ਬੇਹੱਦ ਸਮਰਪਿਤ ਸਨ। ਉਨ੍ਹਾਂ ਵਿਚ ਲੜਨ ਲਈ ਡਾਢਾ ਜੋਸ਼ ਅਤੇ ਉਤਸ਼ਾਹ ਸੀ। ਉਨ੍ਹਾਂ ਕੋਲ ਹੋਰ ਕੋਈ ਕੰਮ ਵੀ ਨਹੀਂ ਸੀ। ਇਸ ਵੇਲੇ ਉਨ੍ਹਾਂ ਨੂੰ ਸਭ ਤੋਂ ਵੱਡਾ ਕੰਮ ਜਹਾਦ ਵਿਚ ਹਿੱਸਾ ਲੈਣਾ ਲੱਗ ਰਿਹਾ ਸੀ। ਉਹ ਜੋ ਕੁਝ ਵੀ ਕਰ ਰਹੇ ਸਨ, ਆਪਣੇ ਲੀਡਰ ਮੁੱਲਾ ਉਮਰ ਦੇ ਹੁਕਮ ਵਿਚ ਕਰ ਰਹੇ ਸਨ। ਮੁੱਲਾ ਉਮਰ ਨੇ ਵੱਡਾ ਇਕੱਠ ਕਰ ਕੇ ਅਤੇ ਮੁਲਕ ਦੇ ਮਜ਼ਹਬੀ ਲੀਡਰਾਂ ਨੂੰ ਬੁਲਾ ਕੇ ਇਸ ਲੜਾਈ ਨੂੰ ਜਹਾਦ ਕਰਾਰ ਕਰਵਾਇਆ ਸੀ। ਇਸੇ ਇਕੱਠ ਵਿਚ ਇਨ੍ਹਾਂ ਮਜ਼ਹਬੀ ਲੀਡਰਾਂ ਨੇ ਉਸ ਨੂੰ 'ਅਮੀਰ ਉਲ ਮੋਮੀਨੀਨ' ਦੇ ਖਿਤਾਬ ਨਾਲ ਨਿਵਾਜ ਕੇ ਇਸ ਜਹਾਦ ਦੀ ਅਗਵਾਈ ਲਈ ਚੁਣਿਆ ਸੀ। ਇਸੇ ਕਰ ਕੇ ਹਰ ਤਾਲਿਬਾਨ ਦੀਆਂ ਨਜ਼ਰਾਂ ਵਿਚ ਮੁੱਲਾ ਉਮਰ ਦਾ ਰੁਤਬਾ, ਲੀਡਰ ਤੋਂ ਬਿਨਾਂ ਸਰਬ ਉੱਚ ਮਜ਼ਹਬੀ ਰਹਿਨੁਮਾ ਦਾ ਸੀ। ਉਸ ਦੇ ਇੱਕ ਇਸ਼ਾਰੇ 'ਤੇ ਤਾਲਿਬਾਨ ਲੜਾਕੇ ਮਰ ਮਿਟਣ ਲਈ ਤਿਆਰ ਸਨ।

ਇਨ੍ਹਾਂ ਤਾਲਿਬਾਨ ਨੂੰ ਪਾਕਿਸਤਾਨ ਦੇ ਪਿਸ਼ਾਵਰ ਦੇ ਇਲਾਕਿਆਂ ਵਿਚ ਪੈਂਦੇ ਮਦਰੱਸਿਆਂ ਵਿਚ ਸਿਰਫ ਮਜ਼ਹਬ ਦੀ ਤਾਲੀਮ ਦਿੱਤੀ ਗਈ ਸੀ। ਆਮ ਮਦਰੱਸਿਆਂ ਵਿਚ ਤਾਲੀਮ ਹਾਸਲ ਕਰਨ ਤੋਂ ਬਾਅਦ ਬੱਚਾ ਅਗਾਂਹ ਰਵਾਇਤੀ ਪੜ੍ਹਾਈ ਸ਼ੁਰੂ ਕਰਦਾ ਹੈ, ਪਰ ਇਨ੍ਹਾਂ ਮਦਰੱਸਿਆਂ ਵਿਚ ਮੁਢਲੀ ਸਿੱਖਿਆ ਪਿੱਛੋਂ ਸ਼ੁਰੂ ਹੁੰਦੀ ਸੀ, ਕੱਟੜਤਾ ਦੀ ਪੜ੍ਹਾਈ ਤੇ ਗੈਰ-ਮੁਸਲਮਾਨਾਂ ਖਿਲਾਫ ਨਫਰਤ ਦਾ ਪਾਠ ਪਹਿਲਾਂ। ਇਨ੍ਹਾਂ ਨੂੰ ਹਿਸਾਬ, ਸਾਇੰਸ, ਇਤਿਹਾਸ ਜਾਂ ਭੂਗੋਲ ਬਾਰੇ ਕੁਝ ਪਤਾ ਨਹੀਂ ਸੀ। ਇਹ ਨੌਜਵਾਨ ਤਾਲਿਬਾਨ 80ਵਿਆਂ ਵਿਚ ਰੂਸ ਖਿਲਾਫ ਲੜੇ ਮੁਜਾਹਿਦੀਨ ਤੋਂ ਬਿਲਕੁਲ ਵੱਖਰੇ ਸਨ। ਉਨ੍ਹਾਂ ਮੁਜਾਹਿਦੀਨ ਵਿਚ ਆਪਣੇ ਕਬੀਲਿਆਂ ਜਾਂ ਇਲਾਕਿਆਂ ਦੀਆਂ ਭਾਈਚਾਰਕ ਸਾਂਝਾਂ ਸਨ। ਉਹ ਆਪਣੇ ਛੱਡ ਚੁੱਕੇ ਪਿੰਡਾਂ ਨੂੰ ਯਾਦ ਕਰ ਕੇ ਉਥੇ ਪਰਤਣਾ ਲੋਚਦੇ ਸਨ। ਉਨ੍ਹਾਂ ਵਿਚ ਆਪਣੀ ਧਰਤੀ ਲਈ ਪਿਆਰ ਸੀ, ਖਿੱਚ ਸੀ; ਪਰ ਤਾਲਿਬਾਨ ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਸ਼ਾਂਤ ਵੇਲਿਆਂ ਵਿਚ ਉਨ੍ਹਾਂ ਦਾ ਮੁਲਕ ਕਿਹੋ ਜਿਹਾ ਸੀ। ਨਾ ਹੀ ਉਹ ਕਿਸੇ ਕਬੀਲੇ, ਪੁਰਖਿਆਂ ਜਾਂ ਗੁਆਂਢੀਆਂ ਪ੍ਰਤੀ ਆਪਸੀ ਆਮ ਮੁਹੱਬਤ ਤੋਂ ਵਾਕਫ ਸਨ। ਜੋ ਕੁਝ ਉਹ ਜਾਣਦੇ ਸਨ, ਉਹ ਸੀ ਸਿਰਫ ਲੜਾਈ। ਉਨ੍ਹਾਂ ਕੋਲ ਨਾ ਪਿਛਲੀਆਂ ਯਾਦਾਂ ਸਨ ਅਤੇ ਨਾ ਹੀ ਅਗਲੀ ਚੰਗੇਰੀ ਜ਼ਿੰਦਗੀ ਦੀਆਂ ਕੋਈ ਸਕੀਮ ਸੀ। ਜੋ ਕੁਝ ਸੀ, ਉਨ੍ਹਾਂ ਦਾ ਵਰਤਮਾਨ ਹੀ ਸੀ।

ਸਭ ਤੋਂ ਵੱਡੀ ਗੱਲ, ਇਨ੍ਹਾਂ ਦੇ ਆਲੇ-ਦੁਆਲੇ ਸਿਰਫ ਉਨ੍ਹਾਂ ਵਰਗੇ ਹੀ ਸਨ। ਉਹ ਮਰਦ ਸਮਾਜ ਵਿਚ ਪਲੇ ਤੇ ਵੱਡੇ ਹੋਏ ਸਨ। ਉਥੇ ਔਰਤ ਦਾ ਕਿਧਰੇ ਨਾਮੋ-ਨਿਸ਼ਾਨ ਨਹੀਂ ਸੀ। ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਮਾਂ ਦਾ ਮੋਹ ਕੀ ਹੁੰਦਾ ਹੈ, ਭੈਣ ਦਾ ਪਿਆਰ ਕੀ ਹੁੰਦਾ ਹੈ ਜਾਂ ਚਾਚੀ, ਤਾਈ, ਦਾਦੀ, ਨਾਨੀ, ਭਰਜਾਈ ਦੀ ਕੀ ਮਹੱਤਤਾ ਹੁੰਦੀ ਹੈ। ਇਨ੍ਹਾਂ ਦੇ ਮਨ ਵਿਚ ਔਰਤ ਪ੍ਰਤੀ ਨਫਰਤ ਕੁੱਟ ਕੁੱਟ ਕੇ ਭਰੀ ਹੋਈ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਕਿ ਤਾਲਿਬਾਨ ਅੱਲਾ ਦੀ ਪਾਰਟੀ ਹਨ ਤੇ ਜਹਾਦ ਲੜ ਕੇ ਅੱਲਾ ਦੀ ਖਿਦਮਤ ਕਰ ਰਹੇ ਹਨ।

(ਚਲਦਾ)

# ਦੁੱਖ-ਸੁੱਖ ਦੀਆਂ ਲਹਿਰਾਂ

ਅਸੀਂ ਆਪਣੇ ਰੁਝੇਵਿਆਂ ਵਿਚ ਇਸ ਕਦਰ ਖੁਭ ਚੁੱਕੇ ਹਾਂ ਕਿ ਸਾਨੂੰ ਆਪਣੇ ਚੌਗਿਰਦੇ ਦੀ ਖ਼ੂਬਸੂਰਤੀ ਨੂੰ ਮਾਨਣ ਦਾ ਵਕਤ ਹੀ ਨਹੀ ਮਿਲਦਾ। ਪਰਮਿੰਦਰ ਸੋਢੀ ਵੱਲੋਂ ਫੇਸਬੁੱਕ 'ਤੇ ਪਾਈਆਂ ਖਲੀਲ ਜਿਬਰਾਨ ਦੀਆਂ ਕੁਝ ਸੱਤ੍ਹਰਾਂ ਪੜ੍ਹੀਆਂ ਤਾਂ ਲੱਗਿਆ ਜਿਵੇਂ ਕਿਸੇ ਨੇ ਮੇਰੇ ਹਨੇਰੇ ਮਨ ਅੰਦਰ ਚਾਨਣ ਭਰ ਦਿੱਤਾ ਹੋਵੇ, ਸੱਤ੍ਹਰਾਂ ਸਨ, "ਪਿੱਛੇ ਹੀ ਲੱਗਣਾ ਹੈ ਤਾਂ ਸੁਹੱਪਣ ਦੇ ਪਿੱਛੇ ਲੱਗੋ ਅਤੇ ਕਹਿਣਾ ਹੀ ਮੰਨਣਾ ਹੈ ਤਾਂ ਫੇਰ ਪਿਆਰ ਦਾ ਮੰਨੋ।"

ਕਿੰਨੀ ਸਾਦਗੀ ਨਾਲ ਇਹ ਮਹਾਨ ਲੇਖਕ ਸਾਨੂੰ ਜ਼ਿੰਦਗੀ ਜਿਊਣ ਦਾ ਵੱਲ ਸਿੱਖਾ ਗਿਆ! ਪਰ ਸ਼ਾਇਦ ਹਰ ਘੜੀ ਦੁੱਖਾਂ 'ਚ ਰੁੜ੍ਹਦੇ ਇਨਸਾਨ ਦੇ ਕੰਨਾਂ ਤਾਈਂ ਇਹ ਪੈਗ਼ਾਮ ਨਹੀਂ ਪਹੁੰਚ ਸਕਿਆ, ਕਿਉਂਕਿ ਉਹਦੇ ਕੰਨਾਂ 'ਚ ਸਿਰਫ਼ ਪਰਿਵਾਰਕ ਲੋੜਾਂ ਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਫਿਕਰ ਅਤੇ ਤਿੜਕੇ ਸੁਫ਼ਨਿਆਂ ਦਾ ਸ਼ੋਰ ਵਸਦਾ ਹੈ। ਅਸੀਂ ਬਣਾਉਟੀ ਤਰੀਕਿਆਂ ਨਾਲ ਜ਼ਿੰਦਗੀ



ਦਵਿੰਦਰ ਕੌਰ ਕੈਨੇਡਾ
davindergkaur@gmail.com

'ਚ ਰਸ ਭਰਨ ਦੀ ਵਿਅਰਥ ਕੋਸ਼ਿਸ਼ ਵਿਚ ਜੁੱਟੇ ਹੋਏ ਹਾਂ। ਸਬਰ ਕਦੋਂ, ਕਿਵੇਂ, ਕਿੱਦਾਂ, ਕਿਥੇ ਸਾਡੀ ਜ਼ਿੰਦਗੀ 'ਚੋ ਰੁਖ਼ਸਤ ਹੋਇਆ ਤੇ ਅਸੰਤੁਸ਼ਟੀ ਨੇ ਕਦੋਂ ਸਾਡੇ ਦਿਲੋਂ ਦਿਮਾਗ਼ ਵਿਚ ਆਪਣਾ ਘਰ ਬਣਾ ਲਿਆ, ਇਸ ਗੱਲ ਦਾ ਤਾਂ ਸਾਨੂੰ ਇਲਮ ਵੀ ਨਹੀਂ। ਚਿੰਤਾ ਤੇ ਚਿਤਾ ਵਿਚ ਸਿਰਫ਼ ਇੱਕ ਟਿੱਪੀ ਦਾ ਫ਼ਰਕ ਹੈ। ਜਿਸ ਮਨ ਵਿਚ ਚਿੰਤਾ ਨੇ ਘਰ ਬਣਾ ਲਿਆ, ਸਮਝੋ ਉਹ ਸਰੀਰ ਚਿਤਾ ਬਣ ਗਿਆ।

'ਚਿੰਤਾ' ਦੇ ਵਿਸ਼ੇ ਉਪਰ ਕੈਨੇਡਾ ਦੇ ਇੱਕ ਬਹੁਤ ਹੀ ਸੁਲਝੇ ਹੋਏ ਗੀਤਕਾਰ ਪਰਮਜੀਤ ਸਿੰਘ ਢਿੱਲੋਂ ਦਾ ਲਿਖਿਆ ਦਿਲ ਟੁੰਬਵਾਂ ਗੀਤ ਤੁਹਾਡੇ ਨਾਲ ਸਾਂਝਾ ਕਰ ਰਹੀ ਹਾਂ,

ਚਿੰਤਾ ਹੁੰਦੀ ਚਿਖਾ ਬਰਾਬਰ ਸਾਰੀ ਦੁਨੀਆਂ ਕਹਿੰਦੀ।
ਫਿਰ ਵੀ ਚੰਦਰੇ ਇਸ ਦਿਲ ਵਿਚ ਪੰਡ ਫ਼ਿਕਰਾਂ ਦੀ ਰਹਿੰਦੀ।
ਪੋਟਾ ਪੋਟਾ ਕਰਕੇ ਪਾਲੇ ਪੁੱਤ ਜਦ ਹੋਣ ਨਿਕੰਮੇ,
ਫਿਰ ਬਾਪੂ ਦੇ ਦਿਨ ਹੋ ਜਾਂਦੇ ਨੇ ਸਾਲਾਂ ਤੋ ਵੀ ਲੰਮੇ,
ਚਾਵਾਂ ਦੇ ਨਾਲ ਬੰਨੀ ਪੱਗ ਫਿਰ ਮੋਢਿਆਂ ਵੱਲ ਨੂੰ ਢਹਿੰਦੀ
ਚਿੰਤਾ ਹੁੰਦੀ ਚਿਖਾ ਬਰਾਬਰ ਸਾਰੀ ਦੁਨੀਆਂ ਕਹਿੰਦੀ।
ਧੀਆਂ ਨੂੰ ਵੀ ਜਦ ਸੱਜਣੋ ਹੈ ਸਾਲ ਸੋਲ੍ਹਵਾਂ ਚੜ੍ਹਦਾ,
ਫਿਰ ਮਾਪਿਆਂ ਦੇ ਸੀਨੇ ਉਪਰ ਸੱਪ ਫ਼ਿਕਰਾਂ ਦਾ ਲੜਦਾ,
ਚੈਨ ਨੀ ਆਉਂਦੀ ਜਦ ਤੱਕ ਧੀ ਨਹੀ ਘਰ ਆਪਣੇ 'ਚ ਬਹਿੰਦੀ
ਚਿੰਤਾ ਹੁੰਦੀ ਚਿਖਾ ਬਰਾਬਰ ਸਾਰੀ ਦੁਨੀਆਂ ਕਹਿੰਦੀ।
ਕੱਲਾ ਬੰਦਾ ਆਉਂਦਾ ਜੱਗ ਤੇ ਕੱਲਾ ਹੀ ਤੁਰ ਜਾਵੇ,
ਫਿਰ ਵੀ ਇੱਕ ਦੂਜੇ ਦੇ ਫ਼ਿਕਰਾਂ ਵਿਚ ਉਮਰ ਬਿਤਾਵੇ,
ਪੁੱਤ ਦੇ ਕੰਡਾ ਚੁੱਭਿਆ ਹੋਵੇ ਮਾਂ ਬਿਲਕੁਲ ਨਹੀਂ ਸਹਿੰਦੀ
ਚਿੰਤਾ ਹੁੰਦੀ ਚਿਖਾ ਬਰਾਬਰ ਸਾਰੀ ਦੁਨੀਆਂ ਕਹਿੰਦੀ।
ਲਿਖਿਆ ਵਿਚ ਲਕੀਰਾਂ ਸੱਜਣੋ ਉਹੀਓ ਹੋ ਕੇ ਰਹਿਣਾ,
ਅਖੀਰ ਇੱਕ ਦਿਨ ਹਰ ਬੰਦੇ ਨੇ ਮਿੱਟੀ ਦੇ ਵਿਚ ਪੈਣਾ...
ਅੱਜ ਮਿੱਟੀ ਦੇ ਉਪਰ ਕੱਲ੍ਹ ਨੂੰ ਮਿੱਟੀ ਉਪਰ ਪੈਂਦੀ,
ਚਿੰਤਾ ਹੁੰਦੀ ਚਿਖਾ ਬਰਾਬਰ ਸਾਰੀ ਦੁਨੀਆਂ ਕਹਿੰਦੀ।

ਜਦ ਕਦੀ ਵੀ ਇਹ ਦੁੱਖ ਆਉਂਦੇ ਹਨ ਤਾਂ ਸਾਡੇ ਸੁਫ਼ਨਿਆਂ ਦੇ ਘਰ ਤੇ ਅਰਮਾਨ ਸਭ ਤੋ ਪਹਿਲਾਂ ਟੁੱਟਦੇ ਹਨ ਤੇ ਸਾਡੇ ਹਿੱਸੇ ਆਉਂਦੀ ਹੈ ਖ਼ਾਮੋਸ਼ੀ ਦੀ ਆੜ ਵਿਚ ਨਮੋਸ਼ੀ। ਉਸ ਟੁੱਟੇ ਮਹਿਲ ਦਾ ਮਲਬਾ ਉਦੋਂ ਚੀਖ਼ ਚੀਖ਼ ਕੇ ਸਾਨੂੰ ਸਾਡੇ ਅਤੀਤ ਦੀ ਯਾਦ ਕਰਾਉਂਦਾ ਹੈ ਤੇ ਹੱਥਾਂ ਦੇ ਪੋਟਿਆਂ 'ਚੋ ਮੁੜ ਲਹੂ ਸਿੰਮਦਾ ਹੈ। ਅਸੀਂ ਇਸ ਕੋਸ਼ਿਸ਼ ਵਿਚ ਹੁੰਦੇ ਹਾਂ ਕਿ ਆਪਣੇ ਹੱਥੀ ਉਸ ਮਲਬੇ ਨੂੰ ਚੁੱਕ ਕੇ ਸੋਹਣੇ ਫੁੱਲਾਂ ਤੇ ਰੁੱਖਾਂ ਦਾ ਬਾਗ ਲਾਈਏ, ਇੱਕ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰੀਏ, ਇਹ ਕਾਮਯਾਬ ਕੋਸ਼ਿਸ਼ ਉਸ ਵੇਲੇ ਨਾ-ਕਾਮਯਾਬ ਸਾਬਤ ਹੁੰਦੀ ਹੈ ਜਦੋਂ ਸਾਡੇ ਆਪਣੇ ਕਹਾਉਣ ਵਾਲੇ ਮੁਖੌਟੇ ਦੀ ਆੜ ਵਿਚ ਜ਼ਹਿਰੀਲੇ ਸ਼ਬਦਾਂ ਦੇ ਜ਼ਰੀਏ ਸਾਡੇ ਜ਼ਖ਼ਮਾਂ ਤੇ ਲੂਣ ਛਿੜਕਦੇ ਹਨ। ਇਹ ਰਿਸ਼ਤੇ ਸਾਡੀ ਜ਼ਿੰਦਗੀ 'ਚ ਟੋਕਸੀਕ ਰਿਲੇਸ਼ਨ (ਕੁੜੱਤਣ ਭਰੇ) ਦੇ ਨਾਮ ਨਾਲ ਜਾਣੇ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਟੀਚਾ ਸਿਰਫ਼ ਮਨੋਬਲ ਨੂੰ ਤੋੜਨਾ ਹੁੰਦਾ ਹੈ। ਇਹ ਲੋਕ ਤੁਹਾਡੀ ਗੈਰ ਹਾਜ਼ਰੀ 'ਚ ਸਮਾਜ ਨੂੰ ਤੁਹਾਡੇ ਅਤੀਤ ਤੋਂ ਜਾਣੂ ਕਰਵਾਉਂਦੇ ਹਨ, ਨਾ ਕਿ ਵਰਤਮਾਨ ਤੋਂ।

ਉਦਾਸ ਮਨ ਬਹੁਤ ਵਾਰ ਕਿਸੇ ਦਵਾਈ, ਦਾਰੂ, ਨਸ਼ੇ ਦਾ ਸਹਾਰਾ ਲੈਣਾ ਲੋਚਦਾ ਹੈ, ਪਰ ਇਹ ਸਭ ਕੋਈ ਹੱਲ ਨਹੀਂ। ਬਾਹਰ ਨਿਕਲੋ ਆਲੇ ਦੁਆਲੇ ਨਿਗਾਹ ਮਾਰੋ। ਦੁਨੀਆਂ ਪਰੇ ਤੋ ਪਰੇ ਦੁਖੀ ਪਈ ਹੈ। ਜ਼ਰਾ ਨਿਗਾਹ ਮਾਰੋ ਉਨ੍ਹਾਂ 'ਤੇ ਜਿਨ੍ਹਾਂ ਕੋਲ ਖਾਣ ਨੂੰ ਰੋਟੀ ਨਹੀਂ ਤੇ ਨਾ ਹੀ ਸਿਰ 'ਤੇ ਛੱਤ ਹੈ। ਗੋਰ ਨਾਲ ਦੇਖੋ, ਉਨ੍ਹਾਂ ਦੀ ਮਾਸੂਮੀਅਤ ਨੂੰ ਜੋ ਖ਼ੁਸ਼ੀ, ਸੰਤੁਸ਼ਟੀ ਉਨ੍ਹਾਂ ਨੂੰ ਸੁੱਕੀ ਰੋਟੀ ਖਾ ਕੇ ਮਿਲਦੀ ਹੈ, ਸਾਨੂੰ ਸੱਤ ਪਦਾਰਥ ਖਾ ਕੇ ਵੀ ਨਹੀਂ ਮਿਲਦੀ। ਇਸ ਗੱਲ ਵਲ ਧਿਆਨ ਦਿਓ, ਰਤਾ ਕੁ ਸੋਚੋ, ਉਸ ਵੇਲੇ ਬਾਰੇ ਜਦੋਂ ਜ਼ਿੰਦਗੀ ਨਾਮੀ ਸਾਗਰ ਵਿਚ ਤੁਸੀਂ ਇਕੱਲੇ ਟਾਪੂ 'ਤੇ ਖੜੇ ਤੁਫ਼ਾਨ ਨਾਲ ਲੜ ਰਹੇ ਸੀ ਤੇ ਉਹ ਕੋਣ ਸੀ, ਜਿਹੜਾ ਉਸ ਤੁਫ਼ਾਨ ਵਿਚ ਵੀ ਕਿਸ਼ਤੀ ਦੇ ਜ਼ਰੀਏ ਤੁਹਾਡੇ ਤਾਈਂ ਪਹੁੰਚਿਆ। ਉਹ ਕੋਣ ਲੋਕ ਨੇ ਜਿਹੜੇ ਤੁਫ਼ਾਨ ਥੰਮ ਜਾਣ ਦੀ, ਪੁਲ ਵਾਲਾ ਰਸਤਾ ਸਾਫ਼ ਹੋਣ ਦੀ ਉਡੀਕ ਕਰਦੇ ਰਹੇ। ਇਹ ਤਰਕ ਜ਼ਿੰਦਗੀ 'ਚੋ, ਬੇਲੋੜੇ ਲੋਕਾਂ ਨੂੰ ਕੱਢਣ ਦੀ ਜਾਚ ਸਿਖਾਉਂਦਾ ਹੈ। ਇਹੋ ਲੋਕ ਹੀ ਸਾਡੀ ਚਿੰਤਾ ਦਾ ਅਹਿਮ ਕਾਰਣ ਹਨ।

ਅਸਲ ਲੋੜ ਹੈ, ਆਪਣੇ ਤੇ ਬੇਗਾਨੇ ਵਿਚ ਫ਼ਰਕ ਸਮਝਣ ਦੀ, ਕਿਸ ਨਾਲ ਹੱਥ ਮਿਲਾਉਣਾ ਤੇ ਕਿਸ ਦਾ ਹੱਥ ਫੜਨਾ, ਕੀਹਨੂੰ ਜ਼ਿੰਦਗੀ ਚ' ਰੱਖਣਾ ਤੇ ਕੱਢਣਾ, ਰਿਸ਼ਤਿਆਂ ਦੀ ਇਹ ਸਹੀ ਚੋਣ ਸਾਨੂੰ ਗ਼ਮਾਂ ਦੇ ਸਾਗਰ 'ਚੋ ਕੱਢ ਖ਼ੁਸ਼ੀਆਂ ਵੱਲ ਲੈ ਤੁਰਦੀ ਹੈ।
ਜੇ ਕੋਈ ਇਨਸਾਨ ਤੁਹਾਨੂੰ ਪਿਆਰ ਕਰੇ, ਤੁਹਾਡੇ 'ਤੇ ਇਤਬਾਰ ਕਰੇ, ਬਿਨਾ ਕੁਛ ਬੋਲਿਆਂ ਉਸ ਨੂੰ ਤੁਹਾਡੀਆਂ ਲੋੜਾਂ ਦਾ ਪਤਾ ਹੋਵੇ, ਤੁਹਾਨੂੰ ਆਪਣੇ ਦੁੱਖ-ਸੁੱਖ ਬਿਆਨ ਕਰਨ ਦੀ ਬੇਲੋੜੀ ਕੋਸ਼ਿਸ਼ ਨਾ ਕਰਨੀ ਪਵੇ, ਤੁਹਾਡੀਆਂ ਅੱਖਾਂ ਰਾਹੀਂ ਦਿਲ ਦਾ ਹਾਲ ਸਮਝ ਸਕੇ, ਤੁਹਾਡੀ ਚਾਹਤ, ਤੁਹਾਡੇ ਸੁਫ਼ਨਿਆਂ ਨੂੰ ਜਾਣ ਸਕੇ, ਤੁਹਾਡੇ ਨਾਲ ਕੁਛ ਪਲ ਬਿਤਾ ਸਕੇ, ਜਿਨ੍ਹਾਂ ਦੀਆਂ ਯਾਦਾਂ ਉਮਰ ਭਰ ਬਣੀਆਂ ਰਹਿਣ, ਅਜਿਹੇ ਵਿਅਕਤੀ ਨਾਲ ਰਿਸ਼ਤੇ ਨੂੰ ਕਦੀ ਵੀ ਹੱਥੋਂ ਖੁੱਸਣ ਨਹੀ ਦੇਣਾ ਚਾਹੀਦਾ। ਅਜਿਹੇ ਲੋਕ ਕੁਦਰਤ ਦਾ 'ਵਰਦਾਨ' ਬਣ ਕੇ ਸਾਡੀ ਜ਼ਿੰਦਗੀ 'ਚ ਆਉਂਦੇ ਹਨ। ਪਰ ਇਹ ਵਰਦਾਨ ਵਿਰਲੇ ਲੋਕਾਂ ਨੂੰ ਹੀ ਨਸੀਬ ਹੁੰਦਾ



ਹੈ। ਅਜਿਹੇ ਵੇਲੇ ਸਾਨੂੰ ਬਾਂਹਾਂ ਉਲਾਰ ਕੇ ਕੁਦਰਤ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਤੂੰ ਸਾਡੀ ਬੇਰੰਗ ਜ਼ਿੰਦਗੀ ਨੂੰ ਉਸ ਨੇ ਮੁੜ ਖ਼ੁਸ਼ੀਆਂ ਨਾਲ ਭਰ ਦਿੱਤਾ।

ਸਰੀਰਕ ਪੱਖੋਂ ਸੋਹਣੇ ਹੋਣਾ ਸੁਹੱਪਣ ਨਹੀ ਹੁੰਦਾ। ਸਾਦਗੀ, ਚੰਗੇ ਵਿਚਾਰ, ਉਚੀ ਸੋਚ, ਦਿਲੋਂ ਹੱਸਣਾ, ਬੋਲਣ ਤੋ ਪਹਿਲਾਂ ਸੋਚਣਾ, ਫੁੱਲਾਂ ਵਾਂਗ ਟਹਿਕਦਾ ਚਿਹਰਾ, ਰੰਗ ਭਾਵੇਂ ਕਾਲਾ ਹੋਵੇ ਜਾਂ ਚਿੱਟਾ ਕੋਈ ਫ਼ਰਕ ਨਹੀ ਪੈਂਦਾ। ਬੱਸ ਸਾਡੀ ਉਸ ਇਨਸਾਨ ਨਾਲ ਵਿਚਾਰਾਂ ਤੇ ਰੂਹ ਦੀ ਸਾਂਝ ਜ਼ਰੂਰ ਹੋਵੇ। ਇਹ ਅਹਿਮ ਲੋੜੀਂਦੇ ਤੱਤ ਨੇ ਖ਼ੁਸ਼ਹਾਲ, ਕਾਮਯਾਬ ਜ਼ਿੰਦਗੀ ਦੇ ਤੇ ਇਹ ਸਾਡਾ ਸਹਿਜ ਹੀ ਹੈ, ਜੋ ਸਾਨੂੰ ਖ਼ੁਸ਼ਨਸੀਬ ਬਣਾਉਂਦਾ ਹੈ ਤੇ ਕੁਦਰਤ ਦੀ ਬੁੱਕਲ ਵਿਚ ਲੁਕੇ ਪਿਆਰ ਨਾਮ ਦੇ ਅਨਮੋਲ ਖ਼ਜ਼ਾਨੇ ਨੂੰ ਗਹਿਰਾਈਆਂ ਵਿਚ ਉਤਰ ਕੇ ਲੱਭਣ ਦਾ ਬਲ ਬਖ਼ਸ਼ਦਾ ਹੈ।

ਕੁਦਰਤ ਦੀ ਬਣਾਈ ਹਰ ਵਸਤੂ 'ਚ ਰੱਬ ਵੱਸਦਾ ਹੈ, ਸੋ ਉਸ ਪ੍ਰਤੀ ਸਾਡਾ ਆਕਰਸ਼ਤ ਹੋਣਾ ਕੁਦਰਤ ਦਾ ਹੀ ਇੱਕ ਨਿਯਮ ਹੈ। ਪਿਆਰ ਉਹ ਸੰਘਣਾ ਰੁੱਖ ਹੈ, ਜਿਹਦੀ ਛਾਂ ਕਰਮਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ। ਈਰਖਾ ਉਸ ਬੰਜਰ ਜ਼ਮੀਨ ਦਾ ਨਾਮ ਹੈ, ਜਿਹੜੀ ਆਬਾਦ ਹੋਣ ਤੋ ਡਰਦੀ ਹੈ।

ਸਮੁੰਦਰ ਦਾ ਪਾਣੀ ਕਦੇ ਕਿਸੇ ਦੀ ਪਿਆਸ ਨਹੀ ਮਿਟਾ ਸਕਦਾ। ਖੂਹ ਦਾ ਪਾਣੀ ਕਈ ਯੁੱਗਾਂ ਤੀਕ ਲੋਕਾਂ ਦੀ ਪਿਆਸ ਨੂੰ ਮਿਟਾਉਂਦਾ ਹੈ। ਇਨਸਾਨ ਨੂੰ ਜ਼ਿੰਦਗੀ 'ਚ ਖੂਹ ਵਾਂਗ ਸਹਿਜ ਤੇ ਮਿੱਠਾ ਹੋਣਾ ਚਾਹੀਦਾ ਹੈ, ਨਾ ਕਿ ਸਮੁੰਦਰ ਵਾਂਗ ਖਾਰਾ। ਜੇ ਤੁਸੀਂ ਪਿਆਰ ਵੰਡਦੇ ਹੋ ਤਾਂ ਤੁਹਾਡਾ ਮੰਤਵ ਖੂਹ ਵਾਂਗ ਹਰ ਕਿਸੇ ਦੀ ਪਿਆਸ ਬੁਝਾਉਣਾ ਹੈ। ਜੇ ਤੁਸੀਂ ਖਾਰ ਵੰਡਦੇ ਹੋ ਤਾਂ ਸਮੁੰਦਰ ਦੇ ਕਿਨਾਰਿਆਂ ਵਾਂਗ ਦੂਰੀ, ਇਕਲਾਪੇ ਤੇ ਤੂਫ਼ਾਨ ਨਾਲ ਤਮਾਮ ਉਮਰ ਜਿਉਂਦੇ ਹੋ।

ਜ਼ਿੰਦਗੀ 'ਚ ਇਹ ਦੁੱਖ-ਸੁੱਖ ਦੀਆਂ ਲਹਿਰਾਂ ਤਾਂ ਆਉਂਦੀਆਂ ਹੀ ਰਹਿਣਗੀਆਂ, ਬੱਸ ਸਾਡੇ ਨੇਕ ਇਰਾਦੇ ਤੇ ਸਥਿਰਤਾ ਸਾਨੂੰ ਇਨਸਾਨੀਅਤ ਦੇ ਰਾਹ ਤੋਂ ਭਟਕਣ ਨਾ ਦੇਣ ਤਾਂ ਸਾਡਾ ਮਨੁੱਖੀ ਜਾਮੇ ਵਿਚ ਆਉਣਾ ਸਫਲ ਹੈ।

# ਮਖਸੂਸਪੁਰ ਨੂੰ ਫਖਰ ਹੈ ਆਪਣੇ ਦੇਬੀ ਉਤੇ

(ਸਫਾ 21 ਦੀ ਬਾਕੀ)

ਸਕਦਾ। ਉਹਦੀ ਸ਼ਾਇਰੀ 'ਤੇ ਟਿੱਪਣੀ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਸ਼ੋਰੀਲੀਆਂ ਸੁਰਾਂ ਦੇ ਦੌਰ ਵਿਚ ਉਹਨੇ 'ਝੂਠੀਏ ਨੀ ਲਾਰੇ ਤੇਰੇ ਨਹੀਂ ਮੁੱਕਣੇ' ਤੋਂ ਪਿਛੋਂ ਹੁਣ ਤੱਕ ਜੋ ਦਿੱਤਾ ਹੈ, ਉਹ ਸੰਭਾਲਣਯੋਗ ਹੀ ਨਹੀਂ, ਮਾਣ ਕਰਨਯੋਗ ਵੀ ਹੈ। ਪਿਛਲੇ ਪੰਝੀ ਸਾਲਾਂ ਦਾ ਇਤਿਹਾਸਕ ਚੈਪਟਰ ਗੀਤਕਾਰੀ 'ਚ ਪੰਜਾਬੀਆਂ ਦੇ ਨਾਂ ਰਹੇਗਾ ਹੀ, ਤੇ ਦੇਬੀ ਇਸ ਦਾ ਸੂਤਰਧਾਰ ਹੈ।

ਮਾਂ ਵੀ ਨਹੀਂ ਰਹੀ ਤੇ ਪਿਉ ਵੀ ਨਹੀਂ। ਮਖਸੂਸਪੁਰ ਵਿਚ ਉਹਦਾ ਘਰ ਪਿੰਡ ਵਾਲੇ ਨਿਸ਼ਾਨੀ ਮੰਨਦੇ ਹਨ, ਮੰਗੇ ਹੋਰੀਂ ਹੈਗੇ ਆ... ਉਹ ਸਰੀ ਵਿਚ ਟੈਕਸੀ ਚਲਾਉਂਦਾ ਰਿਹੈ, ਫਿਰ ਬਹੁਤਾ ਸਮਾਂ ਪੰਜਾਬ ਵਿਚਲੇ ਫਗਵਾੜੇ ਵਾਲੇ ਘਰ ਵਿਚ ਰਹਿੰਦੈ, ਰਾਮ ਰਾਜ ਵਾਲਾ ਫਾਰਮ ਵੱਡਾ ਭਰਾ ਦੇਖਦੈ, ਉਹ ਧੀਆਂ ਦਾ ਮੁਕੰਮਲ ਬਾਪ ਹੈ, ਉਹਦੇ ਗੰਜ ਪੈ ਗਿਆ ਸੀ, ਉਹਨੇ ਨਕਲੀ ਵਾਲ ਲੁਆ ਲਏ...ਪਰ ਜੋ ਕੁਝ ਝੜਨ ਤੋਂ ਉਹਨੇ ਪੰਜਾਬੀ ਗੀਤਕਾਰੀ ਦਾ ਬਚਾਇਆ, ਉਹਦੇ ਨਾਲ ਜ਼ਿੰਦਾਬਾਦ ਦਾ ਨਾਅਰਾ ਲਾਇਆ ਜਾ ਸਕਦਾ ਹੈ।

ਦੇਬੀ ਨੂੰ ਸਾਡਾ ਦੇਬੀ ਕਹਿਣ ਵਿਚ ਮੈਂ ਵੀ ਮਾਣ ਹੀ ਸਮਝਦਾਂ, ਤੇ ਫਖਰ ਵੀ।

# ਬੱਸ ਐਨਾ ਕੁ ਅਮਿਤੋਜ ਮੇਰਾ ਹੈ!

*ਅਮਿਤੋਜ ਪੰਜਾਬੀ ਦਾ ਬੜਾ ਜ਼ਹੀਨ ਸ਼ਾਇਰ ਸੀ। ਲੰਮੀ ਬਿਮਾਰੀ ਤੋਂ ਬਾਅਦ ਉਹ 28 ਅਗਸਤ 2005 ਨੂੰ ਸਿਵਲ ਹਸਪਤਾਲ, ਜਲੰਧਰ ਵਿਚ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ। ਅਮਿਤੋਜ ਭਾਵੇਂ ਤੁਰ ਗਿਆ ਹੈ ਪਰ ਉਸ ਦੀਆਂ ਕਵਿਤਾਵਾਂ ਹਮੇਸ਼ਾ ਯਾਦਾਂ ਵਿਚ ਸਮਾਈਆਂ ਰਹਿਣਗੀਆਂ। ਉਸ ਦਾ ਇਕੋ ਇਕ ਕਾਵਿ ਸੰਗ੍ਰਿਹ 'ਖਾਲੀ ਤਰਕਸ਼' ਛਪਿਆ ਹੈ। ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਪਾਠਕਾਂ ਦਾ ਪਿਆਰ ਹਾਸਲ ਕਰਨ ਵਾਲਾ ਸ਼ਾਇਰ ਇਹੋ ਅਮਿਤੋਜ ਹੀ ਸੀ। ਅਮਿਤੋਜ ਦੀਆਂ ਸਾਹਿਤਕ ਤੇ ਕਲਾਤਮਿਕ ਗੱਲਾਂ ਉਹਦੀ ਸ਼ਖਸੀਅਤ ਨੂੰ ਹਮੇਸ਼ਾ ਘੁੱਟ ਕੇ ਗਲਵੱਕੜੀ ਪਾਈ ਰੱਖਦੀਆਂ ਹਨ। ਇਹੀ ਕੁਝ ਕਾਰਨ ਨੇ ਕਿ ਅਮਿਤੋਜ ਪੰਜਾਬੀ ਅਦਬ 'ਚੋਂ ਕਦੇ ਵੀ ਤੇ ਕਿਸੇ ਵੀ ਤਰ੍ਹਾਂ ਅੱਗੇ ਪਿਛੇ ਨਹੀਂ ਹੋ ਸਕੇਗਾ। ਅਮਿਤੋਜ ਦੀ ਹੀ ਇਕ ਖਾਸ ਗੱਲ ਇਹ ਹੈ ਕਿ ਜਲੰਧਰ ਦੂਰਦਰਸ਼ਨ ਨੇ ਕਿਸੇ ਵੇਲੇ 'ਕੱਚ ਦੀਆਂ ਮੁੰਦਰਾਂ' ਨਾਲ ਸੰਗੀਤਕ ਪ੍ਰੋਗਰਾਮ ਦਾ ਜਿਹੜਾ ਇਕ ਇਤਿਹਾਸ ਸਿਰਜਿਆ ਸੀ, ਉਸ ਦਾ ਮੁੱਖ ਸੂਤਰਧਾਰ ਵੀ ਉਸੇ ਨੂੰ ਹੀ ਮੰਨਿਆ ਜਾਂਦਾ ਹੈ। ਪ੍ਰੋਗਰਾਮ 'ਚ ਕੀ ਹੈ, ਇਸ ਗੱਲ ਨਾਲ ਨਹੀਂ ਸਗੋਂ ਪ੍ਰੋਗਰਾਮ ਦਾ ਪੇਸ਼ਕਾਰ ਅਮਿਤੋਜ ਹੈ, ਲੋਕ ਇਸ ਨਾਲ ਜੁੜੇ ਹੋਏ ਸਨ। ਉਹ ਸਿਰਫ ਨਾ ਆਪਣੇ ਆਪ ਵਿਚ ਬਲਕਿ ਆਪਣੀਆਂ ਖਾਸ ਕਿਸਮ ਦੀਆਂ ਰੁਚੀਆਂ ਕਰਕੇ ਅੰਦਰੋਂ ਤੇ ਬਾਹਰੋਂ ਅਮਿਤੋਜ ਹੀ ਲੱਗਦਾ ਰਿਹਾ, ਤਾਂ ਹੀ ਇਸ ਗੱਲ ਨੂੰ ਸਵੀਕਾਰਿਆ ਜਾਂਦਾ ਹੈ ਕਿ ਉਹ ਕਿਤੇ ਵੀ ਆਪਣੀ ਕਲਾਤਮਿਕ ਜ਼ਿੰਦਗੀ ਤੋਂ ਕੁਝ ਹੋਰ ਤਰ੍ਹਾਂ ਦਾ ਨਹੀਂ ਲੱਗਦਾ। ਅਮਿਤੋਜ ਨੂੰ ਚੇਤੇ ਕਰਦਿਆਂ ਸਫਿਆਂ ਤੇ ਵਰਕਿਆਂ ਦੀ ਚੱਕ-ਥੱਲ ਨਹੀਂ, ਸਗੋਂ ਇਕ ਸਾਹਿਤਕ ਗਗਨ 'ਤੇ ਯਾਦਾਂ ਦੀ ਚਾਦਰ ਵਿਛਾਉਣਾ ਹੈ। ਉਹਦੀ ਕਵਿਤਾ ਅਤੇ ਜ਼ਿੰਦਗੀ ਬਾਰੇ ਕਿੱਸੇ ਅੱਜ ਵੀ ਪੰਜਾਬੀ ਸਾਹਿਤ ਜਗਤ ਦਾ ਹਿੱਸਾ ਹਨ। ਇਨ੍ਹਾਂ ਕਿੱਸੇ-ਕਹਾਣੀਆਂ ਦੇ ਕੁਝ ਹਿੱਸੇ ਆਪਣੇ ਇਸ ਲੇਖ ਵਿਚ ਗੁਰਬਚਨ ਸਿੰਘ ਭੁੱਲਰ ਨੇ ਪੇਸ਼ ਕੀਤੇ ਹਨ। ਇਸ ਪ੍ਰਤਿਭਾਸ਼ਾਲੀ ਸ਼ਾਇਰ ਦੀ 10ਵੀਂ ਬਰਸੀ 'ਤੇ ਅਸੀਂ ਇਹ ਲੇਖ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com


28 ਅਗਸਤ ਨੂੰ ਪੰਜਾਬੀ ਦੇ ਹੋਣਹਾਰ ਤੇ ਲਾਡਲੇ ਕਵੀ ਅਮਿਤੋਜ ਨੂੰ ਗਿਆਂ ਦਸ ਸਾਲ ਹੋ ਗਏ ਹਨ। ਪਰ ਜਿਸ ਕਿਸੇ ਨਾਲ ਉਹਦਾ ਥੋੜ੍ਹਾ-ਬਹੁਤਾ ਵਾਹ ਵੀ ਪਿਆ, ਉਹ ਉਸ ਤੋਂ ਵਿਸਰਿਆ ਨਹੀਂ ਗਿਆ। ਮੇਰੀ ਮੁਲਾਕਾਤ ਅਮਿਤੋਜ ਦੀ ਕਵਿਤਾ ਨਾਲ ਪਹਿਲਾਂ ਹੋਈ, ਉਹਦੇ ਨਾਲ ਬਹੁਤ ਮਗਰੋਂ। ਉਮਰੋਂ ਉਹ ਮੈਥੋਂ ਕਾਫੀ ਛੋਟਾ ਸੀ। ਕਵੀ ਵਜੋਂ ਉਹਦਾ ਨਾਂ ਸਾਹਮਣੇ ਆਇਆ ਤਾਂ ਉਹਨੂੰ ਪਾਠਕਾਂ-ਸਰੋਤਿਆਂ ਦੇ ਚੇਤੇ ਤੇ ਚਰਚਾ ਵਿਚ ਪ੍ਰਵੇਸ਼ ਕਰਦਿਆਂ ਬਹੁਤਾ ਸਮਾਂ ਨਾ ਲਗਿਆ। ਉਹਦੀ ਕਵਿਤਾ ਕਿਸੇ ਹੋਰ ਵਰਗੀ ਨਹੀਂ ਸੀ। ਉਹ ਗੱਲ ਨੂੰ ਹੋਰਾਂ ਨਾਲੋਂ ਕੁਝ ਵੱਖਰੇ ਢੰਗ ਨਾਲ ਕਹਿਣ ਅਤੇ ਸ਼ਬਦ ਨੂੰ ਆਮ ਨਾਲੋਂ ਥੋੜ੍ਹੇ ਜਿਹੇ ਹਟਵੇਂ ਅਰਥ ਦੇਣ ਦੇ ਸਮਰੱਥ ਸੀ। ਉਹ ਸਰਲਤਾ ਵਿਚ ਸੂਖਮਤਾ ਉਜਾਗਰ ਕਰਨੀ ਜਾਣਦਾ ਸੀ। ਸਭਿਆਚਾਰ ਉਤੇ ਉਹਦੀ ਪਕੜ ਕਸਵੀਂ ਸੀ ਅਤੇ ਖਿਆਲ-ਉਡਾਰੀ ਉਚੀ ਸੀ। ਉਹਦਾ ਆਪਣਾ ਵੱਖਰਾ ਰੰਗ ਸੀ ਤੇ ਕਿਸੇ ਰਚਨਾ ਦਾ ਇਹੋ ਨਿਆਰਾਪਣ ਹੁੰਦਾ ਹੈ ਜੋ ਕਿਸੇ ਰਚਨਾਕਾਰ ਨੂੰ ਦੂਜਿਆਂ ਨਾਲੋਂ ਨਿਖੇੜਦਾ ਹੈ ਅਤੇ ਰਚਨਾਕਾਰ ਵਜੋਂ ਪੱਕੇ ਪੈਰੀਂ ਕਰਦਾ ਹੈ। ਅਜਿਹੇ ਰਚਨਾਕਾਰ ਨੂੰ ਆਪਣੀ ਪਛਾਣ ਬਣਾਉਣ ਲਈ ਬਹੁਤਾ ਤਰੱਦਦ ਨਹੀਂ ਕਰਨਾ ਪੈਂਦਾ। ਜੇ ਉਹ ਚੁੱਪ ਵੀ ਰਹੇ, ਰਚਨਾ ਆਪੇ ਬੋਲਦੀ ਹੈ ਤੇ ਉਹਦੀ ਪਛਾਣ ਬਣਾਉਂਦੀ ਹੈ।

ਫੇਰ ਇਕ ਸਾਹਿਤਕ ਕਾਨਫਰੰਸ ਵਿਚ ਕਿਸੇ ਲੇਖਕ ਨੇ ਸਾਨੂੰ ਪਹਿਲਾਂ ਨਾ ਮਿਲੇ ਹੋਏ ਦੇਖ ਕੇ ਸਾਡੀ ਜਾਣ-ਪਛਾਣ ਕਰਵਾਈ। ਮੈਂ ਉਹਦੀਆਂ ਕਵਿਤਾਵਾਂ ਪੜ੍ਹੀਆਂ ਹੋਈਆਂ ਸਨ ਤੇ ਉਹਨੇ ਮੇਰੀਆਂ ਕਹਾਣੀਆਂ। ਇਕ ਦੂਜੇ ਦੀਆਂ ਰਚਨਾਵਾਂ ਦੀ ਵਾਹਵਾ ਚੰਗੀ ਜਾਣ-ਪਛਾਣ ਦੇ ਆਧਾਰ ਉਤੇ ਸਾਡੀ ਇਹ ਪਹਿਲੀ ਮੁਲਾਕਾਤ ਹੀ ਜਾਣੂਆਂ ਵਰਗੀ ਨਿੱਘੀ ਰਹੀ। ਇਸ ਪਿਛੋਂ ਵੀ ਮੁਲਾਕਾਤਾਂ ਤਾਂ ਗਿਣਤੀ ਦੀਆਂ ਹੀ ਹੋਈਆਂ, ਉਹ ਵੀ ਹਮੇਸ਼ਾ ਕਿਸੇ ਨਾ ਕਿਸੇ ਸਾਹਿਤਕ ਇਕੱਠ 'ਚ, ਪਰ ਅਸੀਂ ਇਕ ਦੂਜੇ ਵਾਸਤੇ ਅਨਜਾਣੇ-ਓਪਰੇ ਨਾ ਰਹੇ।

ਹੁਣ ਸੋਚਦਾ ਹਾਂ ਤਾਂ ਅਜੀਬ ਲਗਦਾ ਹੈ ਕਿ ਕਦੀ ਕੋਈ ਅਜਿਹਾ ਸਬੱਬ ਨਾ ਬਣਿਆ ਕਿ ਅਸੀਂ ਅਜਿਹੇ ਸਾਹਿਤਕ ਜੋੜ ਮੇਲਿਆਂ ਤੋਂ ਮਗਰੋਂ ਹੁੰਦੇ ਸ਼ਾਮ ਦੇ ਕਿਸੇ ਮਿੱਤਰ-ਜੋੜ ਮੇਲੇ ਵਿਚ ਮਿਲਦੇ। ਅਸਲ ਵਿਚ ਇਹੋ ਮਿਲਣੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਸ਼ਰਾਬ ਦੇ ਜਾਮ ਟਕਰਾਏ ਜਾਂਦੇ ਹਨ, ਸ਼ਬਾਬ ਦੇ ਚਰਚੇ ਹੁੰਦੇ ਹਨ ਤੇ ਹਉਕੇ ਲਏ ਜਾਂਦੇ ਹਨ ਅਤੇ ਕਬਾਬ ਹੋਏ ਆਸ਼ਕ ਦਿਲ ਬੇਪਰਦ ਕੀਤੇ ਜਾਂਦੇ ਹਨ। ਇਉਂ ਇਹ ਸ਼ਾਮ-ਮਿਲਣੀਆਂ ਇਕ ਦੂਜੇ ਦੇ ਅੰਦਰ-ਬਾਹਰ ਦੇ ਦਰਸ਼ਨ ਕਰਨ ਦਾ ਲਾਸਾਨੀ ਮੌਕਾ ਹੁੰਦੀਆਂ ਹਨ।

ਸਾਡੇ ਘੱਟ ਮਿਲਣ ਦਾ ਕਾਰਨ, ਮੈਂ ਸਮਝਦਾ ਹਾਂ, ਸਾਡੀਆਂ ਵਿਧਾਵਾਂ ਦਾ ਵੱਖਰੀਆਂ ਹੋਣਾ ਤੇ ਸਾਡੇ ਇਲਾਕਿਆਂ, ਕਪੂਰਥਲਾ ਤੇ ਬਠਿੰਡਾ ਦਾ ਇਕ ਦੂਜੇ ਤੋਂ ਦੂਰ ਹੋਣਾ ਸੀ ਪਰ ਉਹਦੇ ਖੁੱਲ੍ਹੇ, ਮੋਹਖੋਰੇ ਸੁਭਾਅ ਸਦਕਾ ਏਨੀਆਂ ਮੁਲਾਕਾਤਾਂ ਹੀ ਦੋ ਸਮਕਾਲੀ ਲੇਖਕਾਂ ਵਿਚਕਾਰ ਲੋੜੀਂਦੀ ਨੇੜਤਾ ਪੈਦਾ ਕਰਨ ਵਾਸਤੇ ਕਾਫੀ ਸਨ।

ਇਸ ਗੱਲ ਦਾ ਦੂਜਾ ਪਾਸਾ ਇਹ ਵੀ ਹੈ ਕਿ ਏਨੀਆਂ ਕੁ ਬੱਦਲ-ਪਰਛਾਈਂ ਮੁਲਾਕਾਤਾਂ ਦੇ ਆਧਾਰ ਉਤੇ ਮੇਰਾ ਉਹਦੀ ਸ਼ਖਸੀਅਤ ਨੂੰ ਅੰਦਰੋਂ-ਬਾਹਰੋਂ ਜਾਣ ਸਕਣਾ ਤੇ ਉਹਦੀ ਹਸਤੀ ਨੂੰ ਗਹਿਰਾਈ ਤੱਕ ਪਛਾਣ ਸਕਣਾ ਸੰਭਵ ਨਹੀਂ ਸੀ। ਹੋਰ ਤਾਂ ਹੋਰ ਮੈਨੂੰ ਉਹਦੇ ਨਾਂ ਦੇ ਅਰਥ ਵੀ ਪਤਾ ਨਹੀਂ ਸਨ। ਇਕ ਵਾਰ ਅਸੀਂ ਚਾਰ ਕੁ ਲੇਖਕ ਬੈਠੇ ਸੰਤ ਸਿੰਘ ਸੇਖੋਂ ਦੀ ਸ਼ਾਮ-ਸੰਗਤ ਮਾਣ ਰਹੇ ਸਾਂ। ਗੱਲਾਂ ਵਿਚ, ਯਾਦ ਨਹੀਂ ਕਿਵੇਂ, ਅਮਿਤੋਜ ਦਾ ਜ਼ਿਕਰ ਆ ਗਿਆ। ਸੇਖੋਂ ਸਾਹਿਬ ਉਹਦੀ ਕਵਿਤਾ ਦੀ ਵਡਿਆਈ ਕਰਨ ਲੱਗੇ। ਉਨ੍ਹਾਂ ਦੇ



ਅਮਿਤੋਜ

ਮੂੰਹੋਂ ਅਮਿਤੋਜ ਦੀ ਕਵਿਤਾ ਦੀ ਵਡਿਆਈ ਉਹਦੇ ਮਿਆਰ ਦੀ ਸਨਦ ਸੀ। ਅਚਾਨਕ ਮੈਂ ਪੁੱਛਿਆ, "ਸੇਖੋਂ ਸਾਹਿਬ, ਇਹ ਅਮਿਤੋਜ ਕੀ ਹੋਇਆ?"

ਉਹ ਬੋਲੇ, "ਅਮਿਤ ਜੋ ਮਿਣੀ ਨਾ ਜਾ ਸਕੇ ਤੇ ਓਜ ਸ਼ਕਤੀ। ਏਨੀ ਬਹੁਤੀ ਸ਼ਕਤੀ ਜੋ ਮਿਣਤੀ ਵਿਚ ਨਾ ਆਵੇ! ਅਮਿਣਵੀਂ ਸ਼ਕਤੀ!...ਹਿੰਦੀ ਕਵੀ ਹਰੀਵੰਸ਼ਰਾਏ ਬੱਚਨ ਨੇ ਵੀ ਹੁਣ ਅਭਿਨੇਤਾ ਵਜੋਂ ਪ੍ਰਸਿੱਧ ਹੋਏ ਆਪਣੇ ਪੁੱਤਰ ਦਾ ਨਾਂ ਅਜਿਹਾ ਹੀ ਰਖਿਆ ਸੀ, ਅਮਿਤਾਭ, ਅਮਿਤ-ਆਭ ਭਾਵ ਜਿਸ ਦੀ ਆਭਾ ਮਿਣੀ ਨਾ ਜਾ ਸਕੇ, 'ਅਮਿਣਵੀਂ ਆਭਾ'!"

ਗੱਲ ਮੁੱਕ ਗਈ। ਬਹੁਤ ਮਗਰੋਂ ਇਕ ਵਾਰ ਭਾਈ ਕਾਨ੍ਹ ਸਿੰਘ ਦੇ 'ਮਹਾਨ ਕੋਸ਼' ਦੇ ਪੰਨੇ ਪਰਤਦਿਆਂ ਮੇਰੀ ਨਜ਼ਰ ਸ਼ਬਦ 'ਓਜ' ਉਤੇ ਪੈ ਗਈ। ਉਥੇ ਉਹਦੇ ਅਰਥਾਂ ਵਿਚ ਸ਼ਕਤੀਮਾਨ ਹੋਣਾ, ਬਲ ਤੇ ਤਾਕਤ ਦੇ ਨਾਲ ਨਾਲ ਜਿਉਣਾ ਤੇ ਵਧਣਾ ਅਤੇ ਪ੍ਰਕਾਸ਼ ਤੇ ਤੇਜ ਵੀ ਦਿੱਤੇ ਹੋਏ ਸਨ। ਪਰ ਭਾਈ ਸਾਹਿਬ ਦਾ ਦਿੱਤਾ ਆਖਰੀ, ਵਿਆਖਿਆਮਈ ਅਰਥ ਸਭ ਤੋਂ ਦਿਲਚਸਪ ਸੀ। ਲਿਖਿਆ ਹੋਇਆ ਸੀ, "ਕਾਵਿ ਦਾ ਇਕ ਗੁਣ ਜਿਸ ਦੇ ਅਸਰ ਨਾਲ ਸਰੋਤੇ ਦਾ ਮਨ ਉਮੰਗ ਤੇ ਜੋਸ਼ ਨਾਲ ਭਰ ਜਾਵੇ!"

ਅਮਿਤੋਜ ਦੀ ਕਵਿਤਾ ਠੀਕ ਹੀ ਸਰੋਤੇ ਦੇ ਮਨ ਨੂੰ ਉਮੰਗ ਤੇ ਜੋਸ਼ ਨਾਲ ਭਰਨ ਵਾਲਾ ਪ੍ਰਭਾਵ ਪਾਉਣ ਦੇ ਸਮਰੱਥ ਸੀ। ਮੈਂ ਹੈਰਾਨ ਹੋਇਆ, ਅਮਿਤੋਜ ਨੇ ਆਪਣਾ ਇਹ ਕਵੀ-ਨਾਂ ਕਿਥੋਂ ਤੇ ਕਿਵੇਂ ਚੁਣਿਆ! ਮੇਰੀ ਇਹ ਹੈਰਾਨੀ ਓਦੋਂ ਘਟੀ ਜਦੋਂ ਪਤਾ ਲਗਿਆ, ਉਹਦਾ ਇਹ ਨਾਂ ਸੁਰਜੀਤ ਪਾਤਰ ਨੇ ਰਖਿਆ ਸੀ। ਅਜਿਹਾ ਨਾਂ ਕੋਈ ਪਾਤਰ ਵਰਗਾ ਕਵੀ ਹੀ ਲੱਭ-ਚੁਣ ਸਕਦਾ ਸੀ।

ਕੁਝ ਸਾਲਾਂ ਮਗਰੋਂ ਹਿੰਦੀ ਦਾ 'ਸਮਾਂਤਰ ਕੋਸ਼' ਮੇਰੇ ਹੱਥ ਲੱਗ ਗਿਆ। ਇਹ ਸੋਚਦਾ ਤੇ ਝੁਰਦਾ ਹੋਇਆ ਕਿ ਅਜਿਹੇ ਕੋਸ਼ ਸਾਡੀਆਂ ਪੰਜਾਬੀ ਵਿਦਿਅਕ ਤੇ ਅਕਾਦਮਿਕ ਸੰਸਥਾਵਾਂ ਤਿਆਰ ਕਿਉਂ ਨਹੀਂ ਕਰਦੀਆਂ, ਮੈਂ ਉਹਦੇ ਪੰਨੇ ਪਲਟਣ ਲੱਗ ਪਿਆ। ਇਕ ਵਾਰ ਫੇਰ ਸ਼ਬਦ 'ਓਜ' ਮੇਰੀ ਨਜ਼ਰ ਪੈ ਗਿਆ। ਇਥੇ ਦਿੱਤੇ ਗਏ ਅਰਥ ਭਾਈ ਸਾਹਿਬ ਨਾਲੋਂ ਵੀ ਫੈਲਵੇਂ ਸਨ। 'ਮਹਾਨ ਕੋਸ਼' ਵਾਲੇ ਤੇ ਕੁਝ ਹੋਰ ਅਰਥਾਂ ਤੋਂ ਬਿਨਾਂ ਇਥੇ ਤਾਪ ਤੇ ਚੇਤਨ ਦੇ ਨਾਲ ਨਾਲ ਰਤਨ, ਆਭਾ, ਜਲਾਲ, ਆਬ, ਚਮਕ, ਜੌਹਰ ਤੇ ਤੇਜੱਸਵਿਤਾ ਵੀ ਦਿੱਤੇ ਹੋਏ ਸਨ। ਪਰ ਓਜ ਦੇ ਜਿਸ ਅਰਥ ਨੇ ਮੈਨੂੰ ਸੋਚੀਂ ਪਾਇਆ, ਉਹ ਸੀ, ਕਲੀ ਅੰਕ; ਭਾਵ 'ਦੋ ਨਾਲ ਵੰਡੀ ਨਾ ਜਾ ਸਕਣ ਵਾਲੀ ਗਿਣਤੀ!'

ਬਹੁਤ ਪਹਿਲਾਂ ਅਮਿਤੋਜ ਇਕ ਵਾਰ ਕਾਵਿ-ਖੇਤਰ ਵਿਚੋਂ ਲਗਭਗ ਲੋਪ ਹੀ ਹੋ ਗਿਆ ਸੀ। ਖ਼ਬਰਾਂ ਤੇ ਅਫ਼ਵਾਹਾਂ ਦੀ ਮਿੱਸ ਕੁਝ ਅਜਿਹੀ ਸੀ ਕਿ ਕਿਸੇ ਕਵਿੱਤਰੀ ਨਾਲ ਚਲਦੇ ਉਹਦੇ ਕੱਚੇ ਦੁੱਧ ਵਰਗੇ ਇਸ਼ਕ ਵਿਚ ਖੱਟੇ ਦੀਆਂ ਛਿੱਟਾਂ ਪੈ ਗਈਆਂ ਸਨ ਅਤੇ ਉਹਤੋਂ ਇਹ ਭਾਣਾ ਮਿੱਠਾ ਕਰ ਕੇ ਮੰਨਿਆ ਨਹੀਂ ਸੀ ਜਾ ਰਿਹਾ। ਉਹ ਇਸ ਘਟਨਾ ਵਿਚੋਂ ਬੜੀ ਮੁਸ਼ਕਿਲ ਨਾਲ ਕੁਝ ਕੁਝ ਸੰਭਲਿਆ ਸੀ, ਪਰ ਪੂਰਾ ਸ਼ਾਇਦ ਫਿਰ ਵੀ ਨਹੀਂ। ਮੈਂ ਸੋਚ ਵਿਚ ਡੁੱਬਾ ਉਤਰਿਆ, ਇਹ ਆਖਰੀ ਅਰਥ ਵੀ ਉਸ ਦੇ ਕਿੰਨਾ ਮੇਚ ਆਉਂਦਾ ਸੀ। ਉਹ ਦੋ ਨਾਲ ਵੰਡੀ ਨਾ ਜਾ ਸਕਣ ਵਾਲੀ ਸੰਖਿਆ ਵਾਂਗ ਆਪਣੀ ਵਫ਼ਾ ਦੀਆਂ ਵੀ ਵੰਡੀਆਂ ਪਾਉਣੋਂ ਇਨਕਾਰੀ ਤੇ ਅਸਮਰੱਥ ਸੀ; ਭਾਵ ਉਹ ਹੇਠੋਂ ਖਿਸਕ ਗਏ ਇਕ ਮੋਢੇ ਨੂੰ ਭੁੱਲ ਕੇ ਆਪਣਾ ਸਿਰ ਕਿਸੇ ਦੂਜੇ ਮੋਢੇ ਉਤੇ ਨਹੀਂ ਸੀ ਟਿਕਾ ਸਕਦਾ!

ਕਵਿਤਾ ਤੋਂ ਇਲਾਵਾ ਟੈਲੀਵਿਜ਼ਨ ਦੇ ਪੇਸ਼ਕਾਰ ਵਜੋਂ ਉਹਦਾ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਬਹੁਤ ਚਰਚਾ ਵਿਚ ਰਿਹਾ। ਇਹ ਜਲੰਧਰ ਦੂਰਦਰਸ਼ਨ ਤੋਂ ਪੇਸ਼ ਹੁੰਦਾ ਸੀ। ਅਫ਼ਸੋਸ ਇਹ ਕਿ ਜਲੰਧਰ ਦੂਰਦਰਸ਼ਨ ਸਾਡੇ ਦਿੱਲੀ ਦਿਸਦਾ ਨਹੀਂ ਸੀ। ਉਹਦਾ ਪ੍ਰੋਗਰਾਮ ਦੇਖਣ ਦਾ ਮੇਰਾ ਇਕ ਵਾਰ ਵੀ ਸਬੱਬ ਨਾ ਬਣਿਆ। ਪਰ ਪੰਜਾਬੀ ਅਖ਼ਬਾਰ ਉਸ ਪ੍ਰੋਗਰਾਮ ਦੀ ਸਫਲਤਾ ਦੀ ਮੂੰਹ-ਬੋਲਦੀ ਗਵਾਹੀ ਸਨ। ਪੰਜਾਬ ਦੇ ਸਾਹਿਤਕ ਮਿੱਤਰ ਵੀ ਉਹਦੇ ਇਸ ਪ੍ਰੋਗਰਾਮ ਦੀ ਖੁੱਲ੍ਹ ਕੇ ਚਰਚਾ ਤੇ ਵਡਿਆਈ ਕਰਦੇ।

ਅਮਿਤੋਜ ਤੇ ਮੈਂ ਜ਼ਿੰਦਗੀ ਵਿਚ ਮਿਲੇ, ਜੀਹਨੂੰ ਸੱਚ-ਮੁੱਚ ਦਾ ਮਿਲਣਾ ਕਿਹਾ ਜਾ ਸਕਦਾ ਹੈ, ਕੁੱਲ ਇਕ ਵਾਰ। ਚੰਡੀਗੜ੍ਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਮਾਗਮ ਸੀ। ਉਸ ਦੇ ਇਕ ਅੰਗ ਵਜੋਂ ਸ਼ਾਮ ਨੂੰ ਕੁੜੀਆਂ ਦੇ ਕਾਲਜ ਦੇ ਹਾਲ ਵਿਚ ਕਵੀ ਦਰਬਾਰ ਸੀ। ਹਾਲ ਪੂਰਾ ਭਰਿਆ ਹੋਇਆ ਸੀ। ਉਸ ਕਵੀ ਦਰਬਾਰ ਦੀਆਂ ਕੁਝ ਯਾਦਾਂ ਮੇਰੇ ਵਾਸਤੇ ਅਭੁੱਲ ਹਨ।

ਮੈਂ ਹਾਲ ਦੇ ਵਿਚਕਾਰ ਜਿਹੇ ਲਾਂਘੇ ਤੋਂ ਤੀਜੀ ਕੁਰਸੀ ਉਤੇ ਬੈਠਾ ਸੀ। ਉਸ ਕਤਾਰ ਵਿਚ ਮੈਥੋਂ ਅਗਲੀਆਂ ਕੁਝ ਕੁਰਸੀਆਂ ਉਤੇ ਤਾਂ ਹੋਰ ਲੇਖਕ ਦੋਸਤ ਬੈਠੇ ਸਨ ਪਰ ਲਾਂਘੇ ਅਤੇ ਮੇਰੇ ਵਿਚਕਾਰਲੀਆਂ ਦੋਵੇਂ ਕੁਰਸੀਆਂ ਅਨਜਾਣੇ ਲੋਕਾਂ ਨੇ ਮੱਲੀਆਂ ਹੋਈਆਂ ਸਨ। ਅਮਿਤੋਜ ਆਇਆ। ਸਾਡੇ ਬਰਾਬਰ ਜਿਹੇ ਖਲੋ ਕੇ ਉਹਨੇ ਐਧਰ-ਔਧਰ ਨਜ਼ਰ ਫੇਰੀ। ਕਿਤੇ ਕੋਈ ਕੁਰਸੀ ਖਾਲੀ

**(ਬਾਕੀ ਅਗਲੇ ਸਫੇ 'ਤੇ)**

## ਅਮਿਤੋਜ ਦੀਆਂ ਚਾਰ ਕਵਿਤਾਵਾਂ

### ਮੌਲਸਰੀ

ਮੌਲਸਰੀ ਦੇ ਗਲ ਲਗ ਸੁੱਤੀਏ
ਰੇਸ਼ਮ ਵਰਗੀ ਤੂੰ-
ਜੀ ਤੈਂ ਸਾਨੂੰ ਫ਼ਤਿਹ ਬੁਲਾਈ ਆ
ਕਿਹੜੇ ਪਿੰਡ ਦਾ ਤੂੰ?

ਪਤਣਾਂ 'ਤੇ ਬਣ ਝੁਕਿਆ ਹੋਇਆ
ਚੰਨ ਵਰਗਾ ਤੇਰਾ ਮੂੰਹ-
ਜੀ ਤੈਂ ਸਾਨੂੰ ਫਤਿਹ ਬੁਲਾਈ ਆ
ਕਿਹੜੇ ਪਿੰਡ ਦਾ ਤੂੰ?

ਪਿੰਡ ਗਰਾਂ ਨਹੀਂ ਕੋਈ ਮੇਰਾ
ਪਾਰ ਪੱਤਣ ਦੇ ਆਪਣਾ ਡੇਰਾ
ਔਹ ਜਿੱਥੇ ਸੁਰਮਈ ਹਨੇਰਾ
ਇਕ ਵਾਸਤਾ ਮੰਨ ਕੇ ਮੇਰਾ
ਕਰ ਜਾ ਕੋਈ ਕੌਲ ਪਕੇਰਾ
ਕਦ ਤੂੰ ਮੇਰੀ ਜਿੰਦ ਬਣ ਜਾਵੇਂ
ਸਦਾ ਉਡੀਕ ਕਰੂੰ
ਜੀ ਤੈਂ ਸਾਨੂੰ ਫਤਿਹ ਬੁਲਾਈ ਆ
ਕਿਹੜੇ ਪਿੰਡ ਦਾ ਤੂੰ?

ਸੁਪਨੇ ਵੇਖਾਂ ਕਦ ਕੋਈ ਆਵੇ
ਵਿਹੜੇ ਦੀ ਰੌਣਕ ਬਣ ਜਾਵੇ
ਬਣ ਬੱਦਲੀ ਰੂਹ 'ਤੇ ਛਾ ਜਾਵੇ
ਰਾਤੀਂ 'ਕੱਲਿਆਂ ਨੀਂਦ ਨਾ ਆਵੇ
ਚਿੱਤ ਚਾਹੁੰਦਾ ਜਾਵਾਂ ਮੁਕਲਾਵੇ
ਸੇਜ ਸੱਜਣ ਦੀ ਘੁੱਟ ਕੇ ਹਿੱਕ ਨਾਲ
ਸੱਧਰਾਂ ਕਰਨ ਘੂੰ...ਘੂੰ...।
ਜੀ ਤੈਂ ਸਾਨੂੰ ਫਤਿਹ ਬੁਲਾਈ ਆ
ਕਿਹੜੇ ਪਿੰਡ ਦਾ ਤੂੰ?

### ਦੇਸ਼ ਬੇਗਾਨੇ

ਦੇਸ਼ ਬਗਾਨੇ ਰਾਤ ਪਈ
ਤਾਂ ਚੇਤੇ ਆਈਆਂ ਮਾਂਵਾਂ।
ਯਾਰਾਂ ਦੇ ਗਲ ਲੱਗ ਕੇ ਰੋਈਆਂ
ਥੱਕੀਆਂ ਟੁੱਟੀਆਂ ਬਾਹਵਾਂ।
ਮਾਂਵਾਂ ਠੰਢੀਆਂ ਛਾਂਵਾਂ
ਮਾਂਵਾਂ ਠੰਢੀਆਂ ਛਾਂਵਾਂ।

ਸੂਰਜ ਨੇ ਮਿੱਟੀ ਸੰਗ ਮਿਲ ਕੇ
ਸਿਰਜੀਆਂ ਰੁੱਖ ਦੀਆਂ ਛਾਂਵਾਂ।
ਛਾਂਵੇਂ ਖੜ੍ਹੇ ਤਾਂ ਚੇਤੇ ਆਈਆਂ,
ਧੁੱਪਾਂ ਵਰਗੀਆਂ ਮਾਂਵਾਂ।
ਯਾਰਾਂ ਦੇ ਗਲ ਲੱਗ ਕੇ ਰੋਈਆਂ
ਥੱਕੀਆਂ ਟੁੱਟੀਆਂ ਬਾਹਵਾਂ।

ਪੂਰਨ ਪੁੱਤ ਪਰਦੇਸੀਂ ਜਾਂਦੇ
ਟੁੱਕ ਕਮਾਵਣ ਖਾਤਿਰ,
ਰੋ ਰੋ ਕੇ ਅੰਨ੍ਹੀਆਂ ਹੋ ਜਾਵਣ
ਇੱਛਰਾਂ ਵਰਗੀਆਂ ਮਾਂਵਾਂ।
ਯਾਰਾਂ ਦੇ ਗਲ ਲੱਗ ਕੇ ਰੋਈਆਂ
ਥੱਕੀਆਂ ਟੁੱਟੀਆਂ ਬਾਹਵਾਂ।

ਕੰਜ ਕਵਾਰੀਆਂ ਤੜਕੇ ਤੜਕੇ
ਇਹੋ ਹੀ ਸੁੱਖਣਾ ਸੁੱਖਣ,
ਜਦ ਤੱਕ ਉਹ ਡੋਲੀ ਨਾ ਬੈਠਣ
ਮਰਨ ਨਾ ਬੁੱਢੀਆਂ ਮਾਂਵਾਂ।
ਯਾਰਾਂ ਦੇ ਗਲ ਲੱਗ ਕੇ ਰੋਈਆਂ
ਥੱਕੀਆਂ ਟੁੱਟੀਆਂ ਬਾਹਵਾਂ।
ਮਾਂਵਾਂ ਠੰਢੀਆਂ ਛਾਂਵਾਂ
ਮਾਂਵਾਂ ਠੰਢੀਆਂ ਛਾਂਵਾਂ।

### ਡਿਕੱਲੀ ਗਰਾਮਾ

ਜੇ ਤੈਨੂੰ ਬਹੁਤ ਹੀ ਬੁਰਾ ਲਗਦਾ ਏ ਨਾ
ਤਾਂ ਤੂੰ ਬਈ ਜਾ।

ਮੈਨੂੰ ਤਾਂ ਚੰਗਾ ਲਗਦਾ ਏ
ਪਵਿੱਤਰ ਲੋਕਾਂ ਨੂੰ ਹੁੱਜਤਾਂ ਕਰਨੀਆਂ
ਤੇ ਉਨ੍ਹਾਂ ਦੀਆਂ ਬੋਦੀਆਂ ਦੇ
ਪਰਛਾਵਿਆਂ ਵਿਚੋਂ ਟੈਮ ਲੱਭਣੇ
ਜੇ ਤੂੰ ਪੰਚਮ ਤੋਂ ਪਟਾਕ ਦੇਣੀ
ਭੁੰਜੇ ਨਹੀਂ ਕਿਰ ਸਕਦੀ
ਤਾਂ ਤੂੰ ਬਈ ਜਾ।

ਮੈਨੂੰ ਤਾਂ ਚੰਗਾ ਲਗਦਾ ਏ
ਚੀਜ਼ਾਂ ਦੇ ਹੋਰ ਹੋਰ ਨਾਂ ਰੱਖਣੇ
ਤੇ ਫਿਰ ਨਾਂਵਾਂ ਦੇ ਕੂਨਾਂ ਪਾਉਣੇ
ਜੇ ਤੂੰ ਗੁਲਦਸਤੇ ਨੂੰ
ਗੁਲਦਸਤਾ ਈ ਕਹਿਣਾ ਏ
ਤਾਂ ਤੂੰ ਬਈ ਜਾ।

ਮੈਨੂੰ ਤਾਂ ਚੰਗਾ ਲਗਦਾ ਏ
ਦੋਸਤਾਂ ਦੀਆਂ ਜੇਬਾਂ ਵਿਚੋਂ
ਵਿਜ਼ਿਟਿੰਗ ਕਾਰਡ ਚੁਰਾਉਣੇ
ਤੇ ਉਨ੍ਹਾਂ ਦੇ ਪਿਛਾੜੀ ਲਿਖਣਾ,
'ਮੈਂ ਘਰ ਨਹੀਂ ਹਾਂ।'
ਜੇ ਤੂੰ ਦਹਿਲੀਜ਼ 'ਤੇ
ਦੀਵਾ ਬਣੀ ਬੈਠੀ ਰਹਿਣਾ
ਤਾਂ ਤੂੰ ਬਈ ਜਾ।
ਜੇ ਤੈਨੂੰ ਬਹੁਤ ਹੀ ਬੁਰਾ ਲਗਦਾ ਏ ਨਾ
ਤਾਂ ਤੂੰ ਬਈ ਜਾ।

### ਖਾਲੀ ਤਰਕਸ਼

ਕੰਧ 'ਤੇ ਟੰਗਿਆ ਖਾਲੀ ਤਰਕਸ਼
ਹੱਸ ਰਿਹਾ ਹੈ,
ਕੰਧ 'ਤੇ ਟੰਗਿਆ ਖਾਲੀ ਤਰਕਸ਼
ਕੀ ਕੀ ਦੱਸ ਰਿਹਾ ਹੈ।

ਪਹਿਲੀ ਕਾਨੀ ਮਾਂ ਨੇ ਭੰਨੀ
ਘੋਲ ਕੇ ਦੁੱਧ ਵਿਚ ਲੋਰੀ,
ਦੂਜੀ ਕਾਨੀ ਬਣ ਗਈ
ਬੁੱਢੇ ਬਾਪ ਲਈ ਡੰਗੋਰੀ।

ਸੋਲਾਂ ਤੀਰ ਤੋੜੇ ਮਦਰੱਸੇ
ਤੇ ਬਾਕੀ ਤੋੜੇ ਯਾਰਾਂ,
ਸਾਹਿਬਾਂ ਦੇ ਹੱਥ ਇਕ ਨਾ ਆਇਆ
ਮਿਰਜ਼ਾ ਕਰੇ ਵਿਚਾਰਾਂ।

ਖਾਲੀ ਤਰਕਸ਼ ਵਿਚ ਭਰਿਆ ਹੈ
ਜੱਟ ਵੰਝਲ ਦਾ ਖਲਾਅ,
ਬੱਕੀ ਦਾ ਇਤਿਹਾਸ
ਤੇ ਜੰਡਾਂ ਦਾ ਜੁਗਰਾਫ਼ੀਆ।
ਖਾਲੀ ਤਰਕਸ਼ ਕੀ ਬਕ ਦੇਵੇ
ਇਸ ਦਾ ਕੀ ਵਿਸਾਹ,
ਯਾਰੋ! ਖਾਲੀ ਤਰਕਸ਼
ਨੰਗਾ ਸੱਚ ਗਵਾਹ।

ਖਾਲੀ ਤਰਕਸ਼ ਵਿਚੋਂ ਕਦੇ ਕਦੇ
ਇਕ ਤੀਰ ਜਿਹਾ ਚੱਲਦਾ ਹੈ,
ਸਿੱਧਾ ਮਿਰਜ਼ੇ ਨੂੰ ਸੱਲਦਾ ਹੈ।

ਖਾਲੀ ਤਰਕਸ਼ ਭਲਾ ਕਿਸੇ ਦਾ
ਕੀ ਲੱਗਦਾ ਹੈ,
ਖਾਲੀ ਤਰਕਸ਼ ਤੋਂ ਕਿਉਂ ਸਾਹਿਬਾਂ ਨੂੰ
ਡਰ ਲਗਦਾ ਹੈ!

ਖਾਲੀ ਤਰਕਸ਼ ਦੇ ਸਾਹਵੇਂ ਬੈਠਾ ਹੈ
ਮਿਰਜ਼ਾ ਭਰਿਆ ਪੀਤਾ,
ਮੱਥੇ ਦੇ ਵਿਚ ਚਮਕ ਰਿਹਾ ਹੈ
ਜ਼ਖ਼ਮ ਕੋਈ ਅਣਸੀਤਾ।

ਕੇਹੀ ਰੁੱਤ ਇਹ ਕੇਹੀ ਉਮਰਾ
ਤੇ ਕੇਹੀ ਆਵਾਰਾਗਰਦੀ,
ਨਾ ਸਾਹਿਬਾਂ ਦੀ ਡੋਲੀ ਉਠੇ
ਤੇ ਨਾ ਮਿਰਜ਼ੇ ਦੀ ਅਰਥੀ।

ਰਾਤ ਰਾਤ ਭਰ ਪੀਲੂ ਰੋਵੇ
ਬਹਿ ਤਰਕਸ਼ ਦੇ ਓਹਲੇ,
ਖਾਲੀ ਤਰਕਸ਼
ਬਿੱਟ ਬਿੱਟ ਤੱਕੇ
ਮੂੰਹੋਂ ਕੁਝ ਨਾ ਬੋਲੇ!



## ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

# ਘਾਰ ਜ਼ੁੱਲੋ ਨਾ

***'ਘਾਰ ਜੁੱਲੋ ਨਾ' ਵਿਚ ਜਿੰਨੀਆਂ ਗੱਲਾਂ ਘਰ ਬਾਰੇ ਕਾਨਾ ਸਿੰਘ ਨੇ ਲਿਖੀਆਂ ਹਨ, ਉਸ ਤੋਂ ਕਿਤੇ ਵੱਧ ਅਣਲਿਖੀਆਂ ਰਹਿ ਗਈਆਂ ਜਾਪਦੀਆਂ ਹਨ। ਉਂਜ ਇਹ ਅਣਲਿਖੀਆਂ ਗੱਲਾਂ ਵੀ ਇਸ ਲੇਖ ਵਿਚ ਭਰੀ ਪਈ ਸਿਕ ਦੀਆਂ ਤੰਦਾਂ ਵਿਚ ਪਰੋਈਆਂ ਲੱਭ ਜਾਂਦੀਆਂ ਹਨ। ਕਾਨਾ ਸਿੰਘ ਗੱਲੀਂ-ਬਾਤੀਂ ਅਜਿਹੀ ਸਾਂਝ ਸਿਰਜਦੀ ਹੈ, ਜਿਹੜੀ ਪਲ ਪਲ ਦੂਣ-ਸਵਾਈ ਹੋਈ ਜਾਂਦੀ ਹੈ। ਉਹ ਅਸਲ ਵਿਚ ਆਪਣੇ ਆਲੇ-ਦੁਆਲੇ ਨੂੰ ਸਮੁੱਚ ਵਿਚ ਫੜਨ ਦਾ ਯਤਨ ਕਰਦੀ ਹੈ। ਇਸੇ ਯਤਨ ਵਿਚੋਂ ਹੀ 'ਘਰ ਜੁੱਲੋ ਨਾ' ਵਰਗੀਆਂ ਲਿਖਤਾਂ ਜਨਮ ਲੈਂਦੀਆਂ ਹਨ। -ਸੰਪਾਦਕ***

ਬੇਜੀ ਅਖ਼ੀਰਲੇ ਦਸ ਸਾਲ ਅੱਖਾਂ ਦੀ ਜੋਤ ਬਗੈਰ ਹੀ ਜੀਵੇ, ਨਜ਼ਰੋਂ ਆਰੀ ਪਰ ਹਿੰਮਤੋਂ ਨਹੀਂ। ਉਸੇ ਤਰ੍ਹਾਂ ਬਿਲਾ ਨਾਗਾ ਉਠਦੇ ਸਰਘੀ ਵੇਲੇ। ਕੰਧੋ-ਕੰਧ ਸਹਾਰਾ ਲੈਂਦੇ ਹੋਏ ਗੁਸਲਖ਼ਾਨੇ ਜਾਂਦੇ। ਆਪਣੇ ਹੱਥੀਂ ਧੋ-ਮਾਂਜ ਕੇ ਬਾਲਟੀ ਨੂੰ ਸੁਚਿਆ ਕੇ ਇਸ਼ਨਾਨ ਕਰਦੇ। ਆਪਣੇ ਰੋਜ਼ ਦੇ ਕੱਪੜੇ ਆਪੇ ਧੋਂਦੇ (ਭਾਵੇਂ ਮਗਰੋਂ ਮਾਂ-ਭਾਬੀਆਂ ਚੁੱਕ ਕੇ ਫੇਰ ਧੋ ਦੇਣ) ਪਰ ਬੇਜੀ ਨੂੰ ਆਪਣਾ ਕੰਮ ਆਪ ਕਰ ਕੇ ਹੀ ਤਸੱਲੀ ਹੁੰਦੀ ਸੀ।

ਸੱਤਰ-ਪਝੱਤਰ ਸਾਲ ਦੀ ਉਮਰ ਤੱਕ ਬੇਜੀ ਸਵੇਰ ਦੇ ਨਿਤਨੇਮ ਤੋਂ ਵਿਹਲੇ ਹੋ ਕੇ ਮਸ਼ੀਨ ਧਰ ਲੈਂਦੇ ਜਾਂ ਤੀਲੀਆਂ ਨਾਲ ਨਾੜੇ ਬੁਣਦੇ ਸਨ। ਹਾਂ, ਚਰਖਾ ਉਨ੍ਹਾਂ ਦਾ ਪਿਛੇ ਹੀ ਰਹਿ ਗਿਆ ਸੀ, ਗੁਜਰਖ਼ਾਨ।

ਬੇਜੀ ਦੇ ਸਾਹਮਣੇ ਜੇ ਅਸੀਂ ਆਪਣੇ ਪਿਛਲੇ ਵਤਨ ਨੂੰ ਪਾਕਿਸਤਾਨ ਆਖ ਦੇਂਦੇ ਤਾਂ ਉਨ੍ਹਾਂ ਨੂੰ ਬਹੁਤ ਬੁਰਾ ਲਗਦਾ।

"ਮਹੌਰ ਮਹੌਰ (ਮਰੋ ਮਰੋ), ਮੂੰਹ ਸੜੇ ਤੁਸਾਂਨਾ। ਆਪਣੇ ਵਤਨੇ ਨਾ ਨਾਂ ਵਿਗਾੜਨਿਆਂ ਤੁਸਾਂ ਕੀ ਸ਼ਰਮ ਨਹੀਂ ਆਨੀ। ਸਿੱਧਾ ਗੁਜਰਖ਼ਾਨ ਆਖਨਿਆਂ ਤੁਸਾਂ ਨਾ ਮੂੰਹ ਦੁਖਨੈ।" ਬੇਜੀ ਗੁੱਸਾ ਕਰਦੇ।

ਅੱਜ ਵੀ ਉਸ ਪਾਸੇ ਦਾ ਜ਼ਿਕਰ ਕਰਦਿਆਂ 'ਪਾਕਿਸਤਾਨ' ਲਫ਼ਜ਼ ਮੂੰਹੋਂ ਕੱਢਣ ਵੇਲੇ ਮੈਂ ਅੰਦਰੋਂ ਡਾਢੀ ਔਖੀ ਹੁੰਦੀ ਹਾਂ, ਦੋਸ਼ੀ ਭਾਵਨਾ ਦੀ ਸ਼ਿਕਾਰ। ਜਿਵੇਂ ਮੈਂ ਆਪਣੀ ਜਨਮ ਭੂਮੀ ਲਈ ਕੁਝ ਗਲਤ ਆਖ ਗਈ ਹੋਵਾਂ।

ਸਦਾ ਤੰਦਰੁਸਤ, ਸਾਫ਼-ਸੁਥਰੇ, ਛੋਹਲੇ-ਤ੍ਰਿੱਖੇ, ਉਦਮੀ ਤੇ ਸਲੀਕੇਦਾਰ ਬੇਜੀ ਦਿੱਲੀ ਆ-ਵੱਸਣ ਮਗਰੋਂ ਵਧੇਰੇ ਕਰ ਕੇ ਤਾਂ ਵਿਚਕਾਰਲੇ ਚਾਚਾ ਜੀ ਦੇ ਘਰ ਪਟੇਲ ਨਗਰ ਹੀ ਰਹਿੰਦੇ, ਪਰ ਵਿਚ-ਵਿਚਾਲੇ ਸ਼ਾਹਦਰੇ ਵੀ ਆ ਜਾਂਦੇ; ਆਪਣੇ ਪਲੇਠੀ ਦੇ ਪੁੱਤਰ, ਮੇਰੇ ਭਾਪਾ ਜੀ ਦੇ ਘਰ। ਆਉਂਦਿਆਂ ਹੀ ਰਸੋਈ ਸੰਭਾਲ ਲੈਂਦੇ। ਕਾਲਖ਼ ਨਾਲ ਗੜੁੱਚ ਭਾਂਡਿਆਂ ਨੂੰ ਘਰੂ-ਘਰੂ ਕੇ ਚਮਕਾ ਦੇਂਦੇ। ਬਾਲਟੀਆਂ ਦੀ ਥਿੰਦਿਆਈ ਲਹਿ ਜਾਂਦੀ। ਹਰ ਚੀਜ਼ ਥਾਂ-ਟਿਕਾਣੇ ਕਰ ਕੇ ਗਲੂੰਹਦੇ-ਗਲ੍ਹਾਂਦੇ ਘਰ ਸਵਾਰ ਦੇਂਦੇ।

ਐਨੇ ਬੱਚੇ ਜੰਮ-ਪਾਲ ਤੇ ਵਿਆਹ-ਵਡਿਆ ਕੇ ਪੰਜਵੇਂ ਦਹਾਕੇ ਵਿਚੋਂ ਲੰਘ ਰਹੀ ਮਾਂ ਅਕਸਰ ਢਿੱਲੀ ਹੀ ਰਹਿੰਦੀ। ਬੇਜੀ ਆਉਂਦਿਆਂ ਹੀ ਉਸ ਨੂੰ ਸਭ ਪਾਸਿਓਂ ਸੁਰਖ਼ਰੂ ਕਰ ਦੇਂਦੇ। ਬੇਜੀ ਦੇ ਆਉਣ ਨਾਲ ਦੂੰਹਾਂ ਨਿੱਕੇ ਭਰਾਵਾਂ ਸਮੇਤ ਮੇਰੀ ਵੀ ਚੜ੍ਹ ਮੱਚ ਜਾਂਦੀ। ਅਸੀਂ ਆਪਣੀਆਂ ਸ਼ਿਕਾਇਤਾਂ ਦੀ ਫਹਿਰਿਸਤ ਤਿਆਰ ਕਰ ਲੈਂਦੇ। ਸਾਨੂੰ ਲੱਗਦਾ ਕਿ ਬੇਜੀ ਤਾਂ ਭਾਪਾ ਜੀ ਦੇ ਵੀ ਭਾਪਾ ਜੀ ਸਨ। ਸਾਡੇ ਵਾਸਤੇ ਸਾਡੇ 'ਹਊਆ' ਜਿਹੇ ਭਾਪਾ ਜੀ, ਬੇਜੀ ਅੱਗੇ ਚੂੰ ਨਾ ਕਰਦੇ।

ਸਭ ਤੋਂ ਵੱਡੀ ਸਾਡੀ ਸ਼ਿਕਾਇਤ ਹੁੰਦੀ ਸੀ, ਜੇਬ ਖਰਚੀ ਦੀ ਘਾਟ। ਭਾਪਾ ਜੀ ਰਾਤੀਂ ਕੰਮ ਤੋਂ ਆ ਕੇ ਰਸੋਈ ਵਿਚ ਹੀ ਫੱਟੀ ਉਪਰ ਬਹਿ ਕੇ ਭੋਜਨ ਛਕਦੇ। ਬੇਜੀ ਨਾਲੋ-ਨਾਲ ਗਰਮ ਫੁਲਕਾ ਪਰੋਸਦੇ ਹੋਏ ਗੱਲ ਛੇੜਦੇ, "ਗੁਰਦਿੱਤ ਸਿੰਘਾ, ਕਿਤਨੇ ਅੱਕਲੇ ਆਲੀ ਧੀ ਹੈ ਕਾਨਾ। ਪੜ੍ਹਾਈ ਵਿਚ ਹੁਸ਼ਿਆਰ। ਉਹ ਤੈ ਜੇਬ ਖਰਚੇ ਨੇ ਪੈਸਿਆਂ ਵਿਚੋਂ ਵੀ ਬਚਾ ਬਚਾ ਕੇ ਆਪਣੇ ਸੂਟ ਸਵਾ ਲੈਨੀ ਹੈ ਤੇ ਗੁੱਲਾ? ਉਸ ਤੈ ਆਪਣੇ ਖਰਚੇ ਵਿਚੋਂ ਬਚਾ ਕੇ ਵਾਜਾ (ਹਾਰਮੋਨੀਅਮ) ਖਰੀਦ ਲਿਐ ਤੇ ਬਿੱਲੇ ਨੇ ਤਬਲਾ ਵੀ। ਹੈਡੀ ਮਹਿੰਗਾਈ ਤੈ ਹੈਡੇ ਸਿਆਣੇ ਬੱਚੇ। ਪੈਸੇ ਬਚਾ ਬਚਾ ਕੈ ਚੰਗੇ ਪਾਸੇ ਹੀ ਲਾਨੇ ਨੁ ਨਾ। ਤੂੰ ਉਨ੍ਹਾਂ ਨਾ ਮਾਹਵਾਰੀ ਜੇਬ ਖਰਚ ਕਿਉਂ ਨਾ ਵਧਾਨਾ?"

ਅਸੀਂ ਤਿੰਨੇ ਓਹਲੇ ਵਿਚੋਂ ਸਭ ਸੁਣਦੇ, ਸਾਹ ਰੋਕ ਕੇ।

"ਕਿਤਨੇ ਵਧਾਵਾਂ?" ਕੁਝ ਨਾਂਹ-ਨੁੱਕਰ ਮਗਰੋਂ ਭਾਪਾ ਜੀ ਪੁੱਛਦੇ।

"ਦਸਾਂ ਤੋਂ ਪੰਦਰਾਂ, ਤੈ ਤ੍ਰਿਹਾਂ ਨੇ ਬਰਾਬਰ ਬਰਾਬਰ।"

"ਹੱਛਾ, ਇੰਜੇ ਸਹੀ।" ਭਾਪਾ ਜੀ ਦੇ ਲਫ਼ਜ਼ ਸੁਣਦਿਆਂ ਹੀ ਅਸੀਂ ਤਿੰਨੇ ਉਛਲ ਪੈਂਦੇ।



*ਫਰੀਦਕੋਟ ਫੇਰੀ ਦੌਰਾਨ ਇਕ ਪਰਿਵਾਰ ਨਾਲ ਸੁੱਚੇ ਪਲਾਂ ਦੀ ਸਾਂਝ।*

ਬੱਚੂ ਜੀ, ਜੇ ਤੁਸੀਂ ਭਾਪਾ ਜੀ ਹੋ ਤਾਂ ਅਸੀਂ ਤੁਸਾਂ ਨੇ ਵੀ ਭਾਪੇ।

ਮੂੰਹਾਂ 'ਤੇ ਹੱਥ ਧਰੀ ਅਸੀਂ ਸੁਫ਼ੇ ਵਿਚ ਨੱਸ ਜਾਂਦੇ ਤੇ ਖ਼ੂਬ ਹੱਸਦੇ। ਡਾਢੀ ਖੁਸ਼ੀ ਹੁੰਦੀ ਸਾਨੂੰ ਭਾਪਾ ਜੀ ਨੂੰ ਹਰਾ ਕੇ ਤੇ ਮੁੜ ਖੇਡਣ ਲਗਦੇ ਅਸੀਂ ਤਾਸ਼ ਦੀ ਸਵੀਪ। ਜਿੱਤ-ਹਾਰ ਦਾ ਹਿਸਾਬ ਤਾਂ ਅਸੀਂ ਪੈਸਿਆਂ ਵਿਚ ਹੀ ਕਰਦੇ ਸਾਂ, ਪਰ ਪੈਸੇ ਸਾਹਮਣੇ ਰੱਖ ਕੇ ਨਹੀਂ, ਸਿਰਫ਼ ਕਾਪੀ ਉਪਰ ਨਾਲੋ-ਨਾਲ ਦਰਜ ਕਰ ਕੇ, ਆਪਣੇ ਵੱਲੋਂ ਭਾਪਾ ਜੀ ਤੋਂ ਚੋਰੀ।...ਇਹ ਜੂਆ ਸੀ।

ਹਾਂ, ਤਾਂ ਗੱਲ ਚੱਲ ਰਹੀ ਸੀ ਬੇਜੀ ਦੀ ਉਮਰ ਦੇ ਆਖ਼ਰੀ ਸਾਲਾਂ ਦੀ। ਹੁਣ ਬੇਜੀ ਮੰਜੇ 'ਤੇ ਹੀ ਸਨ। ਕਦੇ ਹੋਸ਼ ਵਿਚ ਤੇ ਕਦੇ ਬੇਹੋਸ਼। ਸੂਪ, ਜੂਸ, ਦੁੱਧ ਜਾਂ ਕੋਈ ਵੀ ਹੋਰ ਤਰਲ ਗਜ਼ਾਅ ਦੇਣ ਲਈ ਜਦੋਂ ਵੀ ਬੇਜੀ ਨੂੰ ਝੂਣ-ਹਲੂਣ ਕੇ ਅਸੀਂ ਆਖਦੇ, "ਬੇਜੀ, ਮੂੰਹ ਖੋਲ੍ਹੋ ਨਾ", ਤਾਂ ਬੇਜੀ ਦੇ ਮੂੰਹੋਂ ਸੁਣਦੇ, "ਘਾਰ ਜੁੱਲੋ ਨਾ।"

"ਬੇਜੀ ਤੁਸੀਂ ਘਰ ਹੀ ਹੋ। ਅਹਿ ਤੱਕੋ ਤੁਸਾਂ ਨੇ ਬੱਚੇ ਅੱਗੇ ਪਿੱਛੇ ਖਲੋਤੇ ਹੋਏ। ਤੁਸਾਂ ਨਾ ਦੋਹਤਰ-ਪੋਤਰ...ਅੱਖ ਖੋਲ੍ਹੋ ਨਾ।" ਮਾਂ ਆਖਦੀ।

"ਘਾਰ ਜੁੱਲੋ ਨਾ।" ਬੇਜੀ ਦਾ ਰਟਵਾਂ ਜਵਾਬ ਮਿਲਦਾ। ਉਹ ਬੇਜੀ ਜਿਨ੍ਹਾਂ ਪੂਰੇ ਸਬਰ ਸੰਤੋਖ ਨਾਲ ਹਸੂੰ ਹਸੂੰ ਕਰਦਿਆਂ ਆਪਣੇ ਤ੍ਰਿਹਾਂ ਪੁੱਤਰਾਂ ਦੇ ਬਾਲ-ਪਰਿਵਾਰਾਂ ਨੂੰ ਸੰਭਾਲਿਆ, ਰੱਜ ਰੱਜ ਪਿਆਰਿਆ; ਜਿਨ੍ਹਾਂ ਤੋਂ ਆਪਣੇ ਭਾਪਾ ਜੀ ਤੇ ਚਾਚਾ ਜੀਆਂ ਦੇ ਬਾਲਪਨ ਅਤੇ ਜੁਆਨੀ ਦੀਆਂ ਸ਼ਰਾਰਤਾਂ, ਕਹਾਣੀਆਂ, ਗੁਜਰਖ਼ਾਨ ਤੇ ਗੁਜਰਖ਼ਾਨੀਆਂ ਦੇ ਕਿੱਸੇ ਸੁਣ ਸੁਣ ਅਸੀਂ ਸਾਰੇ ਵੱਡੇ ਹੋਏ; ਜਿਨ੍ਹਾਂ ਦਾ ਪਿਆਰ ਤੇ ਆਸ਼ੀਰਵਾਦ ਪੋਤਰਿਆਂ-ਪੜਪੋਤਰਿਆਂ ਤੇ ਪੜਦੋਹਤਰਿਆਂ-ਪੜਦੋਹਤਰੀਆਂ ਨੂੰ ਵੀ ਗੱਫ਼ਿਆਂ ਵਿਚ ਮਿਲਿਆ; ਜਿਨ੍ਹਾਂ ਕੁੱਲ ਦੀ ਕਿਸੇ ਵੀ ਧੀ-ਧਿਆਣੀ ਨੂੰ ਕਦੇ ਖਾਲੀ ਹੱਥ ਨਾ ਤੋਰਿਆ, ਬਸ ਪੱਲੇ ਦੀ ਚੂਕ ਦੀ ਗੰਢ ਖੋਲ੍ਹ ਕੇ, ਤਲੀ 'ਤੇ ਸਿੱਕਾ ਧਰ ਕੇ ਸਭ ਨੂੰ ਨਿਹਾਲ ਤੇ ਮਾਲੋ-ਮਾਲ ਕਰਦੇ ਅਸੀਸਾਂ ਨਾਲ; ਜੋ ਵਤਨਾਂ ਦੀਆਂ ਗੱਲਾਂ ਤਾਂ ਬੜੀਆਂ ਸੁਣਾਂਦੇ ਸਾਨੂੰ, ਪਰ ਉਦਰੇਵੇਂ ਵਜੋਂ ਘੱਟ ਤੇ ਪੁਰਖਿਆਂ, ਅਰ ਸਾਕਾਂ-ਸਬੰਧੀਆਂ ਤੇ ਗੁਆਂਢੀਆਂ ਦੀਆਂ ਯਾਦਾਂ ਵਜੋਂ ਵੱਧ; ਅੱਜ ਉਹੀ ਬੇਜੀ ਦੀ ਬੇਸੁਰਤੀ ਵਿਚ ਇਕੋ-ਇਕ ਰਟ ਸੀ, "ਘਾਰ ਜੁੱਲੋ ਨਾ।"

ਘਾਰ ਜੁੱਲੋ ਜੁੱਲੋ ਕਰਦੇ ਹੀ ਬੇਜੀ 'ਘਰ' ਚਲੇ ਗਏ ਸਦਾ ਸਦਾ ਲਈ ਤੇ ਪਿੱਛੇ ਛੱਡ ਗਏ ਅਹਿਸਾਸ 'ਘਾਰ ਜੁੱਲੋ ਨਾ' ਦਾ।

---

ਔਰਤ ਬਚਪਨ ਵਿਸਾਰ ਸਕਦੀ ਹੈ, ਜੁਆਨੀ ਦੇ ਇਸ਼ਕ-ਮੁਸ਼ਕ ਵੀ, ਪਰ ਜਿਸ ਥਾਂ ਨਾਲ ਉਸ ਦੀ ਗ੍ਰਹਿਸਥੀ, ਉਸ ਦੀ ਬਾਲ-ਬੱਚੇਦਾਰੀ ਦੇ ਮੁੱਢਲੇ ਪਲ ਜੁੜੇ ਹੋਣ, ਉਸ ਨੂੰ ਉਹ ਕਦੇ ਨਹੀਂ ਭੁੱਲ ਸਕਦੀ।

ਅਤਿਵਾਦ ਦੇ ਦਿਨਾਂ ਵਿਚ ਮੈਨੂੰ ਮੁੰਬਈ ਛੱਡਣੀ ਪਈ। ਮੁਹਾਲੀ ਆ ਟਿਕੀ। ਸੋਚਿਆ ਸੀ ਅਮਨ-ਅਮਾਨ ਹੋਣ ਦੀ ਦੇਰ ਹੈ, ਮੈਂ ਵਾਪਸ ਪਰਤ ਜਾਵਾਂਗੀ।

ਅਮਨ ਪਰਤਿਆ। ਮੈਂ ਮੁੜ ਮੁੰਬਈ ਨਿੱਕਾ ਜਿਹਾ ਫਲੈਟ ਵੀ ਖਰੀਦ ਲਿਆ ਉਸੇ ਭਾਵਨਾ ਨਾਲ ਜਿਸ ਨਾਲ ਪਰਦੇਸਾਂ ਵਿਚ ਵਸ ਗਏ ਪੰਜਾਬੀ ਆਪਣੇ ਪਿੰਡ ਨਾਲੋਂ ਟੁੱਟ ਨਾ ਸਕਣ ਕਾਰਨ ਮੁੜ ਪਿੰਡ ਆ ਕੇ ਘਰ ਉਸਾਰ ਲੈਂਦੇ ਹਨ ਤੇ ਫਿਰ ਉਹ ਘਰ ਉਨ੍ਹਾਂ ਨੂੰ ਉਡੀਕਦੇ ਰਹਿੰਦੇ ਹਨ ਤੇ ਉਹ ਘਰਾਂ ਲਈ ਸਿਕਦੇ ਰਹਿੰਦੇ ਹਨ।

ਮੇਰਾ ਵੀ ਮੁੰਬਈਆ ਫਲੈਟ ਮੈਨੂੰ ਉਡੀਕਦਾ ਰਹਿੰਦਾ ਹੈ ਤੇ ਰੂਹ ਸਿਕਦੀ ਰਹਿੰਦੀ ਹੈ, "ਘਾਰ ਜੁੱਲੋ ਨਾ।"

ਜਿਉਂ ਜਿਉਂ ਉਮਰ ਵਧਦੀ ਜਾਂਦੀ ਹੈ, ਬੰਦਾ ਆਪਣੀ ਜਨਮ ਭੂਮੀ ਦੇ ਦਰਸ਼ਨਾਂ ਲਈ ਤੜਫਣ ਲੱਗਦਾ ਹੈ। ਬਚਪਨ ਤਾਂ ਮੇਰਾ ਫਰੀਦਕੋਟ ਤੇ ਦਿੱਲੀ ਸ਼ਾਹਦਰਾ ਵਿਚ ਵੀ ਗੁਜ਼ਰਿਆ, ਪਰ ਇਨ੍ਹਾਂ ਥਾਂਵਾਂ ਦੀ ਇੰਨੀ ਸਿਕ ਨਹੀਂ ਰਹੀ। ਉਥੇ ਭਾਵੇਂ ਜਾ ਨਹੀਂ ਸਕੀ ਦੇਰ ਤੱਕ, ਪਰ ਕਦੇ ਵੀ ਜਾ ਸਕਦੀ ਸਾਂ। ਸ਼ਾਇਦ ਇਹੀ ਧਰਵਾਸ ਸੀ। ਫਿਰ 2011 ਵਿਚ ਫਰੀਦਕੋਟ ਜਾਣ ਦਾ ਸਬੱਬ ਬਣਿਆ।

ਗੁਜਰਖ਼ਾਨ, ਪੋਠੋਹਾਰ ਦੀ ਤੜਫ ਸੱਠਵੇਂ ਸਾਲ ਤੋਂ ਪ੍ਰਬਲ ਹੋਣ ਲੱਗੀ, ਹੋਰ ਹੋਰ ਹੋਰ।

"ਮੇਰੇ ਫੁੱਲ ਪੋਠੋਹਾਰ ਦੀ ਕਾਂਸ਼ੀ ਨਦੀ ਵਿਚ ਪਾਉਣੇ।" ਮੈਂ ਪੁੱਤਰਾਂ ਨੂੰ ਆਖਾਂ।

ਸ੍ਰੀਮਤੀ ਮਦੀਹਾ ਗੌਹਰ ਦੇ ਸੱਦੇ ਉਤੇ 'ਜ਼ਨਾਨੀ ਨਾਟਕ ਮੇਲੇ' ਵਿਚ ਸ਼ਾਮਿਲ ਹੋਣ ਲਈ ਜਦੋਂ ਲਾਹੌਰ ਜਾਣਾ ਨਸੀਬ ਹੋਇਆ ਤਾਂ ਵੀਜ਼ੇ ਦੀ ਮਿਆਦ ਵਧਾ ਕੇ ਗੁਜਰਾਂਵਾਲੇ ਦੇ ਮੁਸ਼ਾਇਰੇ ਵਿਚ ਵੀ ਹਾਜ਼ਰੀ ਭਰੀ ਤੇ ਫਿਰ ਇਸਲਾਮਾਬਾਦ ਤੋਂ ਹੁੰਦੀ ਹੋਈ ਗੁਜਰਖ਼ਾਨ ਵੀ ਗਈ।

ਵਕਤ ਥੋੜ੍ਹਾ ਸੀ ਤੇ ਭਟਕਣ ਬਹੁਤੀ। ਸਭ ਥਾਂਵਾਂ ਦੇ ਨਾਂ ਬਦਲ ਗਏ ਸਨ। ਜਿਹੜੀਆਂ ਗਲੀਆਂ ਕੁਝ ਡਿੱਠੀਆਂ-ਭਾਖੀਆਂ ਲੱਗੀਆਂ, ਉਨ੍ਹਾਂ ਦੀਆਂ ਹਵੇਲੀਆਂ ਦੇ ਮੱਥੇ ਹੁਣ ਦੁਕਾਨਾਂ ਵਿਚ ਤਬਦੀਲ ਹੋ ਕੇ ਖੁੱਡੋ-ਖੁੱਡ ਹੋਏ ਪਏ ਸਨ। ਇਨ੍ਹਾਂ ਦੁਕਾਨਾਂ ਦੇ ਮੱਥਿਆਂ ਉਤੇ ਭਾਂਡੇ, ਬਕਸੇ, ਸਬਜ਼ੀਆਂ, ਫਲ ਜਾਂ ਕੁੱਕੜਾਂ, ਬੱਕਰਿਆਂ ਦੇ ਨਿਰਜਿੰਦ ਜਿਸਮ ਲਟਕੇ ਹੋਏ ਸਨ। ਇਕ ਥਾਂ 'ਤੇ ਤੀਜੀ ਮੰਜ਼ਿਲ ਦੇ ਉਪਰ ਮੰਦਰ ਦੇ ਕਲਸ ਦਾ ਨਿਸ਼ਾਨ ਸੀ, ਪਿੰਗਲੇ ਦੀ ਕਚੀਚੀ ਵਾਂਗ ਨਿਸ਼ਾਨਦੇਹੀ ਕਰਦਾ ਤੇ ਉਸ ਦੇ ਥੱਲੇ ਕਸਾਈਆਂ ਦੀਆਂ ਦੁਕਾਨਾਂ ਮੂਹਰੇ ਲਟਕਦੇ ਬੱਕਰੇ ਹੀ ਬੱਕਰੇ। ਮੇਰੇ ਭਾਪਾ ਜੀ ਦੇ ਮਾਸੜ ਰਾਇ ਬਹਾਦਰ ਸਰਦਾਰ ਬਿਸ਼ਨ ਸਿੰਘ ਦੀ ਮਹੱਲਨੁਮਾ ਕੋਠੀ ਦੇ ਮੱਥੇ ਉਤੇ ਖੁੱਡੋ-ਖੁੱਡ ਕੋਠੜੀਆਂ ਤੇ ਵਿਚ-ਵਿਚਾਲੇ ਦੀਆਂ ਦੁਕਾਨਾਂ ਉਪਰ ਪੁੱਠੇ ਲਟਕੇ ਹੋਏ ਬੱਕਰਿਆਂ ਦੇ ਧੜ।

ਮੇਰੀ ਤਲਾਸ਼ ਦੀ ਮੁੱਠੀ ਵਿਚੋਂ ਵਕਤ ਕਿਰਦਾ ਜਾ ਰਿਹਾ ਸੀ, ਰੇਤੋ-ਰੇਤ।

'ਘਰ' ਦੇ ਕੋਲ ਹੀ ਸਾਂ ਮੈਂ ਕਿਧਰੇ, ਨੇੜੇ-ਤੇੜੇ, ਤੇ 'ਘਰ' ਦੂਰ ਸੀ ਜਿਵੇਂ ਸੱਤ ਸਮੁੰਦਰੋਂ ਪਾਰ। ਟੈਕਸੀਵਾਨ ਬੜੇ ਧੀਰਜ ਨਾਲ ਸਾਥ ਦੇ ਰਿਹਾ ਸੀ, ਪਰ ਵਕਤ ਨਹੀਂ। ਅਚਾਨਕ ਇਕ ਆਵਾਜ਼ ਸੁਣੀ। ਬਾਹਰੋਂ ਕਿ ਧੁਰ ਅੰਦਰੋਂ?

ਇਨ੍ਹਾਂ ਘਰਾਂ ਵਰਗਾ ਹੀ ਸੀ ਆਪਣਾ ਘਰ। ਉਚੇ ਥੜ੍ਹੇ ਤੇ ਧੁਰ ਚੁਬਾਰੇ ਵਾਲਾ। ਉਸ ਦਾ ਮੂੰਹ-ਮੱਥਾ ਵੀ ਹੁਣ ਉਹ ਕਿੱਥੇ ਰਿਹਾ ਹੋਣੈ। ਇਸੇ ਤਰ੍ਹਾਂ ਖੋਲੀ-ਦਰ-ਖੋਲੀ ਤੇ ਦੁਕਾਨ-ਦਰ-ਦੁਕਾਨ ਹੋ ਗਿਆ ਹੋਣੈ। ਉਸ ਦੇ ਮੱਥੇ 'ਤੇ ਵੀ ਲਟਕ ਰਹੇ ਹੋਣੇ ਨੇ ਭਾਂਡੇ, ਬਕਸੇ ਜਾਂ ਬੱਕਰੇ...ਉਹ ਕੁਝ ਵੀ ਹੋਵੇਗਾ, ਪਰ ਮੇਰੇ ਚੇਤੇ ਵਿਚ ਵਸਿਆ-ਟਿਕਿਆ ਮੇਰੇ ਬੇਜੀ ਵਾਲਾ ਘਰ ਨਹੀਂ ਹੋਣਾ। ਉਹ ਘਰ ਜਿਸ ਦੇ ਪਿਛਲੇ ਸੁਫ਼ੇ ਵਿਚ ਮੈਂ ਜੰਮੀ ਸਾਂ। ਜਿਸ ਦੀ ਬੈਠਕ ਵਿਚ ਭਾਪਾ ਜੀ ਮੀਟਿੰਗਾਂ ਕਰਦੇ ਸਨ, ਆਪਣੇ ਕਾਂਗਰਸੀ ਸਾਥੀਆਂ ਨਾਲ। ਕੁਝ ਵੀ ਹੋਵੇਗਾ ਉਸ ਘਰ ਦੀ ਥਾਂ 'ਤੇ, ਪਰ ਉਹ ਘਰ ਨਹੀਂ ਹੋਵੇਗਾ ਜਿਸ ਵਲ ਪਰਤਣ ਲਈ ਤਰਸਦੇ ਬੇਜੀ ਤੁਰ ਗਏ, 'ਘਾਰ ਜੁੱਲੋ ਨਾ, ਘਾਰ ਜੁੱਲੋ ਨਾ' ਦੀ ਮੁਹਾਰਨੀ ਰਟਦੇ।

ਗੁਜਰਖ਼ਾਨ ਜਾ ਕੇ ਵੀ ਮੈਂ ਬੇਜੀ ਦੀ ਰੂਹ ਨਾ ਤ੍ਰਿਪਤਾ ਸਕੀ। ਮੇਰੇ ਪੈਰ ਜੰਮ ਗਏ। ਉਥੇ ਦੇ ਉਥੇ।...ਕੁਝ ਘੜੀਆਂ-ਪਲਾਂ, ਦਿਨਾਂ-ਮਹੀਨਿਆਂ ਜਾਂ ਸਾਲਾਂ ਦੀ ਹੀ ਦੇਰ ਹੈ ਨਾ। ਮੈਂ ਵੀ ਤੁਰ ਜਾਣਾ ਹੈ।...'ਘਾਰ' ਜੋ ਇਥੇ ਉਥੇ ਸਭ ਥਾਂ ਹੈ ਤੇ ਕਿਥੇ ਵੀ ਨਹੀਂ।

ਘਰ ਜੋ ਕਿਸੇ ਗਲੀ-ਗਰਾਂ ਜਾਂ ਸ਼ਹਿਰ ਦੀ ਹੱਦਬੰਦੀ ਤੋਂ ਪਾਰ ਹੈ। ਘਰ ਜੋ ਸਦਾ ਮੇਰੇ ਸੰਗ ਤੁਰਿਆ, ਮੇਰੇ ਅੰਦਰ ਮੌਲਿਆ-ਵਿਗਸਿਆ। ਉਸ ਘਰ ਲਈ ਉਦਰੇਵਾਂ ਜਾਂ ਹੇਰਵਾ ਕੀ ਮਾਅਨੇ ਰੱਖਦਾ ਹੈ? ਉਹ ਤਾਂ ਟਿਕਿਆ ਹੋਇਆ ਹੈ ਉਂਜ ਦਾ ਉਂਜ ਧੁਰ ਅੰਦਰ, ਮੇਰੇ ਚੇਤੇ ਵਿਚ।

ਫਿਰ ਕਾਹਦੀ ਢੂੰਢ, ਤਲਾਸ਼ ਜਾਂ ਭਟਕਣ?

ਮੈਂ ਚੁੱਪ-ਚਾਪ ਬਹਿ ਗਈ ਟੈਕਸੀ ਵਿਚ। ਟੈਕਸੀਵਾਨ ਨੂੰ ਆਦੇਸ਼ ਦਿੱਤਾ, ਘਾਰ ਜੁੱਲੋ ਨਾ!

#

# ਬੱਸ ਐਨਾ ਕੁ ਅਮਿਤੋਜ ਮੇਰਾ ਹੈ!

***(ਪਿਛਲ ਸਫੇ ਦੀ ਬਾਕੀ)***

ਨਹੀਂ ਸੀ। ਉਹਦੀ ਨਜ਼ਰ ਸਾਡੇ ਵੱਲ ਮੁੜੀ। ਉਹਨੇ ਪਹਿਲੇ ਦੋਵੇਂ ਓਪਰਿਆਂ ਵੱਲ ਦੇਖਿਆ ਤੇ ਫੇਰ ਸਭ ਤੋਂ ਨੇੜੇ ਮੈਨੂੰ ਬੈਠਾ ਦੇਖ ਮੇਰੇ ਪੱਟਾਂ ਵੱਲ ਇਸ਼ਾਰਾ ਕਰ ਕੇ ਮੁਸਕਰਾਇਆ, "ਆ ਜਾਵਾਂ!"

ਮੈਂ ਕਿਹਾ, "ਆ ਜਾ!"

ਉਹ ਮੌਜ ਨਾਲ ਮੇਰੀ ਬੁੱਕਲ ਵਿਚ ਆ ਬੈਠਾ ਅਤੇ ਓਨਾ ਚਿਰ ਬੈਠਾ ਰਿਹਾ ਜਦੋਂ ਤੱਕ ਕਿ ਨੇੜਿਉਂ ਇਕ ਬੰਦਾ ਕਿਸੇ ਕਾਰਨ ਉਠ ਕੇ ਚਲਿਆ ਨਾ ਗਿਆ।

ਇਸ ਦੌਰਾਨ ਸੁਰਜੀਤ ਰਾਮਪੁਰੀ ਆਪਣਾ ਗੀਤ ਪੇਸ਼ ਕਰਨ ਲਗਿਆ। ਉਹ ਗੀਤ-ਗ਼ਜ਼ਲ ਗਾ ਕੇ ਪੇਸ਼ ਕਰਦਾ ਸੀ। ਇਸ ਕਵੀ ਦਰਬਾਰ ਵਿਚ ਵੀ ਉਹਨੇ ਗਾਉਣਾ ਸ਼ੁਰੂ ਕੀਤਾ। ਉਹਦੀ ਆਵਾਜ਼ ਨਾਲ ਰਲ਼ ਕੇ ਉਹਦੇ ਗੀਤਾਂ ਦੇ ਸ਼ਬਦ ਸਰੋਤਿਆਂ ਨੂੰ ਕੀਲਣ ਵਿਚ ਸਫਲ ਰਹਿੰਦੇ ਸਨ। ਇਥੇ ਵੀ ਉਹਦੇ ਬੋਲ ਕਢਦਿਆਂ ਹੀ ਚੁੱਪ ਵਰਤ ਗਈ। ਉਹਨੇ ਗੀਤ ਛੇੜਿਆ, "ਮੇਰੀ ਜਿੰਦ ਤਿਹਾਈ ਓ ਸੱਜਣਾ, ਮੇਰੀ ਜਿੰਦ ਤਿਹਾਈ।" ਪਹਿਲੇ ਬੰਦ ਪਿਛੋਂ ਉਹਨੇ ਇਹੋ ਬੋਲ ਦੁਹਰਾਏ ਤਾਂ ਵੀ ਸ਼ਾਂਤੀ ਰਹੀ। ਜਦੋਂ ਉਹਨੇ ਦੂਜੇ ਬੰਦ ਪਿਛੋਂ ਇਹੋ ਬੋਲ ਬੋਲੇ, ਉਹਦੇ ਸਾਹ ਲੈਂਦਿਆਂ ਹੀ ਹਾਲ ਦੀ ਮੁਕੰਮਲ ਚੁੱਪ ਵਿਚੋਂ ਕੋਈ ਇਕ ਕੁੜੀ ਉਚੀ ਆਵਾਜ਼ ਵਿਚ ਬੋਲੀ, 'ਵਿਚਾਰਾ ਥ੍ਰਸਟੀ ਕਰੋਅ!' ਖ਼ਾਮੋਸ਼ ਹਾਲ ਵਿਚ ਹਾਸੇ ਦਾ ਧਮਾਕਾ ਹੋ ਗਿਆ। ਉਸ ਪਿਛੋਂ ਸੁਰਜੀਤ ਨੇ ਗੀਤ ਦੁਬਾਰਾ ਛੇੜਨ ਦੀ ਬਹੁਤ ਵਾਹ ਲਾਈ ਪਰ ਸਫਲ ਨਾ ਹੋ ਸਕਿਆ। ਹੁਣ ਜਦੋਂ ਵੀ ਉਹ ਇਹ ਤੁਕ ਦੁਹਰਾਉਂਦਾ, ਕੁੜੀਆਂ-ਮੁੰਡੇ ਅਜੀਬ ਜਿਹੀ ਸੁਰ ਵਿਚ ਉਹਦੇ ਨਾਲ ਨਾਲ ਗਾਉਣ ਲੱਗ ਪੈਂਦੇ। ਉਹ ਹਾਸੇ-ਰੌਲ਼ੇ ਵਿਚ ਹੀ ਬਾਕੀ ਸਤਰਾਂ ਜਿਵੇਂ-ਕਿਵੇਂ ਬੋਲ ਕੇ ਅਤੇ ਮਾਵਾ ਜਿਹਾ ਲੁਹਾ ਕੇ ਆਪਣੀ ਥਾਂ ਜਾ ਬੈਠਾ। ਅਮਿਤੋਜ ਮੇਰੇ ਪੱਟਾਂ ਉਤੇ ਬੈਠਾ ਚਾਂਭੜਾਂ ਪਾਉਣ ਲਗਿਆ। ਕਹਿੰਦਾ, "ਯਾਰ ਭੁੱਲਰ, ਕਿਵੇਂ ਨਾ ਕਿਵੇਂ ਇਹ ਕੁੜੀ ਲੱਭੀਏ!"

ਮੈਂ ਹੱਸਿਆ, "ਸਟੇਜ ਸਕੱਤਰ ਤੋਂ ਅਨਾਊਂਸ ਕਰਵਾ ਕੇ ਉਹਨੂੰ ਹਾਲ ਤੋਂ ਬਾਹਰ ਬੁਲਾ ਲੈ।"

ਉਹਦੀ ਇਕੋ-ਇਕ ਤੇ ਉਹ ਵੀ ਬਹੁਤ ਪਿਆਰੀ ਇਹੋ ਯਾਦ ਮੇਰੇ ਚੇਤੇ ਵਿਚ ਵਸੀ ਹੋਈ ਹੈ। ਤੇ ਸਬੱਬ ਇਹ ਬਣਿਆ ਕਿ ਇਹੋ ਅੰਤਲੀ ਯਾਦ ਹੋ ਨਿੱਬੜੀ। ਉਸ ਪਿਛੋਂ ਉਹ ਤਾਂ ਕਦੀ ਨਾ ਮਿਲਿਆ ਪਰ ਬਹੁਤ ਸਮੇਂ ਮਗਰੋਂ ਉਹਦੀਆਂ ਅਫ਼ਵਾਹਾਂ ਵਰਗੀਆਂ ਖ਼ਬਰਾਂ ਤੇ ਖ਼ਬਰਾਂ ਵਰਗੀਆਂ ਅਫ਼ਵਾਹਾਂ ਮਿਲਣ ਲੱਗੀਆਂ, ਜੋ ਏਨੀਆਂ ਚੰਦਰੀਆਂ ਸਨ ਕਿ ਉਹਦੇ ਕਿਸੇ ਮਿੱਤਰ ਲਈ ਤਾਂ ਕੀ, ਸਧਾਰਨ ਵਾਕਿਫ਼ ਲਈ ਵੀ ਬਹੁਤ ਉਦਾਸ ਤੇ ਬੇਚੈਨ ਕਰਨ ਵਾਲੀਆਂ ਸਨ। ਉਹਦੀ ਨਜ਼ਰ ਮਾਂਦ ਪੈ ਗਈ ਹੈ।... ਉਹਦੀ ਸਮਝ ਧੁੰਦਲੀ ਹੋ ਗਈ ਹੈ।... ਉਹਦਾ ਚੇਤਾ ਗੰਧਲ ਗਿਆ ਹੈ।... ਉਹਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਹੈ।... ਉਹਨੂੰ ਮੱਲੋਜ਼ੋਰੀ ਇਕ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਹੈ।... ਉਹ ਕਿਸੇ ਨੂੰ ਮਿਲਣਾ ਨਹੀਂ ਚਾਹੁੰਦਾ।... ਉਹ ਦੋਸਤਾਂ ਨੂੰ ਮਿਲਣ ਵਾਸਤੇ ਤਰਸਦਾ ਹੈ ਪਰ ਕੋਈ ਮਿਲਣ ਹੀ ਨਹੀਂ ਜਾਂਦਾ।... ਵਗ਼ੈਰਾ, ਵਗ਼ੈਰਾ! ਉਹਦੇ ਕਈ ਸ਼ੁਭਚਿੰਤਕ ਉਹਦੀ ਲੰਮੀ ਉਮਰ ਦੀ ਥਾਂ ਛੇਤੀ ਮੁਕਤੀ ਦੀਆਂ ਅਰਦਾਸਾਂ ਕਰਨ ਲਗੇ!

ਤੇ ਆਖ਼ਰ ਦਸ ਸਾਲ ਪਹਿਲਾਂ ਅਗਸਤ ਦੇ ਇਕ ਦਿਨ ਉਹ ਮੁਕਤ ਹੋ ਗਿਆ। ਵੈਸੇ ਤਾਂ ਦੁਨੀਆਂ ਨੂੰ ਕਿਸੇ ਦੇ ਵੀ ਗਿਆਂ ਫ਼ਰਕ ਨਹੀਂ ਪੈਂਦਾ ਪਰ ਉਹਨੇ ਬਹੁਤ ਪਹਿਲਾਂ ਆਪਣੇ ਆਪ ਨੂੰ ਇਉਂ ਬਣਾ ਲਿਆ ਸੀ ਕਿ ਉਹਦਾ ਜਾਣਾ ਅਖ਼ਬਾਰਾਂ ਲਈ ਚੱਜ ਦੀ ਸਾਹਿਤਕ ਖ਼ਬਰ ਵੀ ਨਾ ਬਣਿਆ।

ਅਨੇਕ ਖ਼ੂਬਸੂਰਤ ਕਵਿਤਾਵਾਂ ਜੋ ਉਹਨੇ ਉਨ੍ਹਾਂ ਲੰਮੇ ਵਰ੍ਹਿਆਂ ਵਿਚ ਲਿਖਣੀਆਂ ਸਨ, ਜੇ ਉਹ ਉਹਨੂੰ ਅਸਾਧਾਰਨਤਾ ਦੀ ਦਲਦਲ ਵਿਚ ਨਾ ਖਿੱਚ ਲਿਜਾਂਦੇ, ਉਹਦੇ ਨਾਲ ਹੀ ਅਗਨ-ਭੇਟ ਹੋ ਗਈਆਂ!

## ਸੰਪਾਦਕ ਦੀ ਡਾਕ

### ਸਤਿਆਰਥੀ 'ਤੇ ਲੇਖਾਂ ਬਾਰੇ

**ਸੰਪਾਦਕ ਜੀ,**

ਪੰਜਾਬ ਟਾਈਮਜ਼ ਵਿਚ ਸ. ਗੁਰਬਚਨ ਸਿੰਘ ਭੁੱਲਰ ਦੇ ਨਾਮਵਰ ਲੇਖਕ 'ਦਵਿੰਦਰ ਸਤਿਆਰਥੀ' ਬਾਰੇ ਲਿਖੇ ਲੜੀਵਾਰ ਲੇਖ ਨਿਰੰਤਰ ਗਿਆਰਾਂ ਕਿਸ਼ਤਾਂ ਵਿਚ ਪ੍ਰਕਾਸ਼ਿਤ ਕੀਤੇ ਗਏ। ਇਸ ਦੇ ਨਾਲ ਹੀ 'ਸਤਿਆਰਥੀ' ਜੀ ਬਾਰੇ ਕਰਤਾਰ ਸਿੰਘ ਦੁੱਗਲ ਦਾ ਲਿਖਿਆ ਲੇਖ 'ਮੈਂ ਅਤੇ ਦੇਵਿੰਦਰ ਸਤਿਆਰਥੀ' 27 ਜੂਨ ਦੇ ਅੰਕ ਵਿਚ ਛਾਪਿਆ ਗਿਆ ਸੀ। ਸਾਰੇ ਦੇ ਸਾਰੇ ਲੇਖ ਬਹੁਤ ਨੀਝ ਲਾ ਕੇ ਗਹੁ ਨਾਲ ਪੜ੍ਹੇ ਅਤੇ ਪੰਸਦ ਕੀਤੇ। ਪੰਜਾਬ ਟਾਈਮਜ਼ ਦੀ ਇਹ ਵਿਲਖੱਣਤਾ ਹੈ ਕਿ ਕਿਸੇ ਵੀ ਵਿਸ਼ੇ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ ਜੋ ਕਿ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਦੇ ਨਾਲ-ਨਾਲ ਸਾਹਿਤਕ ਭੁੱਖ-ਪਿਆਸ ਦੀ ਤ੍ਰਿਪਤੀ ਅਤੇ ਨਿਸ਼ਾ ਵੀ ਕਰਾ ਜਾਂਦਾ ਹੈ। ਉਂਜ ਭੁੱਲਰ ਸਾਹਿਬ ਮੇਰੇ ਪਸੰਦੀਦਾ ਲੇਖਕ ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਦਿਲ ਨੂੰ ਟੁੰਬਣ ਵਾਲੀਆਂ ਹੁੰਦੀਆਂ ਹਨ।

ਇਸ ਵਿਸ਼ੇ 'ਤੇ ਆਖਰੀ ਲੇਖ 'ਸਤਿਆਰਥੀ ਦਾ ਰਚਨਾਕਾਰ ਮਹਾਂਰਿਸ਼ੀ' (22 ਅਗਸਤ) ਵਿਚ ਮੱਸੇ ਰੰਘੜ ਨੂੰ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਬਦਲੇ ਸੋਧਣ ਲਈ ਬਾਬਾ ਦੀਪ ਸਿੰਘ ਸ਼ਹੀਦ (ਦਮਦਮਾ ਸਾਹਿਬ) ਦੇ ਖੰਡਾ ਖੜਕਾਉਣ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਹ ਸਹੀ ਨਹੀਂ ਹੈ। ਦਰਅਸਲ, ਮੱਸਾ ਰੰਘੜ ਨੂੰ ਸੋਧਣ ਵਾਲੇ ਮਹਿਤਾਬ ਸਿੰਘ ਮੀਰਾਂਕੋਟ ਅਤੇ ਸੁੱਖਾ ਸਿੰਘ ਮਾੜੀ ਕੰਬੋ ਸਨ ਅਤੇ ਇਹ ਘਟਨਾ ਅਗਸਤ 1740 ਵਿਚ ਹੋਈ ਸੀ। ਬਾਬਾ ਦੀਪ ਸਿੰਘ ਦਾ ਮੱਸੇ ਰੰਘੜ ਨੂੰ ਸੋਧਣ ਦਾ ਕੋਈ ਰੋਲ ਨਹੀਂ ਸੀ।

***-ਕੁਲਦੀਪ ਸਿੰਘ,***
***ਯੂਨੀਅਨ ਸਿਟੀ, ਕੈਲੀਫੋਰਨੀਆ।***

**ਦੁਖਦੀ ਰਗ**

# ਫਿੱਕੀ ਚਾਸ਼ਨੀ

**ਕਿਰਪਾਲ ਕੌਰ**
ਫੋਨ: 815-356-9535

ਅਖ਼ਬਾਰ ਲੈ ਕੇ ਬੈਠੀ ਸਾਂ, ਪਰ ਮਨ ਅਖ਼ਬਾਰ ਵਿਚ ਨਹੀਂ ਸੀ। ਨਿੱਤ ਦੀਆਂ ਉਹੀ ਖ਼ਬਰਾਂ। ਬੱਸ ਖੱਡ ਵਿਚ ਡਿਗ ਪਈ, ਰੇਲ ਪਟੜੀ ਤੋਂ ਉਤਰੀ, ਮੋਟਰਸਾਈਕਲ ਤੇ ਕਾਰ ਦੀ ਟੱਕਰ, ਧਰਨੇ-ਜਲੂਸ। ਕੋਈ ਤਨਖਾਹ ਦੇ ਵਾਧੇ ਤੇ ਕੋਈ ਕਿਸੇ ਦੁਰਘਟਨਾ ਦੇ ਸ਼ਿਕਾਰ ਹੋਏ ਦਾ ਮੁਆਵਜ਼ਾ ਮੰਗਦੇ। ਮੌਤ ਦਾ ਵੀ ਮੁੱਲ ਪੈਣ ਲੱਗ ਪਿਆ। ਰਾਜਨੀਤੀ ਦੀਆਂ ਖ਼ਬਰਾਂ, ਆਪੋ-ਆਪਣੇ ਢੋਲ ਪਿੱਟਦੇ ਨੇਤਾ। ਆਮ ਲੋਕਾਂ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ। ਖੂਹ ਟੋਭੇ ਸੁੱਕ ਗਏ। ਗਲੀਆਂ ਬਾਜ਼ਾਰ ਕੂੜੇ ਨਾਲ ਭਰੇ ਪਏ ਹਨ। ਅਖ਼ਬਾਰ ਬੰਦ ਕਰ ਕੇ ਰੱਖਣ ਲੱਗੀ ਸਾਂ ਕਿ ਨਜ਼ਰ ਫੋਟੋ 'ਤੇ ਪਈ। ਦੋ ਪਿਆਰੀਆਂ ਬੱਚੀਆਂ, ਪਹਿਲੀ ਦੋ ਕੁ ਸਾਲ ਦੀ ਹੋਵੇਗੀ ਤੇ ਦੂਜੀ ਛੇ ਮਹੀਨੇ ਦੀ। ਖ਼ਬਰ ਪੜ੍ਹੀ। ਇਨ੍ਹਾਂ ਨੂੰ ਕੋਈ ਮਦਰ ਟੈਰੇਸਾ ਹੋਮ ਦੇ ਦਰਵਾਜ਼ੇ ਅੱਗੇ ਛੱਡ ਗਿਆ ਸੀ। ਉਨ੍ਹਾਂ ਦੇ ਗ਼ਲਾਂ ਵਿਚ ਸੋਨੇ ਦੀਆਂ ਚੇਨਾਂ ਹਨ ਤੇ ਕੱਪੜਿਆਂ ਦੇ ਦੋ ਬੈਗ। ਬੱਚੀਆਂ ਦੀ ਸਿਹਤ ਤੇ ਕੱਪੜਿਆਂ ਤੋਂ ਉਹ ਕਿਸੇ ਰੱਜੇ-ਪੁੱਜੇ ਘਰ ਦੀਆਂ ਜਾਪਦੀਆਂ ਸਨ। ਮੈਂ

ਉਠਦੀ-ਉਠਦੀ ਮੁੜ ਉਥੇ ਹੀ ਬੈਠ ਗਈ। ਦੁਰਘਟਨਾਵਾਂ ਤਾਂ ਆਪਣੇ ਵੱਸ ਤੋਂ ਬਾਹਰ ਹੁੰਦੀਆਂ ਹਨ। ਇਹ ਘਟਨਾ ਤਾਂ ਸੋਚ ਕੇ ਘਟੀ ਹੈ, ਆਪਣੇ ਬੱਚੇ ਨੂੰ ਕਿਸੇ ਬੰਦ ਬੂਹੇ ਅੱਗੇ ਛੱਡ ਆਉਣਾ! ਕਿਵੇਂ ਮੁੜੀ ਹੋਵੇਗੀ ਮਾਂ, ਉਸ ਦੀ ਕੀ ਮਜਬੂਰੀ ਹੋਵੇਗੀ? ਮਾਂ ਤਾਂ ਆਪਣੇ ਬੱਚੇ ਨੂੰ ਘਰ ਦੇ ਕਮਰੇ ਵਿਚ ਇਕੱਲਾ ਛੱਡ, ਰਸੋਈ ਤੱਕ ਨਹੀਂ ਜਾਂਦੀ! ਹਾਂ, ਅਗਰ ਮਾਂ ਨਾ ਹੁੰਦੀ ਤੇ ਕੋਈ ਹੋਰ ਛੱਡਣ ਆਇਆ ਹੁੰਦਾ ਤਾਂ ਉਸ ਨੇ ਬੱਚੇ ਅੰਦਰ ਛੱਡ ਕੇ ਜਾਣੇ ਸਨ। ਮਜਬੂਰੀ ਦੱਸਣੀ ਸੀ ਕਿ ਬੱਚਿਆਂ ਦੇ ਮਾਪੇ ਨਹੀਂ ਹਨ। ਇਹ ਕਾਰਾ ਮਾਂ ਦਾ ਹੀ ਹੈ। ਉਸ ਦਾ ਆਪਣੇ ਪਤੀ ਨਾਲ ਝਗੜਾ ਹੋਇਆ ਹੋਵੇਗਾ। ਝਗੜੇ ਤਾਂ ਘਰਾਂ ਵਿਚ ਹੁੰਦੇ ਹੀ ਹਨ। ਕਈ ਔਰਤਾਂ ਲੜ ਕੇ ਆਪਣੇ ਪੇਕੇ ਘਰ ਤੁਰ ਪੈਂਦੀਆਂ ਹਨ। ਬੱਚਿਆਂ ਨਾਲ ਤਾਂ ਮਾਂ ਨਿਰਮੋਹੀ ਨਹੀਂ ਨਾ ਹੋ ਸਕਦੀ! ਕੀ ਉਹ ਆਤਮ-ਹੱਤਿਆ ਕਰਨ ਗਈ ਹੋਵੇਗੀ? ਪਿਤਾ ਨੇ ਬੱਚੇ ਨਹੀਂ ਢੂੰਡੇ ਹੋਣਗੇ? ਕੀ ਪਤਾ, ਪਿਤਾ ਕਿਸ ਤਰ੍ਹਾਂ ਦਾ ਹੈ? ਮੇਰਾ ਮਨ ਕਦੀ ਕੁਝ ਸੋਚਦਾ, ਕਦੀ ਕੁਝ।

ਚਾਰ ਦਿਨ ਪਹਿਲਾਂ ਖ਼ਬਰ ਪੜ੍ਹੀ ਸੀ ਕਿ ਬੇਟੀ ਆਪਣੇ ਪਿਤਾ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ। ਨਾ ਜਾਣੇ ਕਿਹੋ ਜਿਹੀ ਜ਼ਹਿਰੀਲੀ ਹਵਾ ਚੱਲ ਪਈ ਹੈ। ਪਰਿਵਾਰ, ਰਿਸ਼ਤੇ ਤੇ ਸਾਕ-ਸਬੰਧ, ਸਭ ਮਰਯਾਦਾ ਗੁਆ ਰਹੇ ਹਨ। ਮਾਂ ਦੀ ਮਮਤਾ ਤੋਂ ਵਧੇਰੇ ਸੁਖਾਵੀਂ, ਸੋਹਣੀ ਤੇ ਹਰ ਕਸ਼ਟ ਤੋਂ ਬਚਾਉਣ ਵਾਲੀ ਕਿਹੜੀ ਸ਼ੈਅ ਹੈ? ਕੋਈ ਨਹੀਂ। ਮਾਂ ਹੀ ਅੱਜ ਆਪਣੇ ਜਾਇਆਂ ਨੂੰ ਸੰਭਾਲਣ ਤੋਂ ਇਨਕਾਰੀ ਹੋ ਗਈ ਹੈ। ਕਦੀ ਕਿਸੇ ਕੂੜੇਦਾਨ ਵਿਚੋਂ ਬੱਚਾ ਮਿਲਦਾ ਹੈ ਤੇ ਕਦੀ ਕਿਤੇ ਹੋਰ ਥਾਂ ਤੋਂ। ਇਹ ਪਿਆਰੀਆਂ ਬੱਚੀਆਂ ਅੱਜ ਅਨਾਥ ਆਸ਼ਰਮ ਦਾ ਬੂਹਾ ਖੜਕਾ ਰਹੀਆਂ ਹਨ।

ਮੈਨੂੰ ਲੱਗਾ, ਚੱਕਰ ਆ ਰਹੇ ਹਨ। ਮੈਂ ਕੁਰਸੀ ਦੀ ਢੋਹ ਨਾਲ ਸਿਰ ਲਾ ਕੇ ਬੈਠ ਗਈ। ਅਜੇ ਦੋ ਮਿੰਟ ਵੀ ਆਰਾਮ ਨਾਲ ਨਹੀਂ ਬੈਠੀ ਹੋਵਾਂਗੀ ਕਿ ਕਮਲਾ ਦੀ ਆਵਾਜ਼ ਸੁਣਾਈ ਦਿੱਤੀ। ਉਹ ਰੋ ਰਹੀ ਸੀ। ਮੈਂ ਉਠ ਕੇ ਗਈ ਤਾਂ ਉਹ ਪਿਛਲੀਆਂ ਪੌੜੀਆਂ ਕੋਲ ਖੜ੍ਹੀ ਆਪਣੇ ਦੋਵੇਂ ਹੱਥ ਸਿਰ 'ਤੇ ਰੱਖ ਕੇ ਰੋ ਰਹੀ ਸੀ।

ਮੈਂ ਪੁੱਛਿਆ, 'ਕੀ ਹੋਇਆ?'

ਰੋਂਦੀ ਰੋਂਦੀ ਬੋਲੀ, "ਬੀਬੀ ਜੀ, ਮੈਂ ਮਰ ਜਾਣਾਂ। ਮੇਰੀ ਤਾਂ ਮੌਤ ਆ ਗਈ। ਬੀਬੀ ਜੀ ਤੁਹਾਡਾ ਕੰਮ ਕੌਣ ਕਰਿਆ ਕਰੇਗਾ।"

ਮੈਂ ਪੁੱਛਿਆ, "ਤੇਰੀ ਮੌਤ ਕਿਥੇ ਹੈ?"

ਉਹ ਬੋਲੀ, "ਕਾਂ ਨੇ ਮੇਰੇ ਸਿਰ ਵਿਚ ਠੂੰਗਾ ਮਾਰਿਆ ਹੈ। ਮੇਰੀ ਮਾਂ ਕਹਿੰਦੀ ਹੁੰਦੀ ਸੀ, ਜੇ ਕਿਸੇ ਦੇ ਸਿਰ ਵਿਚ ਕਾਂ ਠੂੰਗਾ ਮਾਰੇ ਤਾਂ ਸਮਝੋ ਉਸ ਦੀ ਮੌਤ ਆ ਗਈ ਹੈ।"

ਮੈਨੂੰ ਗੱਲ ਸਮਝ ਆ ਗਈ। ਮੈਂ ਪੁੱਛਿਆ, "ਤੂੰ ਕੰਧ ਉਪਰ ਚੜ੍ਹੀ ਸੀ?"

ਉਸ ਉਤਰ ਦਿੱਤਾ, "ਹਾਂ ਜੀ, ਪਰ ਤੁਹਾਨੂੰ ਕਿਵੇਂ ਪਤਾ ਲੱਗਾ?"

"ਮੇਰੇ ਕੋਲ ਕਾਂ ਨੇ ਸ਼ਿਕਾਇਤ ਕੀਤੀ। ਤੂੰ ਕਿਉਂ ਚੜ੍ਹੀ?"

"ਬੀਬੀ ਜੀ, ਮੇਰੀ ਸਹੇਲੀ ਉਸ ਪਾਸਿਓਂ ਮੈਨੂੰ ਆਵਾਜ਼ ਦੇ ਰਹੀ ਸੀ। ਮੈਂ ਉਸ ਨਾਲ ਗੱਲ ਕਰਨ ਚੜ੍ਹੀ ਸੀ।"

"ਤੂੰ ਹੁਣ ਇਉਂ ਕਰੀਂ, ਜਦ ਮਰਨ ਲੱਗੇਂਗੀ ਤਾਂ ਆਪਣੀ ਉਸ ਸਹੇਲੀ ਨੂੰ ਕੰਮ ਕਰਨ ਭੇਜ ਦੇਵੀਂ।" ਕਹਿ ਕੇ ਮੈਂ ਉਸ ਦੇ ਸਿਰ ਉਪਰ ਪੋਲਾ ਜਿਹਾ ਥੱਪੜ ਟਿਕਾ ਦਿੱਤਾ। ਉਹ ਹੱਸ ਪਈ ਤੇ ਨਾਲ ਹੀ ਬੋਲੀ, "ਹੁਣ ਨਹੀਂ ਮੈਂ ਮਰਦੀ।"

ਫਿਰ ਮੈਂ ਉਸ ਨੂੰ ਦੱਸਿਆ ਕਿ ਪਿਲਕਣ 'ਤੇ ਕਾਂਵਾਂ ਦੇ ਆਲ੍ਹਣੇ ਹਨ। ਉਨ੍ਹਾਂ ਵਿਚ ਆਂਡੇ ਜਾਂ ਬੱਚੇ ਹੋਣਗੇ। ਜਦ ਕੋਈ ਇਸ ਕੰਧ 'ਤੇ ਚੜ੍ਹਦਾ ਏ ਤਾਂ ਉਨ੍ਹਾਂ ਨੂੰ ਲਗਦੈ ਕਿ ਚੜ੍ਹਨ ਵਾਲਾ, ਬੱਚਿਆਂ ਦਾ ਨੁਕਸਾਨ ਕਰੇਗਾ। ਉਹ ਆਪਣੇ ਬੱਚਿਆਂ ਦੀ ਰਾਖੀ ਕਰਦੇ ਹਨ ਤੇ ਨੇੜੇ ਆਉਣ ਵਾਲੇ ਦੇ ਚੁੰਝਾਂ ਮਾਰਦੇ ਹਨ। ਜਦ ਆਲ੍ਹਣੇ ਖਾਲੀ ਹੁੰਦੇ ਹਨ, ਉਸ ਵੇਲੇ ਇਹ ਕੁਝ ਨਹੀਂ ਕਹਿੰਦੇ।

ਉਹ ਤਾਂ ਗੱਲ ਸੁਣ ਕੇ ਅੰਦਰ ਚਲੀ ਗਈ, ਪਰ ਮੈਂ ਸੋਚਣ ਲੱਗ ਪਈ। ਪੰਛੀਆਂ ਤੇ ਜਾਨਵਰਾਂ ਵਿਚ ਵੀ ਮਮਤਾ ਹੁੰਦੀ ਹੈ। ਇਨ੍ਹਾਂ ਅੰਦਰ ਸਵਾਰਥ ਨਹੀਂ। ਇਹ ਆਪਣੇ ਬੱਚੇ ਪਾਲਦੇ ਹਨ, ਪਰ ਇਹ ਆਸ ਨਹੀਂ ਰੱਖਦੇ ਕਿ ਬੱਚੇ ਬੁਢਾਪੇ ਵਿਚ ਮਾਪਿਆਂ ਦੀ ਸੇਵਾ ਕਰਨਗੇ। ਜਦ ਤੱਕ ਬੱਚੇ ਖੁੱਲ੍ਹੇ ਆਕਾਸ਼ ਵਿਚ ਉਡਾਰੀ ਭਰਨ ਜੋਗੇ ਨਹੀਂ ਹੋ ਜਾਂਦੇ, ਉਨੀ ਦੇਰ ਇਨ੍ਹਾਂ ਨੇ ਸੰਭਾਲ ਕਰਨੀ ਹੁੰਦੀ ਏ। ਜਿਸ ਦਿਨ ਉਡਣਾ ਆ ਗਿਆ, ਬੱਸ ਕੰਮ ਖਤਮ।

ਮੈਨੂੰ ਇਕ ਬਿੱਲੀ ਦੀ ਮਮਤਾ ਭਰੀ ਬਹਾਦਰੀ ਵੀ ਯਾਦ ਆਈ। ਬੜੇ ਸਾਲ ਬੀਤ ਗਏ ਇਸ ਘਟਨਾ ਨੂੰ। ਗਰਮੀ ਦੇ ਦਿਨਾਂ ਵਿਚ ਮੈਂ ਆਪਣੇ ਬੇਟੇ ਨੂੰ ਵਿਹੜੇ ਵਿਚ ਬੈਠੀ ਪੜ੍ਹਾ ਰਹੀ ਸਾਂ। ਸਾਡਾ ਕੁੱਤਾ ਭੌਂਕ ਰਿਹਾ ਸੀ। ਮੈਂ ਦੇਖਿਆ, ਬਿੱਲੀ ਕੰਧ 'ਤੇ ਬੈਠੀ ਹੈ ਤੇ ਉਸ ਦੇ ਮੂੰਹ ਵਿਚ ਬਲੂੰਗੜਾ ਸੀ। ਕੁੱਤਾ ਉਪਰ ਨੂੰ ਝਪਟ ਕੇ ਭੌਂਕਿਆ ਤੇ ਬਿੱਲੀ ਦੇ ਮੂੰਹ ਵਿਚੋਂ ਬਲੂੰਗੜਾ ਡਿੱਗ ਪਿਆ। ਕੁੱਤਾ ਬਲੂੰਗੜੇ ਵੱਲ ਹੋਇਆ, ਪਰ ਇਸ ਤੋਂ ਪਹਿਲਾਂ ਕਿ ਉਹ ਬਲੂੰਗੜੇ ਨੂੰ ਮੂੰਹ ਲਾਵੇ, ਬਿੱਲੀ ਨੇ ਛਾਲ ਮਾਰ ਕੇ ਕੁੱਤੇ ਉਤੇ ਹਮਲਾ ਕਰ ਦਿੱਤਾ, ਜ਼ੋਰ ਨਾਲ ਪੰਜਾ ਕੁੱਤੇ ਦੇ ਮੂੰਹ 'ਤੇ ਮਾਰਿਆ। ਕੁੱਤਾ ਟਊਂ ਟਊਂ ਕਰਦਾ ਮੇਰੇ ਕੋਲ ਆ ਗਿਆ ਤੇ ਬਿੱਲੀ ਬਲੂੰਗੜਾ ਲੈ ਕੇ ਦੌੜ ਗਈ। ਕੁੱਤੇ ਨੂੰ ਜ਼ਖਮੀ ਹੋਇਆ ਦੇਖ ਮੇਰਾ ਬੇਟਾ ਰੋਣ ਲੱਗਾ। ਮੈਨੂੰ ਮਾਂ ਦੀ ਮਮਤਾ ਦੀ ਜਿੱਤ ਦੀ ਖੁਸ਼ੀ ਹੋਈ। ਬਿੱਲੀ ਕੁੱਤੇ ਨੂੰ ਜ਼ਖ਼ਮੀ ਕਰ ਗਈ ਸੀ।

ਮੈਨੂੰ ਬੇਜੀ ਦੀ ਗੱਲ ਯਾਦ ਆਈ। ਉਹ ਕਹਿੰਦੇ ਹੁੰਦੇ ਸਨ ਕਿ ਮਹਾਰਾਣੀ ਹੋਵੇ, ਪਰ ਮਾੜੀ ਘੜੀ ਆਉਣ 'ਤੇ ਭੱਠ ਝੋਕ ਕੇ ਵੀ ਬੱਚੇ ਪਾਲਦੀ ਹੈ। ਮਾਂ ਕਿੰਨੀ ਕਮਜ਼ੋਰ ਤੇ ਨਿਮਾਣੀ ਹੋਵੇ, ਪਰ ਬੱਚਿਆਂ 'ਤੇ ਸੰਕਟ ਆਵੇ ਤਾਂ ਸ਼ੇਰਨੀ ਬਣ ਜਾਂਦੀ ਹੈ। ਮੈਨੂੰ ਮਾਂ ਦੇ ਦਿਲ ਦੀ ਉਹ ਅਵਸਥਾ ਸਮਝ ਨਹੀਂ ਆਈ ਜਦ ਘਰ ਵਿਚ ਐਨੇ ਧਨ ਦੇ ਹੁੰਦਿਆਂ ਆਪਣੇ ਬੱਚੇ ਅਨਾਥ ਘਰ ਛੱਡਣ ਤੁਰ ਪੈਂਦੀ ਹੈ।

ਗੇਟ ਦੀ ਕਾਲ ਬੈੱਲ ਨੇ ਮੇਰਾ ਧਿਆਨ ਮੋੜਿਆ। ਮੈਂ ਕਮਲਾ ਨੂੰ ਕਿਹਾ, "ਦੇਖ ਕੌਣ ਹੈ?" ਕਮਲਾ ਆ ਕੇ ਬੋਲੀ, "ਬੀਬੀ ਜੀ, ਕੋਈ ਬੁੱਢੀ ਮਾਈ ਰੋਟੀ ਮੰਗਦੀ ਹੈ। ਰਾਤ ਦੀਆਂ ਪਈਆਂ ਹਨ, ਕਹੋ ਤਾਂ ਦੇ ਆਵਾਂ।" ਮੈਂ ਕਿਹਾ, "ਦੇ ਦੇ।" ਉਹ ਮੁੜ ਆ ਕੇ ਬੋਲੀ, "ਹੁਣ ਉਹ ਚਾਹ ਵੀ ਮੰਗਦੀ ਹੈ। ਬਿਮਾਰ ਲਗਦੀ ਏ ਮੈਨੂੰ, ਬਣਾ ਦੇਵਾਂ।" ਮੈਂ ਫਿਰ ਕਿਹਾ, "ਜਾਹ, ਜਾ ਕੇ ਚਾਹ ਬਣਾ ਦੇ। ਮੈਂ ਦੇਖਦੀ ਆਂ।" ਮੈਂ ਬਾਹਰ ਗਈ, ਉਹ ਰਾਤ ਦੀ ਰੋਟੀ ਖਾ ਰਹੀ ਸੀ। ਮੈਂ ਕਿਹਾ, "ਲੰਘ ਆ, ਵਿਹੜੇ ਵਿਚ ਬੈਠ ਕੇ ਖਾ ਲੈ। ਚਾਹ ਵੀ ਆ ਗਈ ਤੇਰੀ।"

ਉਹਦੀ ਉਮਰ ਸੱਠਾਂ ਤੋਂ ਵੱਧ ਨਹੀਂ ਹੋਵੇਗੀ। ਮੈਨੂੰ ਉਹ ਮੰਗਤੀ ਨਹੀਂ ਲੱਗੀ। ਮੈਂ ਉਸ ਨੂੰ ਪੁੱਛਿਆ, "ਕਦੋਂ ਤੋਂ ਮੰਗਣ ਦਾ ਕੰਮ ਕਰਦੀ ਹੈਂ।" ਉਹ ਬੋਲੀ ਨਹੀਂ, ਰੋਣ ਲੱਗ ਪਈ। ਮੈਂ ਕਿਹਾ, "ਬੀਬੀ ਮੰਗਣਾ ਠੀਕ ਨਹੀਂ ਹੁੰਦਾ, ਤੂੰ ਕਿਉਂ ਮੰਗਦੀ ਹੈਂ।" ਉਹ ਬੋਲੀ, "ਮੈਂ ਮੰਗਤੀ ਨਹੀਂ। ਮੇਰਾ ਘਰ ਹੈ, ਖੇਤ ਹਨ। ਮੇਰਾ ਪੁੱਤਰ ਹੈ, ਪਰ ਨੂੰਹ ਬਹੁਤ ਖਰਾਬ ਹੈ, ਰੋਜ਼ ਲੜਦੀ ਹੈ ਤੇ ਮੇਰੇ ਉਤੇ ਹੱਥ ਵੀ ਚੁੱਕ ਲੈਂਦੀ ਹੈ। ਜਦ ਮੇਰਾ ਮੁੰਡਾ ਆਉਂਦਾ, ਉਹਦੇ ਸਾਹਮਣੇ ਭਰਾਵਾਂ ਦੀ ਸਹੁੰ ਖਾਂਦੀ ਹੈ ਕਿ ਮੈਂ ਕੁਝ ਕਿਹਾ ਨਹੀਂ। ਮੁੰਡਾ ਉਹਦੀ ਗੱਲ ਮੰਨ ਕੇ ਮੈਨੂੰ ਕਹਿੰਦਾ ਕਿ ਤੂੰ ਤੰਗ ਕਰਦੀ ਹੈਂ। ਕੱਲ੍ਹ ਸ਼ਾਮ ਮੁੰਡੇ ਨੂੰ ਕਹਿਣ ਲੱਗੀ ਕਿ ਬੇਬੇ ਨੇ ਮੈਨੂੰ ਮਾਰਿਆ ਤੇ ਨਾਲੇ ਮੇਰੇ ਮੂੰਹ ਵਿਚ ਜ਼ਹਿਰ ਪਾਉਣ ਲੱਗੀ ਸੀ। ਮੁੰਡੇ ਨੇ ਸ਼ਰਾਬ ਪੀਤੀ ਹੋਈ ਸੀ ਤੇ ਮੈਨੂੰ ਬਾਂਹ ਤੋਂ ਫੜ ਕੇ ਘਰੋਂ ਕੱਢ ਦਿੱਤਾ। ਮੈਂ ਬਾਹਰ ਖੇਤਾਂ ਵੱਲ ਤੁਰੀ ਗਈ, ਪਤਾ ਨਹੀਂ ਕਿੰਨਾ ਚਿਰ ਤੁਰੀ ਗਈ। ਗਿਆਰਾਂ ਵਜੇ ਮੈਂ ਮਾਈ ਨੰਦ ਕੌਰ ਦੇ ਗੁਰਦੁਆਰੇ ਆਈ। ਗੁਰਦੁਆਰਾ ਬੰਦ ਸੀ। ਮੈਂ ਅੰਦਰ ਵੜ ਕੇ ਡਿਓੜੀ ਵਿਚ ਬੈਠ ਗਈ ਤੇ ਉਥੇ ਹੀ ਰਾਤ ਗੁਜ਼ਰ ਗਈ। ਸਵੇਰੇ ਬਾਹਰ ਟੂਟੀ 'ਤੇ ਮੂੰਹ ਧੋ ਕੇ ਅੰਦਰ ਮੱਥਾ ਟੇਕ ਬਹਿ ਗਈ। ਭੋਗ ਪਿਆ ਤੇ ਪ੍ਰਸ਼ਾਦ ਲੈ ਕੇ ਜਿਵੇਂ ਹੋਰ ਲੋਕ ਤੁਰ ਪਏ, ਮੈਂ ਵੀ ਬਾਹਰ ਆ ਗਈ। ਤੁਰਦੀ ਤੁਰਦੀ ਇਥੇ ਆ ਗਈ।"

ਮੈਂ ਫਿਰ ਪੁੱਛਿਆ, "ਲੜਾਈ ਕਿਉਂ ਹੁੰਦੀ ਐ? ਤੂੰ ਕੰਮ ਨਹੀਂ ਕਰਾਉਂਦੀ ਜਾਂ ਕੋਈ ਦਾਜ ਮੰਗਿਆ ਸੀ।"

ਉਹ ਹੱਥ ਜੋੜ ਕੇ ਬੋਲੀ, "ਬੀਬੀ ਜੀ, ਵਿਆਹ ਨੂੰ ਦਸ ਸਾਲ ਹੋ ਗਏ। ਦੋ ਬੱਚੇ ਹਨ। ਜਦ ਤੋਂ ਉਸ ਦਾ ਸਹੁਰਾ ਪੂਰਾ ਹੋਇਆ, ਲੜਾਈ ਹੋਣ ਲੱਗ ਪਈ। ਉਸ 4 ਖੇਤ ਮੁੰਡੇ ਦੇ ਨਾਂ ਤੇ 4 ਮੇਰੇ ਨਾਂ ਕਰਵਾਏ ਸਨ। ਹੁਣ ਇਹ ਕਹਿੰਦੀ ਆ ਕਿ ਉਹ ਜ਼ਮੀਨ ਮੈਂ ਉਸ ਦੇ ਨਾਮ ਕਰਵਾ ਦੇਵਾਂ।"

ਮੈਂ ਸਾਰੀ ਗੱਲ ਸਮਝ ਗਈ। "ਤੂੰ ਆਰਾਮ ਨਾਲ ਬੈਠ, ਤੇਰਾ ਇਲਾਜ ਕਰਦੀ ਹਾਂ।" ਮੈਂ ਮਿਸੇਜ਼ ਉਮਾ ਸਾਹਨੀ ਨੂੰ ਫੋਨ 'ਤੇ ਸਾਰੀ ਗੱਲ ਦੱਸੀ। ਉਹ ਜ਼ਿਲ੍ਹਾ ਰੈਡ ਕਰਾਸ ਦੀ ਪ੍ਰਧਾਨ ਹੈ। ਇਨ੍ਹਾਂ ਦੇ ਪਿੰਡ ਦੀ ਚੌਕੀ ਫੋਨ 'ਤੇ ਗੱਲ ਕੀਤੀ। ਉਨ੍ਹਾਂ ਨੰਬਰਦਾਰ ਨੂੰ ਨਾਲ ਲਿਆ। ਉਹ ਇਸ ਦੇ ਘਰ ਪਹੁੰਚੇ ਤੇ ਮਾਈ ਦੇ ਪੁੱਤ-ਨੂੰਹ ਨੂੰ ਲੈ ਕੇ ਆਏ। ਮਿਸੇਜ਼ ਸਾਹਨੀ ਨੇ ਮੈਨੂੰ ਵੀ ਬੁਲਾ ਲਿਆ। ਦੋ ਹੋਰ ਮੈਂਬਰ ਤੇ ਇਸ ਮਾਤਾ ਨੂੰ ਵੀ। ਉਨ੍ਹਾਂ ਕਿਹਾ ਕਿ ਤੇਰੀ ਮਾਂ ਨੇ ਜ਼ਮੀਨ ਰੈਡ ਕਰਾਸ ਨੂੰ ਦੇਣੀ ਹੈ ਤੇ ਅਸੀਂ ਇਸ ਨੂੰ ਰੈਡ ਕਰਾਸ ਹੋਮ ਵਿਚ ਰੱਖ ਲੈਣਾ ਹੈ। ਉਹ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗਾ ਕਿ ਸਾਡਾ ਤਾਂ ਨੱਕ ਵੱਢਿਆ ਜਾਵੇਗਾ। ਸਾਨੂੰ ਮੁਆਫ਼ ਕਰੋ। ਬੇਬੇ ਤੇਰੇ ਪੈਰ ਧੋ ਕੇ ਪੀਵਾਂਗੇ, ਹੁਣ ਮੁਆਫ਼ ਕਰ ਦੇ। ਉਨ੍ਹਾਂ ਕੋਲੋਂ ਮਾਫ਼ੀਨਾਮਾ ਲਿਖਵਾ ਕੇ ਮਾਤਾ ਨੂੰ ਘਰ ਤੋਰ ਦਿੱਤਾ।

ਉਨ੍ਹਾਂ ਬੱਚੀਆਂ ਦੀ ਖਬਰ ਪੜ੍ਹ ਲਈ ਸੀ। ਕਿਸੇ ਐਨ.ਆਰ.ਆਈ. ਜੋੜੇ ਨੇ ਬੱਚੀਆਂ ਨੂੰ ਗੋਦ ਲੈ ਲਿਆ ਹੈ। ਹੁਣ ਇਹ ਸਵਾਲ ਮੇਰੇ ਦਿਮਾਗ਼ ਤੇ ਦਿਲ ਨੂੰ ਪ੍ਰੇਸ਼ਾਨ ਕਰ ਰਹੇ ਸਨ, ਅੱਜ ਖੂਨ ਦੇ ਰਿਸ਼ਤੇ ਆਪਣੀ ਲੋਹੇ ਤੇ ਚੁੰਬਕ ਵਾਲੀ ਖਿੱਚ ਕਿਉਂ ਗੁਆ ਰਹੇ ਹਨ? ਆਪਸੀ ਪਿਆਰ ਦੀ ਚਾਸ਼ਨੀ ਫਿੱਕੀ ਕਿਉਂ ਹੋ ਗਈ ਹੈ?

**ਸਾਡਾ ਵਿਰਸਾ**

# ਵਿਆਹ ਦੀ ਅਲੋਪ ਹੋ ਰਹੀ ਮਨਮੋਹਕ ਰਸਮ:ਛੰਦ ਪਰਾਗੇ

**ਸੁਖਦੇਵ ਮਾਦਪੁਰੀ**
ਫੋਨ: 094630-34472

ਵਿਆਹ ਦੇ ਰੀਤੀ ਮੂਲਕ ਗੀਤ ਰੂਪਾਂ ਵਿਚ 'ਛੰਦ ਪਰਾਗੇ' ਦਾ ਵਿਲੱਖਣ ਸਥਾਨ ਹੈ! 'ਛੰਦ ਪਰਾਗੇ' ਗੀਤ ਰੂਪ ਵਿਚ ਸਾਲੀਆਂ ਲਾੜੇ ਪਾਸੋਂ ਛੰਦ ਸੁਣਦੀਆਂ ਹਨ! ਇਹ ਰੀਤ ਪੁਰਾਣੇ ਸਮੇਂ ਤੋਂ ਹੀ ਚੱਲੀ ਆ ਰਹੀ ਹੈ!

ਲਾਵਾਂ ਜਾਂ ਅਨੰਦ ਕਾਰਜ ਦੀ ਰਸਮ ਮਗਰੋਂ ਲਾੜੇ ਨੂੰ ਲਾੜੀ ਵਾਲਿਆਂ ਦੇ ਘਰ ਸੱਦਿਆ ਜਾਂਦਾ ਹੈ ਜਿੱਥੇ ਸੱਸ ਅਤੇ ਸਹੁਰੇ ਪਰਿਵਾਰ ਦੀਆਂ ਹੋਰ ਜਨਾਨੀਆਂ ਕਈ ਇਕ ਸ਼ਗਨ ਕਰਦੀਆਂ ਹਨ! ਇਨ੍ਹਾਂ ਸ਼ਗਨਾਂ ਤੋਂ ਪਹਿਲਾਂ ਲਾੜੇ ਦੀਆਂ ਮਸਤੀਆਂ ਹੋਈਆਂ ਸਾਲੀਆਂ ਉਸ ਦੇ ਆ ਦੁਆਲੇ ਹੁੰਦੀਆਂ ਹਨ ਤੇ ਉਸ ਨਾਲ ਛੇੜ ਛਾੜ ਕਰਦੀਆਂ ਹਨ, ਕੋਈ ਚੂੰਢੀ ਵੱਢਦੀ ਹੈ, ਕੋਈ ਉਹਦੀ ਵੱਖੀ ਵਿਚ ਸੂਈ ਖਭੋ ਦੇਂਦੀ ਹੈ ਤੇ ਕੋਈ ਚਾਮ੍ਹਲੀ ਹੋਈ ਉਸ ਦਾ ਕੁੜਤਾ ਮੰਜੇ ਦੀ ਚਾਦਰ ਨਾ਼ਲ ਸਿਊਂ ਦੇਂਦੀ ਹੈ। ਇਉਂ ਹਾਸੇ ਠੱਠੇ ਦਾ ਮਾਹੌਲ ਸਿਰਜਿਆ ਜਾਂਦਾ ਹੈ। ਲਾੜੇ ਦੇ ਨਾਲ ਆਏ ਇਕ ਦੋ ਮੁੰਡੇ ਤੇ ਸਰਬਾਲਾ ਉਸ ਨੂੰ ਸਾਲੀਆਂ ਦੀਆਂ ਖਰਮਸਤੀਆਂ ਤੋਂ ਬਚਾਉਣ ਦਾ ਯਤਨ ਕਰਦੇ ਹਨ ਤੇ ਉਸ ਨੂੰ ਸੁਚੇਤ ਕਰਦੇ ਰਹਿੰਦੇ ਹਨ! ਵਿਚਾਰਾ ਲਾੜਾ ਸਾਲੀਆਂ ਦੇ ਚੋਹਲਾਂ ਨਾਲ ਭਮੱਤਰ ਜਾਂਦਾ ਹੈ। ਚੁਸਤ ਤੇ ਬੁਧੀਮਾਨ ਲਾੜੇ ਇਸ ਮੌਕੇ ਲਈ ਪਹਿਲਾਂ ਹੀ ਤਿਆਰੀ ਕਰਕੇ ਆਉਂਦੇ ਹਨ। ਉਹ ਆਪਣੇ ਮਿੱਤਰਾਂ ਬੇਲੀਆਂ ਪਾਸੋਂ ਮਿੱਠੇ, ਚੁਰਚੁਰੇ ਤੇ ਸਲੂਣੇ ਛੰਦ ਸੁਣ ਕੇ ਕੰਠ ਕਰ ਲੈਂਦੇ ਹਨ ਤਾਂ ਜੋ ਉਨ੍ਹਾਂ ਨੂੰ ਸਾਲੀਆਂ ਸਾਹਮਣੇ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ। ਉਹ ਚੋਂਦੇ-ਚੋਂਦੇ ਛੰਦ ਸੁਣਾ ਕੇ ਸਾਲੀਆਂ ਨੂੰ ਠਿੱਠ ਕਰ ਦੇਂਦੇ ਹਨ!

'ਛੰਦ ਪਰਾਗੇ' ਸੁਣਨ ਸਮੇਂ ਸਾਰਾ ਮਾਹੌਲ ਖ਼ੁਸ਼ਗਵਾਰ ਹੋਇਆ ਹੁੰਦਾ ਹੈ। ਲਾੜੇ ਦੇ ਪਹਿਲੀ ਵਾਰੀ ਸਹੁਰੇ ਘਰ ਆਉਣ ਕਾਰਨ ਸਾਲੀਆਂ ਉਸ ਨਾਲ ਹਾਸੇ-ਮਖ਼ੌਲ ਵਾਲੀਆਂ ਗੱਲਾਂ ਕਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਨਾਲ ਖੁਲ੍ਹ ਜਾਵੇ ਤੇ ਸੰਗ ਸੰਕੋਚ ਲਹਿ ਜਾਵੇ। ਇਸ ਰਸਮ ਦਾ ਮੁੱਖ ਮੰਤਵ ਤਾਂ ਇਹ ਜਾਣਨਾ ਹੁੰਦਾ ਹੈ ਕਿ ਲਾੜਾ ਕਿਧਰੇ ਸੁੰਨ ਵੱਟਾ ਤਾਂ ਨਹੀਂ। ਇਸ ਲਈ ਉਸ ਦੀਆਂ ਸਾਲੀਆਂ ਉਹਦੀ ਅਕਲ ਅਤੇ ਹਾਜ਼ਰ-ਜਵਾਬੀ ਪਰਖਣ ਲਈ ਉਸ ਨੂੰ ਛੰਦ ਸੁਣਾਉਣ ਲਈ ਆਖਦੀਆਂ ਹਨ। ਲਾੜਾ ਉਨ੍ਹਾਂ ਨਾ਼ਲ ਕਾਵਿ-ਸੰਵਾਦ ਰਚਾ ਕੇ ਆਪਣੀ ਸਿਆਣਪ ਅਤੇ ਹਾਜ਼ਰ-ਜਵਾਬੀ ਦਾ ਪ੍ਰਗਟਾਵਾ ਕਰਦਾ ਹੈ। ਇਨ੍ਹਾਂ ਛੰਦਾਂ ਵਿਚ ਵਧੇਰੇ ਕਰਕੇ ਤੁਕਬੰਦੀ ਹੀ ਹੁੰਦੀ ਹੈ। ਕਈ ਹਾਜ਼ਰ-ਜਵਾਬ ਤੇ ਚੁਸਤ ਲਾੜੇ ਤੁਰੰਤ ਹੀ ਕੋਈ ਛੰਦ ਜੋੜ ਲੈਂਦੇ ਹਨ। ਪਹਿਲਾਂ ਲਾੜਾ ਧੀਮੇ ਸੁਰ ਵਾਲੇ ਛੰਦ ਬੋਲਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਤੀਰ
ਤੁਸੀਂ ਮੇਰੀਆਂ ਭੈਣਾਂ ਲੱਗੀਆਂ
ਮੈਂ ਆਂ ਥੋਡਾ ਵੀਰ।

ਉਹ ਆਪਣੀਆਂ ਸਾਲੀਆਂ ਦਾ ਦਿਲ ਜਿੱਤਣ ਲਈ ਉਨ੍ਹਾਂ ਦੀ ਭੈਣ ਨੂੰ ਆਪਣੀ ਮੁੰਦਰੀ ਦਾ ਹੀਰਾ ਬਣਾ ਕੇ ਰੱਖਣ ਦੀ ਗੱਲ ਕਰਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਖੀਰਾ
ਭੈਣ ਥੋਡੀ ਨੂੰ ਇਉਂ ਰੱਖੂੰਗਾ
ਜਿਉਂ ਮੁੰਦਰੀ ਦਾ ਹੀਰਾ।

ਫੇਰ ਉਹ ਹੌਲੀ-ਹੌਲੀ ਸੁਰ ਬਦਲਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਸੋਟੀਆਂ
ਉਪਰੋਂ ਤਾਂ ਤੁਸੀਂ ਮਿੱਠੀਆਂ
ਦਿਲੋਂ ਪੂਰੀਆਂ ਖੋਟੀਆਂ।

ਸਾਲੀ ਦੀ ਵੱਢੀ ਚੂੰਢੀ ਦੀ ਚੀਸ ਉਸ ਨੂੰ ਭੁਲਦੀ ਨਹੀਂ। ਉਹ ਚੀਸ ਵਟ ਕੇ ਛੰਦ ਸੁਣਾ ਦੇਂਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਝਾਮਾਂ
ਸਾਲੀ ਮੇਰੀ ਨੇ ਚੂੰਢੀ ਵੱਢੀ
ਹੁਣ ਕੀ 'ਲਾਜ ਬਣਾਵਾਂ।

ਉਹ ਆਪਣੀ ਸੱਸ ਅਤੇ ਸਹੁਰੇ ਨੂੰ ਆਪਣੇ ਛੰਦਾਂ ਦੇ ਪਾਤਰ ਬਣਾ ਲੈਂਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਘਿਓ
ਸੱਸ ਲੱਗੀ ਅੱਜ ਤੋਂ ਮਾਂ ਮੇਰੀ
ਸਹੁਰਾ ਲੱਗਿਆ ਪਿਓ।

ਏਥੇ ਹੀ ਬੱਸ ਨਹੀਂ ਉਹ ਤਾਂ ਆਪਣੀ ਸੱਸ ਨੂੰ ਪਾਰਵਤੀ ਅਤੇ ਸਹੁਰੇ ਨੂੰ ਪਰਮੇਸ਼ਰ ਦਾ ਦਰਜਾ ਦੇ ਦਿੰਦਾ ਹੈ। ਸੱਸ ਫੁੱਲੀ ਨਹੀਂ ਸਮਾਉਂਦੀ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਕੇਸਰ
ਸੱਸ ਤਾਂ ਮੇਰੀ ਪਾਰਵਤੀ
ਸਹੁਰਾ ਮੇਰਾ ਪਰਮੇਸ਼ਰ।

ਫੇਰ ਹਾਸਾ ਉਪਜਾਉਣ ਵਾ਼ਲਾ ਛੰਦ ਬੋਲਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਡੌਰੂ
ਸੱਸ ਮੇਰੀ ਬਰੋਟੇ ਚੜ੍ਹਗੀ
ਸਹੁਰਾ ਪਾਵੇ ਖੌਰੂ।


ਸਾਲੀਆਂ ਛੰਦ ਸੁਣ ਕੇ ਮੁਸਕਰਾਉਂਦੀਆਂ ਹਨ ਤੇ ਉਹ ਉਨ੍ਹਾਂ ਨੂੰ ਮੁਖ਼ਾਤਿਬ ਹੋ ਕੇ ਅਗਲਾ ਛੰਦ ਬੋਲਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਚੀਰੀ
ਔਹ ਕੁੜੀ ਤਾਂ ਬਹੁਤੀ ਸੋਹਣੀ
ਆਹ ਅੱਖਾਂ ਦੀ ਟੀਰੀ।

ਸਾਲੀਆਂ ਦੰਦਾਂ ਵਿਚ ਚੁੰਨੀਆਂ ਲੈ ਕੇ ਹੱਸਦੀਆਂ ਹਨ। ਤੇ ਉਹ ਹੁਣ ਇਕ ਜੇਤੂ ਦੇ ਰੂਪ ਵਿਚ ਆਪਣੇ ਬਾਪੂ ਵਲੋਂ ਦਿੱਤੀ ਨਸੀਹਤ ਬਾਰੇ ਛੰਦ ਸੁਣਾਉਂਦਾ ਹੈ:

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਡੋਲਣਾ
ਬਾਪੂ ਜੀ ਨੇ ਆਖਿਆ ਸੀਗਾ
ਬਹੁਤਾ ਨਹੀਂ ਬੋਲਣਾ।

ਇਸ ਦੇ ਨਾਲ ਹੀ ਉਹ ਆਪਣੇ ਵਲੋਂ ਸੁਣਾਏ ਚੁਰਚੁਰੇ ਛੰਦਾਂ ਬਦਲੇ ਆਪਣੀਆਂ ਸਾਲੀਆਂ ਪਾਸੋਂ, ਭਲਾਮਾਣਸ ਲਾੜਾ ਬਣ ਕੇ ਖ਼ਿਮਾ ਮੰਗਦਾ ਹੈ:



ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਦਾਤ
ਵਧ ਘਟ ਬੋਲਿਆ ਦਿਲ ਨਾ ਲਾਉਣਾ
ਭੁਲ ਚੁੱਕ ਕਰਨੀ ਮਾਫ਼।

ਛੰਦ ਸੁਣਨ ਉਪਰੰਤ ਲਾੜੇ ਪਾਸੋਂ ਬੁਝਾਰਤਾਂ ਬੁੱਝਣ ਲਈ ਬੁਝਾਰਤਾਂ ਦਾ ਸੰਵਾਦ ਰਚਾਇਆ ਜਾਂਦਾ ਹੈ! ਕੋਈ ਆਪਣੇ ਆਪ ਨੂੰ ਬੁੱਧੀਮਾਨ ਅਖਵਾਉਣ ਵਾਲੀ

ਸਾਲੀ ਲਾੜੇ ਦੀ ਅਕਲ ਦੀ ਪਰਖ ਕਰਨ ਲਈ ਉਸ ਪਾਸੋਂ ਬੁਝਾਰਤ ਪੁੱਛਦੀ ਹੈ:

ਨੌਂ ਕੂਏਂ ਦਸ ਪਾਰਸੇ
ਪਾਣੀ ਘੁੰਮਣ ਘੇਰ
ਜੇ ਤੂੰ ਐਡਾ ਚਾਤਰ ਐਂ
ਪਾਣੀ ਦਸਦੇ ਕਿੰਨੇ ਸੇਰ।

ਚਾਤਰ ਲਾੜਾ ਝੱਟ ਬੁਝਾਰਤ ਬੁੱਝ ਕੇ ਉਤਰ ਮੋੜਦਾ ਹੈ:

ਨੌਂ ਕੂੰਏਂ ਦਸ ਪਾਰਸੇ
ਪਾਣੀ ਘੁੰਮਣ ਘੇਰ
ਜਿੰਨੇ ਪਿੱਪਲ ਦੇ ਪੱਤ ਨੇ
ਪਾਣੀ ਉਤਨੇ ਸੇਰ।

ਕਮਾਲ ਦੀ ਹਾਜ਼ਰ-ਜਵਾਬੀ ਹੈ-ਗਿਣੀ ਜਾਓ ਪਿੱਪਲ ਦੇ ਪੱਤ! ਅੱਗੋਂ ਸਾਲੀ ਕਿਹੜਾ ਘਟ ਹੈ, ਉਹ ਇਕ ਹੋਰ ਗੁੰਝਲਦਾਰ ਬੁਝਾਰਤ ਪੁੱਛਦੀ ਹੈ:

ਕੌਣ ਪਿੰਡ ਕੌਣ ਚੌਧਰੀ
ਕੌਣ ਹੈ ਵਿਚ ਦਲਾਲ
ਕੌਣ ਸੁਗੰਧੀ ਦੇ ਰਿਹਾ
ਕੌਣ ਪਰਖਦਾ ਲਾਲ।

ਏਸ ਬੁਝਾਰਤ ਦਾ ਉਤਰ ਬੁੱਝ ਕੇ ਸੂਝਵਾਨ ਲਾੜਾ ਨਖ਼ਰੋ ਸਾਲੀ ਨੂੰ ਠਿਠ ਕਰ ਦੇਂਦਾ ਹੈ:

ਦੇਹ ਪਿੰਡ ਦਿਲ ਚੌਧਰੀ
ਜੀਭਾ ਵਿਚ ਦਲਾਲ
ਨੱਕ ਸੁਗੰਧੀ ਦੇ ਰਿਹਾ
ਨੈਣ ਪਰਖਦੇ ਲਾਲ।

ਛੰਦ ਸੁਣਨ ਦੀ ਰਸਮ ਮਗਰੋਂ ਲਾੜੇ ਦੀ ਸੱਸ ਉਸ ਦਾ ਮੂੰਹ ਸੁੱਚਾ ਕਰਨ ਦੀ ਰਸਮ ਕਰਦੀ ਹੈ। ਉਹ ਥਾਲ ਵਿਚ ਲੱਡੂ ਰਖ ਕੇ ਲਾੜੇ ਦੇ ਮੂੰਹ ਵਿਚ ਲੱਡੂਆਂ ਦੇ ਭੋਰੇ ਪਾਉਂਦੀ ਹੈ ਤੇ ਮਗਰੋਂ ਉਸ ਨੂੰ ਦੁੱਧ ਦਾ ਗਲਾਸ ਪੀਣ ਲਈ ਦਿੱਤਾ ਜਾਂਦਾ ਹੈ। ਲਾੜੀ ਦੀਆਂ ਚਾਚੀਆਂ, ਤਾਈਆਂ ਤੇ ਮਾਸੀਆਂ ਆਦਿ ਵੀ ਇਹ ਸ਼ਗਨ ਕਰਦੀਆਂ ਹਨ!

ਇਨ੍ਹਾਂ ਸ਼ਗਨਾਂ ਮਗਰੋਂ ਲਾੜਾ ਸਾਲੀਆਂ ਤੋਂ ਪੱਲਾ ਛੁਡਾ ਕੇ ਖ਼ੁਸ਼-ਖ਼ੁਸ਼ ਸਰਬਾਲੇ ਸਮੇਤ ਜਨੇਤ ਦੇ ਡੇਰੇ ਨੂੰ ਪਰਤ ਆਉਂਦਾ ਹੈ। ਸਾਲੀਆਂ ਦੇ ਹਾਸੇ ਉਨ੍ਹਾਂ ਦੇ ਕੰਨਾਂ ਵਿਚ ਰਸ ਘੋਲਦੇ ਰਹਿੰਦੇ ਹਨ। ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹ ਸਮਾਗਮਾਂ ਕਾਰਨ ਛੰਦ ਸੁਣਨ ਦੀ ਰਸਮ ਵੀ ਸਮਾਪਤ ਹੀ ਹੋ ਗਈ ਹੈ ਬਸ ਯਾਦਾਂ ਹੀ ਬਾਕੀ ਰਹਿ ਗਈਆਂ ਹਨ।

ਕਹਾਣੀ

# ਵੱਡੀ ਸੱਧਰ

***ਸ਼ਬਦਾਂ ਦੇ ਜਾਦੂਗਰ ਬਲਵੰਤ ਗਾਰਗੀ ਦੀ ਕਹਾਣੀ 'ਵੱਡੀ ਸੱਧਰ' ਵਿਚ ਵੀ ਉਸ ਨੇ ਅਜਿਹਾ ਹੀ ਕੋਈ ਜਾਦੂ ਧੂੜਿਆ ਹੈ। ਕਹਾਣੀ ਜਿੰਨੀ ਸਾਧਾਰਨ ਤੇ ਸਹਿਜ ਹੈ, ਇਸ ਦੇ ਅਰਥ ਉਤਨੇ ਹੀ ਡੂੰਘੇ ਤੇ ਵਸੀਹ ਹਨ। ਇਹ ਰਚਨਾ ਅਸਲ ਵਿਚ ਬਦਲਦੇ ਵਕਤਾਂ ਦੀ ਉਹ ਕਥਾ ਹੈ ਜਿਸ ਦੇ ਨਾਲ ਨਾਲ ਤੁਰਦਿਆਂ ਵੀ ਬੰਦਾ ਉਥੇ ਦਾ ਉਥੇ ਖੜ੍ਹਾ ਰਹਿ ਜਾਂਦਾ ਹੈ। ਗਾਰਗੀ ਨੇ ਵਕਤ ਦੀ ਤੋਰ ਅਤੇ ਔਰਤ ਦੀ ਬੇਵਸੀ ਨੂੰ ਬਹੁਤ ਬਾਰੀਕੀ ਨਾਲ ਅਤੇ ਬਾਖੂਬੀ ਪੇਸ਼ ਕੀਤਾ ਹੈ। ਕਹਾਣੀ ਵਿਚਲੀ ਉਤਸੁਕਤਾ ਪਾਠਕ ਨੂੰ ਉਂਗਲ ਨਹੀਂ ਛੱਡਣ ਦਿੰਦੀ। -ਸੰਪਾਦਕ***

**ਬਲਵੰਤ ਗਾਰਗੀ**

ਸ਼ਾਂਤਾ ਦੀ ਸਭ ਤੋਂ ਵੱਡੀ ਸੱਧਰ ਇਹ ਸੀ ਕਿ ਉਹ ਗਾਉਣਾ ਸਿੱਖੇ ਤੇ ਸੰਗੀਤ ਦੀ ਦੁਨੀਆਂ ਵਿਚ ਨਾਂ ਪੈਦਾ ਕਰੇ, ਪਰ ਉਸ ਦੀ ਮਾਂ ਨੂੰ ਇਹ ਗੱਲ ਉੱਕਾ ਪਸੰਦ ਨਾ ਸੀ। ਉਸ ਦੀ ਮਾਂ ਨੇ ਸਿਰਫ਼ ਹਿੰਦੀ ਰਤਨ ਦਾ ਇਮਤਿਹਾਨ ਪਾਸ ਕੀਤਾ ਸੀ। ਉਹ ਚਾਹੁੰਦੀ ਸੀ ਕਿ ਉਸ ਦੀ ਧੀ ਘੱਟ ਤੋਂ ਘੱਟ ਬੀ.ਏ. ਤਾਂ ਕਰੇ, ਪਰ ਸ਼ਾਂਤਾ ਦਾ ਕਿਤਾਬਾਂ ਵਿਚ ਬਹੁਤਾ ਧਿਆਨ ਨਹੀਂ ਸੀ ਜੁੜਦਾ। ਉਹ ਗਾਉਣ ਦੀ ਸ਼ੌਕੀਨ ਸੀ। ਕਿਤੋਂ ਭੁੱਲੀ-ਭਟਕੀ ਕੋਈ ਤਰਜ਼ ਸੁਣ ਲੈਂਦੀ ਤਾਂ ਉਹਦੇ ਮਨ 'ਤੇ ਨਕਸ਼ ਹੋ ਜਾਂਦੀ ਤੇ ਉਹ ਉਸ ਧੁਨ ਨੂੰ ਗਾਉਂਦੀ ਰਹਿੰਦੀ।

ਉਸ ਦੀ ਮਾਂ ਕਈ ਵਾਰ ਖਿਝ ਕੇ ਆਖਦੀ, "ਕੁੜੀਏ, ਇਹ ਮਰਾਸੀਆਂ ਵਾਲੇ ਕਿੱਤੇ ਛੱਡ। ਪੜ੍ਹਾਈ ਬਾਝ ਆਦਮੀ ਡੰਗਰ ਰਹਿ ਜਾਂਦੈ। ਅਸੀਂ ਤੈਨੂੰ ਪੜ੍ਹਾਉਂਦੇ ਆਂ, ਵੱਡੀ ਹੋ ਕੇ ਅਕਲ ਆਊਗੀ ਤਾਂ ਆਖੇਂਗੀ ਕਿ ਮਾਪਿਆਂ ਤੇਰੇ ਲਈ ਚੰਗਾ ਹੀ ਕੀਤਾ। ਬਾਬੂ ਰਾਮਲਾਲ ਦੀ ਧੀ ਤੇਰੇ ਹਾਣ ਦੀ ਏ, ਕਾਲਜ ਜਾਣ ਲਈ ਤਰਸਦੀ ਏ। ਉਸ ਦੇ ਮਾਪੇ ਉਸ ਨੂੰ ਨਹੀਂ ਭੇਜ ਸਕਦੇ। ਅਸੀਂ ਤੈਨੂੰ ਮਾਰ-ਮਾਰ ਕੇ ਖੀਰ ਖੁਆਉਨੇ ਆਂ, ਪਰ ਤੈਨੂੰ ਪੜ੍ਹਾਈ ਪਸੰਦ ਹੀ ਨਹੀਂ!"

"ਮਾਂ ਮੈਨੂੰ ਕਿਤਾਬਾਂ ਉੱਕਾ ਚੰਗੀਆਂ ਨਹੀਂ ਲਗਦੀਆਂ। ਪੜ੍ਹ ਪੜ੍ਹ ਅੱਖਾਂ ਕਾਣੀਆਂ ਹੋ ਗਈਆਂ ਨੇ। ਇਹ ਹਿਸਾਬ ਦੇ ਸੁਆਲ... ਜੀ ਕਰਦੈ ਕਿਤਾਬ ਪਾੜ ਸੁੱਟਾਂ। ਹੁਣ ਤਾਂ ਮੈਂ ਅੱਗੇ ਤਾਂ ਪੜ੍ਹੂੰਗੀ ਜੇ ਘਰ ਗਾਉਣ ਲਈ ਮਾਸਟਰ ਰੱਖ ਦੇਵੇਂ।"

"ਊਂਹ! ਗਾਣ ਦਾ ਭੂਤ ਪਤਾ ਨਹੀਂ ਕਿਥੋਂ ਸਵਾਰ ਗਿਆ। ਚੰਦਰੀਏ, ਦੋ ਅੱਖਰ ਢਿੱਡ ਵਿਚ ਪਾਏਂਗੀ ਤਾਂ ਵੱਡੀ ਹੋਈ ਸਾਨੂੰ ਅਸੀਸੀਂ ਦਏਂਗੀ। ਗਾਣਾ ਸਿੱਖ ਕੇ ਡੂਮਾਂ ਦੇ ਵਾਂਗ ਟਾਰ੍ਹਾਂ ਮਾਰੇਂਗੀ, ਚੰਗੀ ਲਗੇਂਗੀ?"

ਸ਼ਾਂਤਾ ਨੇ ਰੋ-ਪਿੱਟ ਕੇ ਦਸਵੀਂ ਕੀਤੀ। ਉਸ ਪਿਛੋਂ ਐਫ.ਏ.। ਬੀ.ਏ. ਵਿਚ ਇਕ ਸਾਲ ਫੇਲ੍ਹ ਹੋਈ, ਅਗਲੇ ਸਾਲ ਪਾਸ ਹੋ ਗਈ। ਉਸ ਦੀ ਮਾਂ ਨੇ ਪਾਸ ਹੋਈ ਦੇ ਲੱਡੂ ਵੰਡੇ ਤੇ ਕੁੜੀ ਦਾ ਵਿਆਹ ਧਰ ਦਿੱਤਾ।

ਸ਼ਾਂਤੀ ਵਿਆਹੀ ਗਈ। ਵਿਆਹ ਦੇ ਗੀਤ ਉਸ ਖੁਦ ਕੁੜੀਆਂ ਵਿਚ ਬੈਠ ਕੇ ਗਾਏ, ਮਾਂ-ਧੀ ਦੇ ਵਿਛੋੜੇ ਦੇ ਗੀਤ, ਜਿਨ੍ਹਾਂ ਨੂੰ ਸੁਣ-ਸੁਣ ਉਸ ਦੀ ਮਾਂ ਦਾ ਕਲੇਜਾ ਸੱਲ ਹੁੰਦਾ ਸੀ।

ਵਿਆਹ ਪਿੱਛੋਂ ਸ਼ਾਂਤਾ ਫਿਰੋਜ਼ਪੁਰ ਤੋਂ ਲੁਧਿਆਣੇ ਚਲੀ ਗਈ। ਘਰ ਦੀਆਂ ਜ਼ਿੰਮੇਦਾਰੀਆਂ, ਕਬੀਲਦਾਰੀ, ਨਿੱਤ ਦੇ ਰੁਝੇਵਿਆਂ ਵਿਚ ਉਸ ਦੀ ਸੱਧਰ ਦਬੀ ਗਈ। ਉਸ ਦੀ ਕੁੜੀ ਹੱਦੋਂ ਸੋਹਣੀ ਸੀ। ਗੋਰੀ ਚਿੱਟੀ, ਵੱਡੀਆਂ ਵੱਡੀਆਂ ਕੰਵਲਾਂ ਵਰਗੀਆਂ ਅੱਖਾਂ।

'ਕੀ ਹੋਇਆ ਜੇ ਮੈਂ ਗਾਣਾ ਨਹੀਂ ਸਿੱਖ ਸਕੀ, ਮੇਰੀ ਧੀ ਮੇਰੀ ਸੱਧਰ ਪੂਰੀ ਕਰੇਗੀ।' ਸ਼ਾਂਤਾ ਸੋਚਦੀ।... 'ਛੇਕੜ ਧੀਆਂ-ਪੁੱਤ ਮਾਪਿਆਂ ਦੀਆਂ ਅਪੂਰਨ ਆਸਾਂ ਤੇ ਸੁਫ਼ਨਿਆਂ ਦਾ ਹੀ ਤਾਂ ਪ੍ਰਗਟਾਵਾ ਹੁੰਦੇ ਹਨ'।

ਉਸ ਨੇ ਕੁੜੀ ਦਾ ਨਾਂ ਕੰਵਲ ਰੱਖਿਆ। ਘਰ ਵਿਚ ਤਵਿਆਂ ਵਾਲੀ ਮਸ਼ੀਨ ਸੀ। ਚੰਗੇ ਚੰਗੇ ਰਿਕਾਰਡ ਸਨ। ਰੇਡੀਓ ਸੀ। ਨਿੱਕੀ ਕੰਵਲ ਗੀਤ ਸੁਣਦੀ ਤਾਂ ਨਾਲ ਨਾਲ ਗਾਉਂਦੀ ਤੇ ਨੱਚਦੀ। ਮਾਂ ਵਾਰੇ ਵਾਰੇ ਜਾਂਦੀ। ਉਸ ਨੂੰ ਚੁੰਮਦੀ, ਪਿਆਰ ਕਰਦੀ ਤੇ ਆਪਣਾ ਨੱਕ ਉਸ ਦੀਆਂ ਗੱਲ੍ਹਾਂ ਨਾਲ ਰਗੜ ਕੇ ਆਖਦੀ, "ਮੇਰੀ ਧੀ ਸੰਗੀਤ ਦੀ ਰਾਣੀ ਬਣੇਗੀ!"

ਕੰਵਲ ਸਕੂਲ ਵਿਚ ਸਭ ਤੋਂ ਸੋਹਣੀ ਸੀ। ਮਾਂ ਉਸ ਦੇ ਕੱਜਲ ਪਾਉਣ ਲੱਗਿਆਂ, ਉਸ ਦੇ ਮੱਥੇ ਉਤੇ ਟਿੱਕਾ ਲਾ ਦੇਂਦੀ ਤਾਂ ਜੋ ਕੁੜੀ ਨੂੰ ਨਜ਼ਰ ਨਾ ਲੱਗ ਜਾਏ। ਕੰਵਲ ਸੰਗੀਤ ਦੇ ਵਾਤਾਵਰਨ ਵਿਚ ਪਰਵਾਨ ਚੜ੍ਹੀ, ਪਰ ਸਕੂਲ ਵਿਚ ਸਾਲਾਨਾ ਜਲਸੇ ਉਤੇ ਸਭ ਕੁੜੀਆਂ ਵਿਚੋਂ ਕੰਵਲ ਨੂੰ ਗਾਉਣ ਵਿਚ ਨਹੀਂ, ਸਗੋਂ ਨੱਚਣ ਵਿਚ ਇਨਾਮ ਮਿਲਿਆ।

ਇਹ ਨੱਚਣਾ ਉਸ ਪਤਾ ਨਹੀਂ ਕਿਥੋਂ ਸਿੱਖ ਲਿਆ ਸੀ। ਪਤਾ ਨਹੀਂ ਨ੍ਰਿਤ ਦਾ ਸ਼ੌਕ ਉਸ ਨੂੰ ਕਿਥੋਂ ਆਇਆ। ਕਿਸ ਨੇ ਉਸ ਦੀਆਂ ਨਸਾਂ ਵਿਚ ਥਿਰਕਣ ਭਰ ਦਿੱਤੀ ਸੀ? ਉਹ ਕਈ ਵਾਰ ਕੁੰਡੀ ਜੜ ਕੇ ਡਰਾਇੰਗ ਰੂਮ ਵਿਚ ਰੇਡੀਓ ਲਾਉਂਦੀ ਤਾਂ ਨਾਲ ਨਾਲ ਨੱਚਦੀ। ਉਸ ਦੇ ਹੱਥਾਂ ਪੈਰਾਂ ਵਿਚ ਤਬਲੇ ਦੀ ਥਾਪ ਸੀ। ਜਦੋਂ ਗਾਣਾ ਸੁਣਦੀ ਤਾਂ ਉਸ ਦੀ ਅੱਡੀ ਵੱਜਣੋਂ ਨਹੀਂ ਸੀ ਰਹਿੰਦੀ। ਇਕ ਦਿਨ ਉਸ ਆਪਣੀ ਮਾਂ ਨੂੰ ਆਖਿਆ, "ਮਾਂ ਮੈਨੂੰ ਸੰਗੀਤ ਚੰਗਾ ਲਗਦੈ, ਪਰ ਸੰਗੀਤ ਦੇ ਸੁਰ ਨਾਲੋਂ ਇਸ ਦੀ ਤਾਲ ਚੰਗੀ ਲਗਦੀ ਐ। ਜੀਅ ਕਰਦੈ ਇਨ੍ਹਾਂ ਬੋਲਾਂ ਨੂੰ ਗਾਵਾਂ ਨਾ, ਸਗੋਂ ਇਨ੍ਹਾਂ ਉਤੇ ਨੱਚਾਂ। ਮੈਨੂੰ ਨਾਚ ਸਿਖਾਉਣ ਵਾਲਾ ਮਾਸਟਰ ਕਿਉਂ ਨਹੀਂ ਲਾ ਦੇਂਦੀ?"

"ਤੂੰ ਨਾਚ ਸਿੱਖੇਂਗੀ ਕੀ?" ਮਾਂ ਨੇ ਹੈਰਾਨ ਹੋ ਕੇ ਪੁੱਛਿਆ। "ਸੰਗੀਤ ਕਿਉਂ ਨਹੀਂ?"


"ਸੰਗੀਤ ਨਾਲੋਂ ਮੈਨੂੰ ਨਾਚ ਵਧੇਰੇ ਚੰਗਾ ਲਗਦੈ।"

"ਖ਼ਵਰੇ ਇਹ ਭੈੜੇ ਭੈੜੇ ਸ਼ੌਕ ਤੈਨੂੰ ਕਿਥੋਂ ਪੈ ਗਏ?"

ਜਦ ਕੰਵਲ ਨੇ ਨੱਚਣ ਲਈ ਜ਼ਿਦ ਕੀਤੀ ਤਾਂ ਮਾਂ ਨੂੰ ਬਹੁਤ ਗੁੱਸਾ ਆਇਆ।

ਉਹ ਨੱਚਣ ਦੇ ਖ਼ਿਲਾਫ਼ ਸੀ, ਇਸ ਲਈ ਕਿ ਸਮਾਜੀ ਤੌਰ 'ਤੇ ਇਹ ਭੈੜਾ ਕੰਮ ਹੈ। ਉਸ ਕੰਵਲ ਨੂੰ ਝਿੜਕਿਆ-ਝੰਬਿਆ, ਪਰ ਕੰਵਲ ਉਤੇ ਕੋਈ ਅਸਰ ਨਾ ਹੋਇਆ। ਉਸ ਦੀ ਸਭ ਤੋਂ ਵੱਡੀ ਸੱਧਰ ਸੀ ਕਿ ਉਹ ਵੱਡੀ ਨ੍ਰਿਤਕੀ ਬਣੇ। ਉਸ ਦੀਆਂ ਅੱਖਾਂ ਵਿਚ ਨ੍ਰਿਤਕੀ ਦੀ ਚਮਕ ਤੇ ਅੰਗਾਂ ਵਿਚ ਮੁਦਰਾਵਾਂ ਸਨ। ਇਕ ਦਿਨ ਮਾਂ-ਧੀ ਵਿਚ ਲੜਾਈ ਹੋਈ। ਮਾਂ ਨੇ ਘੁੰਗਰੂ ਬਾਹਰ ਸੁੱਟ ਦਿੱਤੇ। ਕੰਵਲ ਬਹੁਤ ਚਿਰ ਬੈਠੀ ਰੋਂਦੀ ਰਹੀ। ਉਸ ਦੀਆਂ ਸੱਧਰਾਂ ਦਾ ਖ਼ੂਨ ਹੋ ਗਿਆ।

ਕੰਵਲ ਸਿਆਣੀ ਹੋਈ ਤਾਂ ਉਸ ਦੀਆਂ ਉਂਗਲਾਂ ਤੇ ਥਿਰਕਦੀਆਂ ਅੱਡੀਆਂ ਦੀਆਂ ਲੂਹੀਆਂ ਘਟ ਗਈਆਂ। ਇਕ ਵੱਡੇ ਠੇਕੇਦਾਰ ਦੇ ਮੁੰਡੇ ਨਾਲ ਉਸ ਦਾ ਵਿਆਹ ਹੋਇਆ। ਕੁੜੀ ਪੜ੍ਹੀ-ਲਿਖੀ ਸੀ, ਬੀ.ਏ. ਪਾਸ। ਗਾਣਾ ਜਾਣਦੀ ਸੀ, ਸਿਤਾਰ ਵੀ ਵਜਾਂਦੀ ਸੀ, ਨੱਚਣ ਦਾ ਉਸ ਨੂੰ ਸ਼ੌਕ ਸੀ। ਤੇ



ਫਿਰ ਸੋਹਣੀ। ਠੇਕੇਦਾਰ ਦਾ ਮੁੰਡਾ ਵਲਾਇਤ ਪਾਸ ਕਰ ਕੇ ਆਇਆ ਸੀ। ਉਹ ਕੰਵਲ ਨੂੰ ਪਿਆਰ ਕਰਦਾ ਸੀ। ਕੰਵਲ ਨੇ ਸੋਚਿਆ, "ਚਲੋ, ਮਾਪਿਆਂ ਦੇ ਘਰ ਜੋ ਸੱਧਰ ਪੂਰੀ ਨਹੀਂ ਹੋਈ, ਵਿਆਹ ਹੋਣ ਪਿੱਛੋਂ ਪੂਰੀ ਕਰਾਂਗੀ।"

ਵਿਆਹ ਪਿੱਛੋਂ ਦੋਹਾਂ ਨੇ ਹਨੀਮੂਨ ਕਸ਼ਮੀਰ ਮਨਾਇਆ। ਕੰਵਲ ਵਾਪਸ ਆਪਣੇ ਪਤੀ ਨਾਲ ਦਿੱਲੀ ਆ ਗਈ ਤਾਂ ਉਸ ਬਿਨਾਂ ਕੋਈ ਕਲਚਰਲ ਪ੍ਰੋਗਰਾਮ ਪੂਰਾ ਨਹੀਂ ਸੀ ਹੁੰਦਾ। ਉਹ ਪਾਰਟੀਆਂ ਦੀ ਜਾਨ ਸੀ। ਉਨ੍ਹੀਂ ਦਿਨੀਂ ਜਦ ਉਹ ਸੋਚ ਰਹੀ ਸੀ ਕਿ ਦੱਖਣ ਵਿਚ ਜਾ ਕੇ ਕਿਸੇ ਗੁਰੂ ਤੋਂ ਭਰਤ ਨੱਟਯਮ ਸਿੱਖੇ ਜਾਂ ਦਿੱਲੀ ਹੀ ਪਹਿਲਾਂ ਕਿਸੇ ਕੋਲੋਂ ਸਿੱਖੇ ਤਾਂ ਉਸ ਦਾ ਜੀਅ ਖਰਾਬ ਰਹਿਣ ਲੱਗਾ। ਉਸ ਨੂੰ ਪਤਾ ਲੱਗਾ ਕਿ ਉਹ ਅੱਠ ਮਹੀਨੇ ਨਾਚ ਨਹੀਂ ਸਿੱਖ ਸਕੇਗੀ। ਆਪਣੀ ਮਾਂ ਦੀ ਛੱਤ ਹੇਠ ਰਹਿੰਦੀ ਉਹ ਕੈਦ ਸੀ, ਪਰ ਸਰੀਰਕ ਤੌਰ 'ਤੇ ਆਜ਼ਾਦ। ਪਤੀ ਦੀ ਛੱਤ ਹੇਠ ਉਸ ਨੂੰ ਹਰ ਕਾਸੇ ਦੀ ਆਜ਼ਾਦੀ ਸੀ, ਪਰ ਸਰੀਰਕ ਤੌਰ 'ਤੇ ਨਹੀਂ। ਉਸ ਨੇ ਤੀਵੀਂ ਦੇ ਇਸ ਪੱਖ ਬਾਰੇ ਕਦੀ ਵੀ ਨਹੀਂ ਸੀ ਸੋਚਿਆ।

ਅੱਠ ਮਹੀਨਿਆਂ ਪਿੱਛੋਂ ਉਸ ਦੇ ਮੁੰਡਾ ਹੋਇਆ। ਬੱਚਾ ਹੋਣ ਪਿੱਛੋਂ ਉਹ ਇਕ ਮਹੀਨਾ ਹਸਪਤਾਲ ਹੀ ਰਹੀ। ਉਸ ਨੂੰ ਬਹੁਤ ਤ੍ਰੇਹ ਲਗਦੀ। ਗਰਮੀਆਂ ਦੇ ਦਿਨ ਸਨ। ਉਹ ਵਾਰ ਵਾਰ ਪਾਣੀ ਪੀਂਦੀ-ਬਰਫ਼ ਦਾ ਪਾਣੀ, ਸ਼ਰਬਤ, ਕੱਚੀ ਲੱਸੀ। ਬੱਚੇ ਦੀ ਸਿਹਤ ਤਾਂ ਕੁਝ ਦਿਨਾਂ ਪਿਛੋਂ ਠੀਕ ਹੋ ਗਈ ਪਰ ਕੰਵਲ ਰਾਣੀ ਦੀ ਕਮਰ ਜੋ ਪਹਿਲਾਂ 21 ਇੰਚ ਸੀ, ਹੁਣ ਰਤਾ ਵਧੇਰੇ ਘੇਰੇ ਦੀ ਹੋ ਗਈ ਸੀ। ਪਹਿਲੀਆਂ ਸਭੇ ਕਮੀਜ਼ਾਂ ਤੰਗ ਹੋ ਗਈਆਂ। ਤਰੀਜ਼ਾਂ ਖੋਲ੍ਹੀਆਂ ਗਈਆਂ, ਪਲੋਈਆਂ ਤੇ ਪਲੇਟ ਉਧੇੜੇ ਗਏ, ਫਿਰ ਵੀ ਕਮੀਜ਼ਾਂ ਫਸ ਕੇ ਆਉਂਦੀਆਂ ਸਨ। ਖਾਣਾ ਘੱਟ ਕੀਤਾ ਤਾਂ ਜੋ ਕੰਵਲ ਆਪਣੀ ਅਸਲੀ ਥਾਂ 'ਤੇ ਆ ਜਾਵੇ, ਪਰ ਖਾਣਾ ਘਟਾਉਣ ਨਾਲ ਕੰਵਲ ਨਾ ਘਟੀ।

ਉਸ ਨੂੰ ਆਪਣੇ ਆਪ 'ਤੇ ਬਹੁਤ ਗੁੱਸਾ ਆਉਂਦਾ। ਉਹ ਪਹਿਰਾਂ ਬੈਠੀ ਸ਼ੀਸ਼ੇ ਵਿਚ ਆਪਣਾ ਮੂੰਹ ਤੱਕਦੀ ਰਹਿੰਦੀ। ਅੱਖਾਂ ਦੀ ਚਮਕ ਉਸੇ ਤਰ੍ਹਾਂ ਸੀ, ਪਰ ਅੱਖਾਂ ਹੇਠ ਕਿਤੇ ਕਿਤੇ ਛਾਈ ਫਿਰ ਗਈ ਸੀ। ਹੱਡਾਂ ਵਿਚ ਸੁਸਤੀ। ਅਜੀਬ ਨਸ਼ੀਲਾ ਮਿੱਠਾ-ਮਿੱਠਾ ਦਰਦ... ਜੀਅ ਕਰਦਾ ਸੀ ਸਰੀਰ ਨੂੰ ਢਿੱਲਾ ਛੱਡ ਕੇ ਪਲੰਘ ਉਤੇ ਪੈ ਜਾਵੇ।

ਮੁੰਡਾ ਵੱਡਾ ਹੋਣ ਲੱਗਾ। ਉਹ ਚਾਰ ਸਾਲਾਂ ਦਾ ਸੀ ਕਿ ਕੰਵਲ ਦਾ ਜੀਅ ਫਿਰ ਘਿਰਨ ਲੱਗਾ ਤੇ ਪਹਿਲਾਂ ਵਾਂਗ ਉਸ ਦੀ ਜੀਭ ਦਾ ਸੁਆਦ ਕਸੈਲਾ ਕਸੈਲਾ ਰਹਿਣ ਲੱਗਾ।

ਉਹ ਮੁੜ ਕਿਸੇ ਧੀ-ਪੁੱਤ ਦੀ ਆਸਵੰਦ ਸੀ। ਜਿਨ੍ਹੀਂ ਦਿਨੀਂ ਉਸ ਦੇ ਬੱਚਾ ਹੋਣ ਵਾਲਾ ਸੀ, ਉਹ ਕਮਰੇ ਵਿਚ ਪਈ ਕਈ ਕਈ ਘੰਟੇ ਸੋਚਦੀ ਰਹਿੰਦੀ-ਕੀ ਉਹ ਮੁੜ ਕਦੇ ਨੱਚਣਾ ਸਿੱਖ ਸਕੇਗੀ? ਕਬੀਲਦਾਰੀ ਦੇ ਝੇੜਿਆਂ ਵਿਚ ਗਾਣਾ ਮੁਮਕਿਨ ਹੈ, ਪੜ੍ਹਨਾ-ਲਿਖਣਾ ਵੀ ਆਸਾਨ ਹੈ, ਪਰ ਨੱਚਣਾ... ਉੱਕਾ ਨਾ-ਮੁਮਕਿਨ! ਉਹ ਕਦੀ ਵੀ ਨੱਚਣਾ ਨਹੀਂ ਸਿੱਖ ਸਕੇਗੀ। ਜ਼ਿੰਦਗੀ ਦੀ ਸਭ ਤੋਂ ਵੱਡੀ ਸੱਧਰ ਦਿਲ ਵਿਚ ਹੀ ਲੈ ਕੇ ਇਸ ਦੁਨੀਆਂ ਤੋਂ ਤੁਰ ਜਾਏਗੀ। ਪਹਿਲੀ ਵਾਰ ਮੁੰਡਾ ਹੋਇਆ ਸੀ। ਮੁੰਡਿਆਂ ਭਲਾ ਨੱਚਣਾ ਕੀ ਐ? ਜੇ ਇਸ ਵਾਰ ਕੁੜੀ ਹੋਈ ਤਾਂ ਉਸ ਨੂੰ ਜੰਮਦੀ ਨੂੰ ਹੀ ਨੱਚਣ ਦੇ ਸਕੂਲ ਪਾ ਦਿਆਂਗੀ। ਪੰਜ ਸਾਲ ਦੀ ਕੁੜੀ ਹੋਈ ਤਾਂ ਘਰ ਮਾਸਟਰ ਰੱਖ ਦਿਆਂਗੀ। ਫਿਰ ਦਸ ਸਾਲ ਦੀ ਉਮਰ ਵਿਚ ਦੱਖਣ ਕਿਸੇ ਗੁਰੂ ਕੋਲ ਘੱਲ ਦਿਆਂਗੀ ਤਾਂ ਜੋ ਉਹ ਵੱਡੀ ਨ੍ਰਿਤਕੀ ਬਣ ਸਕੇ।

ਉਸ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਇਸ ਵਾਰ ਉਸ ਦੇ ਕੁੜੀ ਹੋਵੇ।

ਉਸ ਦੀ ਪ੍ਰਾਰਥਨਾ ਮਨਜ਼ੂਰ ਹੋਈ ਤੇ ਉਸ ਦੇ ਕੁੜੀ ਜੰਮੀ। ਕੁੜੀ ਨੇ ਹੌਲੀ ਹੌਲੀ ਵੱਡੇ ਹੋਣਾ ਸ਼ੁਰੂ ਕੀਤਾ। ਕੰਵਲ ਚਾਹੁੰਦੀ ਸੀ ਕਿ ਇਕੋ ਛੜੱਪੇ ਵਿਚ ਕੁੜੀ ਪੰਜ ਸਾਲਾਂ ਦੀ ਹੋ ਜਾਵੇ ਤਾਂ ਜੋ ਨੱਚਣ ਦੀ ਵਿਦਿਆ ਸ਼ੁਰੂ ਕਰ ਸਕੇ। ਇਕ ਤਰ੍ਹਾਂ ਦਾ ਜਨੂੰਨ ਜਿਹਾ ਸੀ ਉਸ ਨੂੰ। ਉਹ ਆਪਣੀ ਮਾਂ ਤੇ ਉਸ ਦੀ ਮਾਂ ਤੋਂ ਬਦਲਾ ਲੈਣਾ ਚਾਹੁੰਦੀ ਸੀ। ਕੁੜੀ ਨੂੰ ਸਿਖਾ ਕੇ ਉਹ ਆਪਣੀ ਸਭ ਤੋਂ ਵੱਡੀ ਸੱਧਰ ਪੂਰੀ ਕਰਨੀ ਚਾਹੁੰਦੀ ਸੀ। ਉਸ ਕੁੜੀ ਦਾ ਨਾਂ ਰੱਖਿਆ ਆਸ਼ਾ।

ਆਸ਼ਾ ਘੁੰਗਰੂਆਂ ਦੀ ਛਣਕਾਰ ਤੇ ਸਿਤਾਰ ਦੀ ਝੁਣਕਾਰ ਵਿਚ ਵੱਡੀ ਹੋਈ। ਨੱਚਣ ਦੇ ਸਭ ਸਾਧਨ ਭਾਵੇਂ ਘਰ ਵਿਚ ਮੌਜੂਦ ਸਨ, ਪਰ ਆਸ਼ਾ ਨੂੰ ਇਸ ਨਾਲੋਂ ਗੁੱਡੀਆਂ ਪਟੋਲੇ ਤੇ ਮੂਰਤਾਂ ਵਾਲੀਆਂ ਕਿਤਾਬਾਂ ਚੰਗੀਆਂ ਲਗਦੀਆਂ ਸਨ।

ਉਸ ਨੂੰ ਅਣਗਿਣਤ ਕਹਾਣੀਆਂ ਯਾਦ ਸਨ, ਫਿਰ ਵੀ ਉਸ ਦੀ ਕਹਾਣੀਆਂ ਦੀ ਭੁੱਖ ਨਹੀਂ ਸੀ ਮਿਟਦੀ। ਰਾਤ ਨੂੰ ਸੌਣ ਲੱਗੇ ਆਪਣੀ ਮਾਂ ਨੂੰ ਜੰਗਲੀ ਸ਼ਹਿਜ਼ਾਦੀ, ਰਾਜੇ ਦਾ ਹਾਥੀ, ਤੇ ਸੱਤ-ਲੜੇ ਹਾਰ ਦੀਆਂ ਕਹਾਣੀਆਂ ਸੁਣਾਉਣ ਲਈ ਆਖਦੀ। ਸਕੂਲ ਵਿਚ ਅੱਧੀ ਛੁੱਟੀ ਵੇਲੇ ਬਾਕੀ ਕੁੜੀਆਂ ਅੱਡੀ-ਟੱਪਾ ਤੇ ਸਤ ਸਮੁੰਦਰ ਖੇਡਦੀਆਂ, ਆਸ਼ਾ ਮੂਰਤਾਂ ਵਾਲੀ ਕਿਤਾਬ ਲੈ ਕੇ ਬੈਠ ਜਾਂਦੀ।

ਇਕ ਦਿਨ ਉਸ ਦੀ ਮਾਂ ਸਕੂਲ ਗਈ। ਸਾਲਾਨਾ ਜਲਸਾ ਸੀ। ਆਸ਼ਾ ਜਮਾਤ ਵਿਚ ਅੱਵਲ ਆਈ ਸੀ। ਮਾਂ ਨੇ ਆਖਿਆ, "ਧੀਏ, ਬਹੁਤਾ ਪੜ੍ਹੀਦਾ ਨਹੀਂ। ਅੱਖਾਂ ਖਰਾਬ ਹੋ ਜਾਂਦੀਆਂ ਨੇ। ਸੰਗੀਤ ਤੇ ਨੱਚਣ ਵਲ ਵੀ ਧਿਆਨ ਦਿਆ ਕਰ। ਅੱਜ ਕਲ੍ਹ ਤਾਂ ਹਰ ਕੁੜੀ ਨੂੰ ਨੱਚਣਾ ਆਉਣਾ ਜ਼ਰੂਰੀ ਹੈ। ਸਾਡਾ ਘਰ ਬਾਕੀ ਟੱਬਰਾਂ ਵਾਂਗ ਸੌੜੀਆਂ ਕੀਮਤਾਂ ਦਾ ਗ਼ੁਲਾਮ ਨਹੀਂ, ਸਗੋਂ ਵਿਸ਼ਾਲ ਤੇ ਚੰਗੀਆਂ ਕੀਮਤਾਂ ਨੂੰ ਕਬੂਲਦਾ ਹੈ। ਜਦ ਤੂੰ ਦਸਵੀਂ ਪਾਸ ਕਰ ਲਈ ਤਾਂ ਤੈਨੂੰ ਨਾਚ ਦੇ ਸਕੂਲ ਘੱਲਾਂਗੀ।"

"ਨਹੀਂ ਮਾਂ, ਮੈਂ ਤਾਂ ਕਾਲਜ ਜਾਵਾਂਗੀ।"

"ਝੱਲੀਏ ਕਾਲਜ ਵਿਚ ਆਏ ਸਾਲ ਹਜ਼ਾਰਾਂ ਕੁੜੀਆਂ ਬੀ.ਏ. ਪਾਸ ਕਰ ਲੈਂਦੀਆਂ ਨੇ। ਕੋਈ ਪੁੱਛਦਾ ਵੀ ਨਹੀਂ, ਪਰ ਜੇ ਨੱਚਣਾ ਆਉਂਦਾ ਹੋਵੇ ਤਾਂ ਇਸ ਕਲਾ ਦੀ ਸੌ ਕਦਰ ਹੈ।"

ਮਾਂ ਆਪਣੀਆਂ ਆਸਾਂ ਗੁੰਦਦੀ ਰਹੀ, ਆਸ਼ਾ ਆਪਣੀਆਂ। ਮਾਂ ਨਾਚ ਦੇ ਸੁਫ਼ਨੇ ਤੱਕਦੀ ਰਹੀ, ਆਸ਼ਾ ਕਿਤਾਬਾਂ ਵਿਚ ਲੁਕੀ ਹੋਈ ਦੁਨੀਆਂ ਦੇ। ਦਸਵੀਂ ਵਿਚ ਆਸ਼ਾ ਅੱਵਲ ਆਈ। ਉਸ ਦੀ ਸੱਧਰ ਸੀ ਕਿ ਐਮ.ਏ. ਪਾਸ ਕਰੇ, ਸਾਹਿਤ ਦੀ ਐਮ.ਏ. ਕਰੇ ਤੇ ਕਹਾਣੀਆਂ ਲਿਖੇ। ਸਾਹਿਤ ਦੀ ਦੁਨੀਆਂ ਵਿਚ ਡੁੱਬੀ ਹੋਈ ਆਸ਼ਾ ਨੂੰ ਇਕ ਦਿਨ ਉਸ ਦੀ ਮਾਂ ਨੇ ਆਖਿਆ, "ਮੈਂ ਤੇਰੇ ਸਕੂਲ ਦਾ ਪ੍ਰਬੰਧ ਕਰ ਦਿੱਤੈ।"

"ਮੈਂ ਨਹੀਂ ਜਾਣਾ।"

"ਕਿਉਂ?"

"ਮੈਨੂੰ ਨੱਚਣ ਵਿਚ ਕੋਈ ਦਿਲਚਸਪੀ ਨਹੀਂ। ਮੈਂ ਅੱਗੇ ਪੜ੍ਹਨਾ ਚਾਹੁੰਦੀ ਆਂ। ਮੇਰੇ ਨਾਲ ਦੀਆਂ ਸਾਰੀਆਂ ਕੁੜੀਆਂ ਪੜ੍ਹ ਰਹੀਆਂ ਨੇ। ਸਾਹਿਤ ਦੀ ਦੁਨੀਆਂ ਵਚਿੱਤਰ ਐ, ਮਹਾਨ ਐ, ਮੈਂ ਪੜ੍ਹਾਂਗੀ, ਕਾਲਜ ਵਿਚ...।"

ਮਾਂ ਦੀਆਂ ਸੱਧਰਾਂ ਉਤੇ ਪਾਣੀ ਫਿਰ ਗਿਆ। ਉਸ ਮੂੰਹ ਵੱਟ ਲਿਆ। ਉਸ ਨੂੰ ਇੰਜ ਲੱਗਿਆ ਜਿਵੇਂ ਪੰਦਰਾਂ ਸਾਲ ਉਹ ਕਿਸੇ ਨੂੰ ਪਿਆਰ ਕਰਦੀ ਰਹੀ ਹੈ, ਤੇ ਇਕਦਮ ਉਸ ਆਦਮੀ ਨੇ ਆਖਿਆ, ਮੈਨੂੰ ਤੇਰੇ ਨਾਲ ਪਿਆਰ ਨਹੀਂ, ਮੈਂ ਤਾਂ ਕਿਸੇ ਹੋਰ ਕੁੜੀ ਨੂੰ ਪਿਆਰ ਕਰਦਾ ਹਾਂ, ਉੱਕਾ ਧਰੋਹ! ਦਗ਼ਾ! ਧੋਖਾ!

ਮਾਂ ਧੀ ਦੇ ਵਿਚਕਾਰ ਵੱਡੀ ਕੰਧ ਸੀ। ਉਹ ਇਕ-ਦੂਜੀ ਨੂੰ ਦੇਖ ਨਹੀਂ ਸਨ ਸਕਦੀਆਂ। ਆਸ਼ਾ ਦੇ ਦਿਲ ਅੰਦਰ ਡੋਬ ਪੈ ਰਹੇ ਸਨ। ਉਸ ਦੀ ਮਾਂ ਕਿਉਂ ਪੜ੍ਹਾਈ ਦੇ ਵਿਰੁਧ ਸੀ? ਕਿਉਂ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਉਸ ਦੀ ਮਾਂ ਸੀ?

ਉਸ ਦੇ ਦਿਲ ਅੰਦਰ ਚੀਸ ਉਠ ਰਹੀ ਸੀ। ਕੀ ਉਸ ਦੀ ਸਭ ਤੋਂ ਵੱਡੀ ਸੱਧਰ ਉਸ ਦੀ ਮਾਂ ਦੀ ਖਾਹਸ਼ ਉਤੇ ਕੁਰਬਾਨ ਹੋ ਜਾਵੇਗੀ?

ਉਹ ਗਿੱਲੀਆਂ ਅੱਖਾਂ ਨਾਲ ਖਿੜਕੀ ਵਿਚੋਂ ਦੂਰ ਬਾਹਰ ਤੱਕ ਰਹੀ ਸੀ।

## ਵੀਰ ਦਾ ਵਿਹੜਾ

ਮੇਰੇ ਵੀਰ ਦਾ ਵਿਹੜਾ ਨੀ,
ਮੈਨੂੰ ਕਰਦਾ ਝੇੜਾ ਨੀ।
ਕੋਈ ਰੋਕੋ ਉਹਨੂੰ ਨੀ,
ਕੋਈ ਕਰੋ ਨਿਬੇੜਾ ਨੀ।
ਮੈਂ ਭੈਣ ਇਕਲੌਤੀ ਦਾ,
ਉਸ ਛੱਡਿਆ ਖਹਿੜਾ ਨੀ।
ਕੋਈ ਸਾਲਸ ਬਣ ਜਾਓ
ਕਰੋ ਨਿਖੇੜਾ ਨੀ।
ਸਿਰ 'ਤੇ ਭੱਤਾ ਢੋਂਦੀ ਸਾਂ,
ਨਿੱਤ ਖੂਹ 'ਤੇ ਗੇੜਾ ਨੀ।
ਨਿੰਮ ਦਾਤਣ ਦੰਦਾਂ ਨੂੰ,
ਨਾ ਰਹੇ ਕਰੇੜਾ ਨੀ।
ਤ੍ਰਿੰਜਣ ਵਿਚ ਕੱਤਦੀ ਸਾਂ,
ਨਾ ਕੋਈ ਝੇੜਾ ਨੀ।
ਤੀਆਂ ਵਿਚ ਨੱਚਦੀ ਸਾਂ,
ਦਿੰਦੀ ਸਾਂ ਗੇੜਾ ਨੀ।
ਉਮਰਾਂ ਵਿਚ ਗੁੰਮ ਗਿਆ
ਸਖੀਆਂ ਦਾ ਬੇੜਾ ਨੀ।
ਮਾਂ ਬਾਪ ਦੇ ਬਾਝੋਂ ਨੀ,
ਹੁਣ ਲੱਗਦਾ ਭੈੜਾ ਨੀ।
ਬਿਗਾਨਾ ਹੋਇਆ ਹੁਣ,
ਅੰਮੜੀ ਦਾ ਵਿਹੜਾ ਨੀ।

ਮੈਂ ਰੱਖੜੀ ਘੱਲੀ ਸੀ,
ਵੀਰੇ ਨੂੰ ਜਿਹੜੀ ਨੀ।
ਮੁੜ ਆਈ ਖ਼ਾਲੀ ਨੀ,
ਨਿਕਰਮੀ ਭੈੜੀ ਨੀ।
ਮੈਨੂੰ ਦੱਸੋ ਅੜੀਓ ਨੀ,
ਮੇਰੀ ਖ਼ਤਾ ਹੈ ਕਿਹੜੀ ਨੀ।
ਹੋਇਆ ਖ਼ੂਨ ਪਿਆਸਾ ਕਿਉਂ,
ਮੇਰਾ ਅੰਮੜੀ ਜਾਇਆ ਨੀ।
ਮਾਂ ਭਾਗਾਂ ਵਾਲੀ ਦਾ,
ਇੱਕ ਪੁੱਤ ਕਹਾਇਆ ਨੀ।
ਕਿਉਂ ਦੁਸ਼ਮਣ ਬਣ ਗਿਆ,
ਹੋ ਗਿਆ ਪਰਾਇਆ ਨੀ।
ਉਸ ਅੱਖਾਂ ਫੇਰ ਲਈਆਂ,
ਬੰਧਨ ਠੁਕਰਾਇਆ ਨੀ।
ਚੁੱਕ ਮੁਨਸਫ ਮੂਹਰੇ ਨੀ,
ਉਸ ਕੇਸ ਲਗਾਇਆ ਨੀ।
ਮੈਂ ਮੁੜ ਮੁੜ ਰੋਈ ਨੀ,
ਸੰਤਾਪ ਹੰਢਾਇਆ ਨੀ।

ਯਾਦਾਂ ਵਿਚ ਰਚ ਰਹੀਆਂ,
ਸਰ੍ਹੋਂ ਛੱਲੀਆਂ ਗੰਨੇ ਨੀ।
ਸਕੂਲੇ ਜਾਂਦਿਆਂ ਨੇ,
ਰਾਹਾਂ ਵਿਚ ਭੰਨੇ ਸੀ।
ਕੁੱਤੇ ਦੀ ਟੱਕ ਟੱਕ ਨੀ,
ਖੂਹਾਂ ਦੇ ਚੰਨੇ ਨੀ।
ਕੰਨਾਂ ਵਿਚ ਖੜਕਣ ਨੀ,
ਥਾਲ ਕੌਲੀਆਂ ਛੰਨੇ ਨੀ।
ਸੇਊ ਕਾਠੇ ਬੇਰ ਬੜੇ,
ਖੇਤਾਂ ਦੇ ਬੰਨੇ ਨੀ,
ਚੋਰੀ ਜਦ ਤੋੜੇ ਸੀ,
ਵੀਰਾ ਗ਼ੈਰਤ ਮੰਨੇ ਨੀ।
ਇੱਕ ਰੱਖੜੀ ਮਾੜੀ ਨੇ,
ਕਿੰਨੇ ਪਾਏ ਪੁਆੜੇ ਨੀ।
ਖੇਤਾਂ ਦੀ ਖ਼ਾਤਰ ਨੀ,
ਸੂਲ਼ੀ ਰਿਸ਼ਤੇ ਚਾੜ੍ਹੇ ਨੀ।
ਲਹੂ ਚਿੱਟਾ ਹੋਇਆ ਨੀ,
ਮਾਇਆ ਵਿਚ ਮੋਇਆ ਨੀ।
ਕੀ ਖੁਨਾਮੀ ਮੇਰੀ ਨੀ,
ਦਿਲ ਧਾਹੀਂ ਰੋਇਆ ਨੀ।

ਵੀਰ ਨਸ਼ਿਆਂ ਤੋਂ ਟੁੱਟਾ ਨੀ
ਚੋਰੀ ਵਿਚ ਜੁੱਟਾ ਨੀ।
ਉਸ ਖੀਸਾ ਟੋਹਿਆ ਨੀ,
ਬਾਪੂ ਗ਼ੁੱਸੇ ਹੋਇਆ ਨੀ।
ਉਹ ਤਿਲ-ਮਿਲਾਇਆ ਨੀ
ਪਿਉ ਆਪਣਾ ਢਾਹਿਆ ਨੀ।
ਨਮੋਸ਼ੀ ਵਿਚ ਡੁੱਬਾ ਨੀ,
ਬਾਪੂ ਘਬਰਾਇਆ ਨੀ।
ਉਸ ਚਾਕੂ ਕੱਢ ਲਿਆ
ਬਾਪੂ ਵੱਲ ਵਗ੍ਹਾਇਆ ਨੀ।
ਮੈਂ ਰਾਹ ਵਿਚ ਆਈ ਨੀ,
ਮੈਂ ਉਲਟਾ ਪਾਇਆ ਨੀ।

ਮੈਂ ਤਕੜੀ ਡਾਢੀ ਸਾਂ,
ਫੜ ਥੱਲੇ ਢਾਹਿਆ ਨੀ।
ਕੀ ਕਾਰਾ ਕੀਤਾ ਤੂੰ?
ਮੈਂ ਪੁੱਛਣਾ ਚਾਹਿਆ ਨੀ।
ਉਹ ਭੱਜਣ ਲੱਗਾ ਮੈਂ,
ਫੜ ਖੂੰਡਾ ਵਾਇਆ ਨੀ।
ਇੱਕ ਟੱਕ ਜੋ ਖੇਤਾਂ ਦਾ
ਮੇਰੇ ਹਿੱਸੇ ਆਇਆ ਨੀ।
ਭਈਏ ਨੂੰ ਪੁੱਛ ਬੈਠੀ,
ਮੈਂ ਬੋਹਲ਼ ਵੰਡਾਇਆ ਨੀ।
ਉਸ ਸ਼ਿਕਵਾ ਕੀਤਾ ਨੀ
ਮਨ ਰੋਸ ਹੰਢਾਇਆ ਨੀ।
ਉਹ ਸਨਕੀ ਬੰਦੇ ਨੇ
ਬੁਰਾ ਮਨਾਇਆ ਨੀ।

ਮੈਨੂੰ ਵਾਲੋਂ ਖਿੱਚ ਲਿਆ,
ਉਸ ਹੱਥ ਉਠਾਇਆ ਨੀ।
ਨਾਲ ਢਾਣੀ ਗੁੰਡਿਆਂ ਦੀ,
ਉਸ ਹੱਥ ਮਿਲਾਇਆ ਨੀ।
ਬੁੱਕਲ ਵਿਚ ਪਿਸਟਲ ਸੀ,
ਮੇਰੇ ਵੱਲ ਸਿਧਾਇਆ ਨੀ।
ਮੇਰਾ ਫਾਹਾ ਵੱਢਣ ਦਾ
ਉਸ ਕਾਜ ਰਚਾਇਆ ਨੀ।
ਨਿਸ਼ਾਨਾ ਖੁੰਝ ਗਿਆ,
ਮੈਂ ਸ਼ੋਰ ਮਚਾਇਆ ਨੀ।
ਪੱਬਾਂ ਵਿਚ ਰੁਲ ਰਿਹਾ,
ਮੇਰਾ ਵੀਰ ਨਸ਼ੇੜੀ ਸੀ।
ਹੈਰੋਇਨ ਲਾਹਨਤ ਵਿਚ,
ਉਸ ਮੌਤ ਸਹੇੜੀ ਨੀ।
ਉਹ ਟੇਟੇ ਚੜ੍ਹ ਗਿਆ,
ਵੈਲਾਂ ਦੀ ਕੰਧੇੜੀ ਨੀ।
ਉਹ ਕਾਤਲ ਬਾਪੂ ਦਾ,
ਹੱਥ ਲਹੂ ਕੁਹੇੜੀ ਨੀ।
ਚਿੱਟੀ ਚਾਦਰ ਬਾਪੂ ਦੀ,
ਇਸ ਪੁੱਤ ਲਿਬੇੜੀ ਨੀ।
ਪੁੱਤਾਂ ਤੋਂ ਪਿਆਰੀ ਭੋਂ,
ਉਸ ਵੇਚ ਨਿਬੇੜੀ ਨੀ।
ਬਚਾਓ ਨਵੀਂ ਪਨੀਰੀ ਨੂੰ,
ਉਹਦੀ ਸੂਚਕ ਜਿਹੜੀ ਨੀ।
ਨਸ਼ਿਆਂ ਵਿਚ ਗ਼ਰਕ ਰਿਹਾ,
ਮੇਰੇ ਵੀਰ ਦਾ ਵਿਹੜਾ ਨੀ।
'ਪੰਨੂ' ਚੱਪੂ ਲਾਓ ਨੀ,
ਜਾਂਦਾ ਰੁੜ੍ਹਦਾ ਬੇੜਾ ਨੀ।

***-ਚਰਨਜੀਤ ਸਿੰਘ ਪੰਨੂ***

# 'ਫਰਾਰ' ਨਾਲ ਗਿੱਪੀ ਪੰਜਾਬੀ ਫਿਲਮਾਂ 'ਚ ਨੰਬਰ ਵਨ ਬਣਨ ਦੀ ਦੌੜ 'ਚ

ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਆਪਣੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਤੋਂ ਬਾਅਦ ਪੰਜਾਬੀ ਫਿਲਮਾਂ 'ਚ ਆਪਣੇ ਪੁਰਾਣੇ ਰੰਗ ਵਿਚ ਫੇਰ ਫਿਲਮ 'ਫਰਾਰ' ਨਾਲ ਦਰਸ਼ਕਾਂ ਦੇ ਰੂਬਰੂ ਹੋਣ ਲਈ ਤਿਆਰ ਹੈ। ਥਰਿੱਲ, ਰੋਮਾਂਸ ਅਤੇ ਰੋਮਾਂਚ ਨਾਲ ਭਰਪੂਰ ਇਹ ਫਿਲਮ 28 ਅਗਸਤ ਨੂੰ

**ਐਸ. ਅਸ਼ੋਕ ਭੌਰਾ**

ਦੁਨੀਆਂ ਭਰ ਦੇ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਲਈ ਤਿਆਰ ਹੈ। ਇਕ ਮੁਲਾਕਾਤ ਵਿਚ ਗਿੱਪੀ ਗਰੇਵਾਲ ਨੇ ਇਹ ਦਾਅਵਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਸੁਪਰ-ਡੁਪਰ ਹਿੱਟ ਫਿਲਮਾਂ 'ਜੱਟ ਜੇਮਸ ਬਾਂਡ' ਅਤੇ 'ਕੈਰੀ ਆਨ ਜੱਟਾ' ਤੋਂ ਬਾਅਦ ਇਸ ਫਿਲਮ ਪ੍ਰਤੀ ਦਾਅਵੇਦਾਰ ਹੈ ਕਿ ਪੰਜਾਬੀ ਫਿਲਮ ਜਗਤ ਵਿਚ ਨਾ ਸਿਰਫ ਇਹ ਫਿਲਮ ਇਕ ਨਵਾਂ ਇਤਿਹਾਸ ਸਿਰਜੇਗੀ ਸਗੋਂ ਉਸ ਦੀ ਅਦਾਕਾਰੀ ਦਾ ਰੂਪ ਵੀ ਦਰਸ਼ਕਾਂ ਨੂੰ ਹੋਰ ਨਿੱਖਰਿਆ ਮਿਲੇਗਾ, ਕਿਉਂਕਿ ਜਿਸ ਤਰ੍ਹਾਂ ਦੋ ਪਾਤਰ-ਏਕਮ ਅਤੇ ਸ਼ਿੰਦਾ ਇਸ ਫਿਲਮ ਵਿਚ ਉਭਾਰੇ ਹਨ ਯਾਨਿ ਗਿੱਪੀ ਗਰੇਵਾਲ ਦਾ ਇਹ ਡਬਲ ਰੋਲ ਇਕਦਮ ਵੱਖਰਾ ਅਤੇ ਕਮਾਲ ਦਾ ਹੋਵੇਗਾ। ਸਿੱਪੀ ਗਰੇਵਾਲ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫਿਲਮ ਦੀ ਨਿਰਦੇਸ਼ਨਾਂ ਬਹੁਤਚਰਚਿਤ ਨਿਰਦੇਸ਼ਕ ਬਲਜੀਤ ਸਿੰਘ ਦਿਓ ਨੇ ਕੀਤੀ ਹੈ ਜਦੋਂਕਿ ਨਿਰਮਾਣ ਨਿਤਿਨ ਤਲਵਾਰ ਦਾ ਹੈ।

ਸੰਖੇਪ ਵਿਚ ਫਿਲਮ ਦੀ ਕਹਾਣੀ ਇਉਂ ਹੈ ਕਿ ਏਕਮ ਨਾਂ ਦਾ ਇਕ ਮੁੰਡਾ ਜਦੋਂ ਪੜ੍ਹਨ ਵਾਸਤੇ ਅਮਰੀਕਾ ਪਹੁੰਚਦਾ ਹੈ ਤੇ ਲਾਸ ਏਂਜਲਸ ਦੀ ਧਰਤੀ 'ਤੇ ਜਹਾਜ਼ੋਂ ਉਤਰਦਿਆਂ ਹੀ ਉਸ ਨੂੰ ਪੁਲਿਸ ਇਹ ਕਹਿ ਕੇ ਗ੍ਰਿਫਤਾਰ ਕਰ ਲੈਂਦੀ ਹੈ ਕਿ 'ਤੂੰ ਏਕਮ ਨਹੀਂ ਸ਼ਿੰਦਾ ਏਂ।' ਜੋ ਅਮਰੀਕਨ ਪੁਲਿਸ ਨੂੰ ਇਕ ਮੁਜ਼ਰਿਮ ਵਜੋਂ ਬਹੁਤ ਦੇਰ ਦਾ ਲੋੜੀਂਦਾ ਹੈ। ਏਕਮ ਆਪਣੇ ਆਪ ਨੂੰ ਇਹ ਸਿੱਧ ਕਰਨ ਵਿਚ ਲੱਗਾ ਹੋਇਆ ਹੈ ਕਿ ਉਹ ਏਕਮ ਹੀ ਹੈ ਜਦੋਂਕਿ ਪੁਲਿਸ ਉਸ ਨੂੰ ਸ਼ਿੰਦਾ ਬਣਾਉਣ ਦਾ ਯਤਨ ਕਰ ਰਹੀ ਹੈ। ਇਸੇ ਖਿੱਚੋਤਾਣ ਦਰਮਿਆਨ ਹੀ ਸਾਰੀ ਫਿਲਮ ਦਰਸ਼ਕਾਂ ਨੂੰ ਇਕ ਤਰ੍ਹਾਂ ਨਾਲ ਕਈ ਵਾਰੀ ਜਾਸੂਸੀ ਰੰਗ ਵਿਚ ਵੀ ਰੰਗਦੀ ਲੱਗਦੀ ਹੈ। ਸਕਰੀਨ ਪਲੇਅ ਅਤੇ ਕਹਾਣੀ ਜਸ ਗਰੇਵਾਲ ਦੀ ਹੈ।

ਦੁਨੀਆਂ ਭਰ ਦੇ ਪੰਜਾਬੀਆਂ ਵਿਚ ਗਾਇਕੀ ਅਤੇ ਅਦਾਕਾਰੀ ਕਰਕੇ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਗਿੱਪੀ ਗਰੇਵਾਲ ਨੂੰ ਉਹ ਹੁੰਗਾਰਾ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਵਿਚ ਨਹੀਂ ਮਿਲਿਆ ਜਿਸ ਦੀ ਉਸ ਨੇ ਉਮੀਦ ਲਾਈ ਹੋਈ ਸੀ ਪਰ ਉਹ ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਜੀ.ਬੀ. ਐਂਟਰਟੇਨਰ ਦੇ ਗਾਖਲ ਭਰਾਵਾਂ-



*ਗਿੱਪੀ ਗਰੇਵਾਲ ਦਾ ਇਕ ਅੰਦਾਜ਼ ਇਹ ਵੀ।*

ਅਮੋਲਕ ਸਿੰਘ ਗਾਖਲ, ਇਕਬਾਲ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਇਸ ਹਿੰਦੀ ਫਿਲਮ ਜ਼ਰੀਏ ਉਸ ਨੂੰ ਬਾਲੀਵੁੱਡ ਵਿਚ ਐਂਟਰੀ ਕਰਵਾ ਕੇ ਭਵਿੱਖ ਵਿਚ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾ ਦਿੱਤਾ ਹੈ। ਉਹ ਮੰਨਦਾ ਹੈ ਕਿ ਅਮੋਲਕ ਸਿੰਘ ਗਾਖਲ ਦੀ ਉਸ ਦੇ ਕਲਾਤਮਕ ਜੀਵਨ ਵਿਚ ਅਹਿਮ ਦੇਣ ਹੈ।

ਫਿਲਮ ਦੇ ਸੰਗੀਤਕ ਪੱਖੋਂ ਕਈ ਅਹਿਮ ਗੱਲਾਂ ਫਿਲਮ 'ਫਰਾਰ' ਬਾਰੇ ਕੀਤੀਆਂ ਜਾ ਸਕਦੀਆਂ ਨੇ। ਪਹਿਲੀ ਗੱਲ ਇਹ ਹੈ ਕਿ ਫਿਲਮ ਦਾ ਸੰਗੀਤ ਰਾਹਤ ਫਤਿਹ ਅਲੀ ਖਾਨ, ਡਾ. ਜਿਊਸ, ਬੋਹੇਮੀਆ ਅਤੇ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਲਹਿੰਦੇ ਪੰਜਾਬ ਦੇ ਪ੍ਰਸਿੱਧ ਗੀਤਕਾਰ ਐਮ.ਐਸ. ਸਾਦਿਕ ਤੋਂ ਇਲਾਵਾ ਜਗਦੇਵ ਮਾਨ, ਬੋਹੇਮੀਆ ਅਤੇ ਹੈਪੀ ਰਾਏਕੋਟੀ ਦੇ ਗੀਤਾਂ ਨੂੰ ਰਾਹਤ ਫਤਿਹ ਅਲੀ ਖਾਨ, ਗਿੱਪੀ ਗਰੇਵਾਲ, ਸੁਨਿਧੀ ਚੌਹਾਨ ਅਤੇ ਜੈਜ਼ੀ ਬੀ ਨੇ ਗਾਇਆ ਹੈ। ਇਸੇ ਫਿਲਮ ਵਿਚਲਾ ਮਨਮੋਹਨ ਵਾਰਿਸ ਦਾ ਗਾਇਆ ਗੀਤ 'ਮੇਰੇ ਸੱਜਰੇ ਸੱਜਰੇ ਉਠਦੇ ਸੀ ਜਜ਼ਬਾਤ ਸੋਹਣਿਆ ਵੇ' ਫਿਲਮੀ ਪੱਖ ਤੋਂ ਵਾਰਿਸ ਦੀ ਆਵਾਜ਼ ਨੂੰ ਦਰਸ਼ਕਾਂ ਨੇ ਪਸੰਦ ਹੀ ਨਹੀਂ ਕੀਤਾ ਸਗੋਂ ਇਸ ਗੀਤ ਨੂੰ ਫਿਲਮ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਹਿੱਟ ਬਣਾ ਦਿੱਤਾ ਹੈ।

ਇਹ ਵੀ ਫਿਲਮ 'ਫਰਾਰ' ਦੀ ਖਾਸੀਅਤ ਲੱਗਦੀ ਹੈ ਕਿ ਬਾਲੀਵੁੱਡ ਦੀ ਤਰਜ਼ 'ਤੇ ਕਈ ਪੱਖ ਪੰਜਾਬੀ ਫਿਲਮਾਂ ਲਈ ਪਹਿਲੀ ਵਾਰ ਵੇਖਣ ਨੂੰ ਮਿਲਣਗੇ। ਉਦਾਹਰਣ ਵਜੋਂ ਐਕਸ਼ਨ, ਰੁਮਾਂਸ ਤੋਂ ਇਲਾਵਾ ਭਰਾਵਾਂ ਦਾ ਆਪਸੀ ਪਿਆਰ, ਬਦਲਾ ਅਤੇ ਮਨੋਰੰਜਨ ਨਾਲੋ ਨਾਲ ਉਘੜਦੇ ਦਿਸਣਗੇ।

ਆਪਣੇ ਫਿਲਮੀ ਕੈਰੀਅਰ ਨੂੰ ਹੋਰ ਅੱਗੇ ਲੈ ਜਾਣ ਲਈ ਗਿੱਪੀ ਗਰੇਵਾਲ ਦੀ ਮਿਹਨਤ ਨੂੰ ਸਵੀਕਾਰ ਕਰਨਾ ਪਵੇਗਾ ਕਿਉਂਕਿ ਉਸ ਨੇ ਏਕਮ ਦੇ ਬਰਾਬਰ ਦਾ ਦੂਜਾ ਰੋਲ ਸ਼ਿੰਦੇ ਦੇ ਰੂਪ ਵਿਚ ਨਿਭਾਉਣ ਲਈ ਡੇਢ ਸਾਲ ਕਸਰਤ ਕਰਕੇ ਆਪਣੇ ਸਰੀਰ ਨੂੰ ਪਾਤਰ ਦੇ ਰੰਗ ਢੰਗ ਦੇ ਅਨੁਕੂਲ ਬਣਾਇਆ ਹੈ। ਫਿਲਮ ਵਿਚ ਗਿੱਪੀ ਦੇ 'ਸਿਕਸ ਪੈਕ' ਇਸ ਗੱਲ ਦੀ ਗਵਾਹੀ ਭਰਨਗੇ ਕਿ ਉਸ ਨੇ ਕਿੰਨੀ ਸ਼ਿੱਦਤ ਨਾਲ ਕੰਮ ਕੀਤਾ ਹੈ ਅਤੇ ਇਕ ਵੱਖਰੇ ਵਿਸ਼ੇ ਦੀ ਛੋਹ ਨੂੰ ਦਰਸ਼ਕ ਸੱਚੀਂ ਮੁੱਚੀਂ ਹੀ ਸਵੀਕਾਰ ਕਰਨਗੇ।

ਫਿਲਮ 'ਫਰਾਰ' ਦੀ ਖਾਸ ਗੱਲ ਇਹ ਵੀ ਹੈ ਕਿ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਦੀ ਸਾਰੀ ਦੀ ਸਾਰੀ ਸ਼ੂਟਿੰਗ ਅਮਰੀਕਾ ਵਿਚ ਕੀਤੀ ਗਈ ਹੈ ਅਤੇ ਸੈਲਾਨੀਆਂ ਵਿਚ ਚਰਚਿਤ ਕੈਲੀਫੋਰਨੀਆ ਦੇ ਦੋ ਸ਼ਹਿਰਾਂ ਲਾਸ ਏਂਜਲਸ ਅਤੇ ਲਾਸ ਵੇਗਸ ਦੀਆਂ ਖੂਬਸੂਰਤ ਲੋਕੇਸ਼ਨਾਂ ਵੇਖਣ ਨੂੰ ਮਿਲਣਗੀਆਂ। ਕਹਿ ਸਕਦੇ ਹਾਂ ਕਿ ਜੇ ਕਿਤੇ ਪਿਛਲੇ ਅਰਸੇ ਦੌਰਾਨ ਗਿੱਪੀ ਗਰੇਵਾਲ ਦੀ ਅਦਾਕਾਰੀ ਵਿਚ ਕੁਝ ਉਪਰ-ਥੱਲੇ ਹੋਇਆ ਵੀ ਹੋਵੇਗਾ ਤਾਂ ਫਿਲਮ ਦਾ ਪ੍ਰੀਮੀਅਰ ਵੇਖਣ ਵਾਲੇ ਫਿਲਮੀ ਪੰਡਿਤਾਂ ਦੀ ਗੱਲ ਮੰਨੀਏ ਤਾਂ ਉਹ 'ਫਰਾਰ' ਨਾਲ ਜੇ ਚਾਰ ਨਹੀਂ ਤਾਂ ਤਿੰਨ ਕਦਮ ਜ਼ਰੂਰ ਅੱਗੇ ਚਲਾ ਜਾਵੇਗਾ।



# ਮਾਂਝੀ: ਮੁਸ਼ੱਕਤ 'ਚੋਂ ਫੁੱਟਦੀਆਂ ਕਰੂੰਬਲਾਂ

ਫਿਲਮਸਾਜ਼ ਕੇਤਨ ਮਹਿਤਾ, ਅਦਾਕਾਰ ਨਵਾਜ਼ੁਦੀਨ ਸਿੱਦੀਕੀ, ਅਦਾਕਾਰਾ ਰਾਧਿਕਾ ਆਪਟੇ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਵੱਲੋਂ ਦਸ਼ਰਥ ਮਾਂਝੀ ਦੀ ਜ਼ਿੰਦਗੀ ਉਤੇ ਫਿਲਮ 'ਮਾਂਝੀ' ਬਣਾ ਕੇ ਜੂਝ ਰਹੇ ਜਿਊੜਿਆਂ ਦੇ ਸਿਦਕ ਤੇ ਸਿਰੜ ਦੀ ਕਹਾਣੀ ਸਾਰੀ ਦੁਨੀਆਂ ਅੱਗੇ ਸਾਕਾਰ ਕਰ ਦਿੱਤੀ ਹੈ। ਇਸ ਫਿਲਮ ਦਾ ਸਾਰਾ ਭਾਰ ਭਾਵੇਂ ਇਸ ਤਿੱਕੜੀ ਉਤੇ ਹੀ ਹੈ ਅਤੇ ਹੁਣ ਤੱਕ ਚਰਚਾ ਵੀ ਇਨ੍ਹਾਂ ਤਿੰਨਾਂ ਦੀ ਵਧੇਰੇ ਹੋਈ ਹੈ, ਪਰ ਫਿਲਮ ਦੱਸਦੀ ਹੈ ਕਿ ਇਸ ਦੇ ਨਿਰਮਾਣ ਵਿਚ ਇਕ ਇਕ ਬੰਦੇ ਨੇ ਕਿੰਨੀ ਰੂਹ ਨਾਲ ਯੋਗਦਾਨ ਪਾਇਆ ਹੈ।

ਫਿਲਮ ਦਾ ਹਰ ਪੱਖ ਬੜਾ ਜ਼ੋਰਦਾਰ ਹੈ। ਇਸ ਦੇ ਬਹੁਤੇ ਡਾਇਲਾਗ ਵੀ ਦਰਸ਼ਕ ਨੂੰ ਝੱਟ ਯਾਦ ਹੋ ਜਾਂਦੇ ਹਨ। ਫਿਲਮ ਦੀਆਂ ਲੋਕੇਸ਼ਨਾਂ ਦੀ ਤਾਂ ਹਰ ਕਿਸੇ ਨੇ ਤਾਰੀਫ ਕੀਤੀ ਹੈ। ਅਦਾਕਾਰੀ ਪੱਖੋਂ ਨਵਾਜ਼ੁਦੀਨ ਸਿੱਦੀਕੀ ਦਾ ਕੋਈ ਜਵਾਬ ਨਹੀਂ। ਫਿਲਮ ਦੇ ਅਸਲ ਨਾਇਕ ਦਸ਼ਰਥ ਮਾਂਝੀ ਨੂੰ ਜੇ ਪਹਾੜ ਕੱਟ ਕੇ ਰਾਸਤਾ ਬਣਾਉਣ ਲਈ ਪੂਰੇ 22 ਸਾਲ ਲੱਗੇ ਸਨ ਤਾਂ ਨਵਾਜ਼ੁਦੀਨ ਨੂੰ ਵੀ ਅਜਿਹੇ ਰੋਲ ਹਾਸਲ ਲਈ ਪੂਰੇ ਪੰਦਰਾਂ ਸਾਲ ਉਡੀਕ ਕਰਨੀ ਪਈ। ਪਹਿਲਾਂ ਪਹਿਲ ਉਸ ਨੂੰ ਬਹੁਤ ਛੋਟੇ ਰੋਲ ਮਿਲੇ ਸਨ, ਪਰ ਉਹ ਆਪਣੀ ਕਲਾ ਬਾਰੇ ਜਾਣਦਾ ਸੀ ਅਤੇ ਹੌਲੀ ਹੌਲੀ ਉਸ ਦੀ ਕਲਾ ਨੇ ਉਹਦੇ ਲਈ ਰਾਸਤੇ ਖੋਲ੍ਹ ਦਿੱਤੇ।



*ਦਲੇਰ ਫਿਲਮਸਾਜ਼ ਕੇਤਨ ਮਹਿਤਾ।*

ਕੇਤਨ ਮਹਿਤਾ ਨੇ ਦਸ਼ਰਥ ਮਾਂਝੀ ਦੇ ਕਿਰਦਾਰ ਨੂੰ ਪਰਦੇ ਉਤੇ ਸਾਕਾਰ ਕਰਨ ਲਈ ਬਹੁਤ ਖੋਜ ਤੇ ਮਿਹਨਤ ਕੀਤੀ। ਇਸ ਮਿਹਨਤ ਤੇ ਲਗਨ ਦਾ ਹੀ ਸਿੱਟਾ ਹੈ ਕਿ ਜਿਸ ਕਿਸੇ ਨੇ ਵੀ ਇਹ ਫਿਲਮ ਦੇਖੀ ਹੈ, ਉਹ ਅਸ਼ ਅਸ਼ ਕਰ ਉਠਿਆ ਹੈ। ਅੱਜ ਕੱਲ੍ਹ ਘੜਮੱਸ ਅਤੇ ਮਸਾਲਾ ਭਰਪੂਰ ਫਿਲਮਾਂ ਦੇ ਦੌਰ ਵਿਚ 'ਮਾਂਝੀ' ਵਰਗੀ ਫਿਲਮ ਬਣਾਉਣ ਦੀ ਦਲੇਰੀ ਕਰ ਕੇ ਕੇਤਨ ਮਹਿਤਾ ਨੇ ਸਾਬਤ ਕਰ ਦਿੱਤਾ ਹੈ ਕਿ ਚੰਗੀ ਫਿਲਮ ਕਿਸੇ ਵੀ ਦੌਰ ਵਿਚ ਬਣਾਈ ਜਾ ਸਕਦੀ ਹੈ। ਹੁਣ ਉਹਨੇ ਅਤੇ ਉਸ ਦੀ ਪਤਨੀ ਦੀਪਾ ਸਾਹੀ ਨੇ ਆਪਣੇ ਅਗਲੇ ਪ੍ਰੋਜੈਕਟ 'ਤੇ ਕੰਮ ਆਰੰਭ ਕਰ ਦਿੱਤਾ ਹੈ। ਉਹ ਅਗਲੀ ਫਿਲਮ ਰਾਣੀ ਲਕਸ਼ਮੀ ਬਾਈ ਉਤੇ ਬਣਾ ਰਹੇ ਹਨ।

# ਕਲਕੱਤਾ 1971: 70ਵਿਆਂ ਦੀ ਸਿਆਸਤ ਦਾ ਕਿੱਸਾ



**ਆਵਾਜ਼ ਦੇ ਕਹਾਂ ਹੈ... -16-**

**ਕੁਲਦੀਪ ਕੌਰ**
ਫੋਨ: +91-98554-04330


ਬੰਗਲਾ ਫਿਲਮਸਾਜ਼ ਮ੍ਰਿਣਾਲ ਸੇਨ ਦੀ ਫਿਲਮ 'ਕਲਕੱਤਾ 71' ਪੱਛਮੀ ਬੰਗਾਲ ਦੀ ਤਤਕਾਲੀਨ ਸਿਆਸਤ ਬਾਰੇ ਹੈ। ਫਿਲਮ ਬੰਗਲਾ ਭਾਸ਼ਾ ਵਿਚ ਸੀ ਅਤੇ ਇਸ ਦਾ ਵਿਸ਼ਾ-ਵਸਤੂ ਸਰਕਾਰੀ ਹਿੰਸਾ ਦੇ ਲੁਕੇ ਹੋਏ ਰੂਪ ਹੈ ਅਤੇ ਇਹ ਭ੍ਰਿਸ਼ਟਾਚਾਰੀ ਖਾਸੇ ਦੀ ਖੂਬ ਨਿਸ਼ਾਨਦੇਹੀ ਕਰਦੀ ਹੈ। ਫਿਲਮ ਚਾਰ ਮਿੰਨੀਆਂ ਕਹਾਣੀਆਂ 'ਤੇ ਆਧਾਰਿਤ ਸੀ ਜਿਹੜੀਆਂ ਹਾਲਾਤ ਦੀ ਕਸ਼ਮਕਸ਼ ਕਾਰਨ ਇੱਕੋ ਮੁਕਾਮ 'ਤੇ ਆ ਕੇ ਜੁੜ ਜਾਂਦੀਆਂ ਹਨ। ਫਿਲਮ ਅਸਲ ਵਿਚ ਫਿਲਮ ਨਾ ਰਹਿ ਕੇ ਕਲਕੱਤੇ ਦੇ ਲੋਕਾਂ ਦੀ ਹੋਣੀ ਦਾ ਦਸਤਾਵੇਜ਼ ਬਣ ਗਈ ਹੈ।


1972 ਵਿਚ ਰਿਲੀਜ਼ ਹੋਈ ਇਸ ਫਿਲਮ ਦੀ ਪਟਕਥਾ ਲਈ ਮ੍ਰਿਣਾਲ ਸੇਨ 1966 ਤੋਂ ਕਲਕੱਤਾ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਨਜ਼ਰ ਰੱਖ ਰਿਹਾ ਸੀ। ਫਿਲਮ ਵਿਚ ਫਿਲਮਾਏ ਬਹੁਤੇ ਵਾਕਿਆਤ ਅਸਲ ਘਟਨਾਵਾਂ 'ਤੇ ਆਧਾਰਿਤ ਹਨ। ਫਿਲਮ ਵਿਚ ਫਿਲਮਾਈ ਪਹਿਲੀ ਕਹਾਣੀ ਅਨੁਸਾਰ ਮੱਧ-ਵਰਗੀ ਪਰਿਵਾਰ ਵਿਚ ਗਰੀਬੀ ਅਤੇ ਬੇਰੁਜ਼ਗਾਰੀ ਕਿਵੇਂ ਉਨ੍ਹਾਂ ਦੇ ਅੰਦਰਲੇ ਆਪੇ ਨੂੰ ਕੋਹ-ਕੋਹ ਕੇ ਖਤਮ ਕਰ ਦਿੰਦੇ ਹਨ, ਇਸ ਦਾ ਸਟੀਕ ਚਿਤਰਨ ਫਿਲਮ ਵਿਚ ਕੀਤਾ ਗਿਆ ਹੈ। ਪਹਿਲੇ ਹੀ ਮੀਂਹ ਨਾਲ ਘਰ ਦੀ ਛੱਤ ਗਿਰ ਗਈ ਹੈ। ਘਰ ਦੇ ਮੈਂਬਰ ਆਪਣੇ ਆਪ ਨੂੰ ਮੀਂਹ ਤੋਂ ਬਚਾਉਣ ਲਈ ਕੀ ਤਰਦੱਦ ਕਰਦੇ ਹਨ, ਇਹੀ ਫਿਲਮ ਦੀ ਚੂਲ ਹੈ। ਮੀਂਹ ਤੋਂ ਆਪਣਾ ਨਿੱਕ-ਸੁੱਕ ਬਚਾਉਣ ਲਈ ਛੱਤਰੀ ਤਾਣ ਕੇ ਬੈਠੀ ਕੁੜੀ ਦਾ ਦ੍ਰਿਸ਼ ਸਦਾ ਲਈ ਦਰਸ਼ਕਾਂ ਦੇ ਚੇਤਿਆਂ ਵਿਚ ਉਕਰਿਆ ਗਿਆ। ਘਰ ਦੇ ਜੀਆਂ ਦੁਆਰਾ ਲਗਾਤਾਰ ਜ਼ਿਦ ਕਰਨ ਕਾਰਨ ਜਦੋਂ ਘਰ ਦਾ ਮੁਖੀ ਪਿੰਡ ਦੇ ਸਰਦਾਰ ਦੇ ਘਰ ਆਸਰਾ ਲੈਣ ਜਾਂਦਾ ਹੈ ਤਾਂ ਇਹ ਦੇਖ ਕੇ ਉਸ ਦੀ ਰੂਹ ਕੰਬ ਜਾਂਦੀ ਹੈ ਕਿ ਉਨ੍ਹਾਂ ਨੂੰ ਕੁੱਤਿਆਂ ਨਾਲ ਹੀ ਕਮਰਾ ਸਾਂਝਾ ਕਰਨਾ ਪੈਣਾ ਹੈ।

ਦੂਜੀ ਕਹਾਣੀ ਅਨੁਸਾਰ ਪਰਿਵਾਰ ਵਿਚ ਭਾਵੇਂ ਮਾਂ ਦਾ ਦਰਜਾ ਉੱਚਾ ਸਮਝਿਆ ਜਾਂਦਾ ਹੈ, ਪਰ ਅਸਲ ਵਿਚ ਆਪਣੀ ਸਰੀਰਕ ਹੋਂਦ ਬਚਾਉਣ ਅਤੇ ਮਾਨਸਿਕ ਤੌਰ 'ਤੇ ਪਾਗਲ ਹੋਣ ਤੋਂ ਬਚਣ ਲਈ ਬਹੁਤੀਆਂ ਮਾਂਵਾਂ ਆਪਣੇ ਬੱਚਿਆਂ ਦੇ ਮੰਦੇ-ਚੰਗੇ ਕੰਮਾਂ ਵਿਚ ਹਾਂ ਨਾਲ ਹਾਂ ਮਿਲਾਉਂਦੀਆਂ ਰਹਿੰਦੀਆਂ ਹਨ। ਇਹ ਮਾੜੇ ਸਮਿਆਂ ਵਿਚ ਮਾਂਵਾਂ ਨਾਲ ਵਾਪਰਦੀ ਤਰਾਸਦੀ ਦਾ ਕਰੂਰ ਰੂਪ ਹੈ। ਫਿਲਮ ਦੀ ਤੀਜੀ ਕਹਾਣੀ ਉਨ੍ਹਾਂ ਦਿਨਾਂ ਵਿਚ ਬੱਚਿਆਂ ਦੁਆਰਾ ਜਿਉਣ ਖਾਤਰ ਚੌਲਾਂ ਦੀ ਵੱਡੇ ਪੱਧਰ 'ਤੇ ਕੀਤੀ ਜਾਂਦੀ ਸਮਗਲਿੰਗ ਨਾਲ ਸਬੰਧਿਤ ਹੈ। ਬੱਚੇ ਰੇਲਾਂ ਰਾਹੀ ਚੌਲਾਂ ਦੀ ਸਮਗਲਿੰਗ ਦੌਰਾਨ ਜਿਥੇ ਪੁਲਿਸ ਵਾਲਿਆਂ ਦੀ ਮਾਰ-ਕੁੱਟ ਦਾ ਸ਼ਿਕਾਰ ਬਣਦੇ ਹਨ, ਉਥੇ ਆਪਸੀ ਗੁੱਟਬਾਜ਼ੀ, ਇੱਕ-ਦੂਜੇ ਨੂੰ ਠਿੱਬੀ ਲਾਉਣ ਅਤੇ ਮਾੜੇ ਅਨਸਰਾਂ ਦੁਆਰਾ ਸ਼ੋਸ਼ਣ ਦਾ ਸ਼ਿਕਾਰ ਵੀ ਬਣਦੇ ਹਨ। ਇਸ ਤਰ੍ਹਾਂ ਬਚਪਨ ਦੀ ਮਾਸੂਮੀਅਤ ਅਤੇ ਭੋਲਾਪਣ ਵੀ ਮਾੜੇ ਸਮਿਆਂ ਦੀ ਬੁਰਕੀ ਬਣ ਜਾਂਦਾ ਹੈ।

ਚੌਥੀ ਕਹਾਣੀ ਵਿਚ ਇਨ੍ਹਾਂ ਸਮਿਆਂ ਦੇ ਨੇਤਾਵਾਂ ਦਾ ਲੋਕ ਵਿਰੋਧੀ ਕਿਰਦਾਰ ਖੂਬ ਨੰਗਾ ਕੀਤਾ ਗਿਆ ਹੈ। ਨੇਤਾ ਉਪਰੋਕਤ ਵਰਤਾਰੇ ਤੋਂ ਨਿਰਲੇਪ, ਨੀਰੋ ਬਣੇ ਬੈਠੇ ਹਨ। ਉਨ੍ਹਾਂ ਦਾ ਸਾਰਾ ਧਿਆਨ ਸਿਰਫ ਤੇ ਸਿਰਫ ਵੋਟਾਂ ਬਟੋਰਨ ਲਈ ਵਧੀਆ ਭਾਸ਼ਣ ਤਿਆਰ ਕਰਨ 'ਤੇ ਲੱਗਿਆ ਹੋਇਆ ਹੈ।

(ਚਲਦਾ)





*ਫਿਲਮਸਾਜ਼ ਮ੍ਰਿਣਾਲ ਸੇਨ ਅਤੇ (ਸੱਜੇ) ਫਿਲਮ 'ਕਲਕੱਤਾ 71' ਦਾ ਇਕ ਭਾਵਪੂਰਤ ਦ੍ਰਿਸ਼।*

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

## US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*
*Divorce *Annulment
*International Custody

## INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# Personalized Service-Committed To Quality
## Purchase and Refinance Your Home Loans.

Pre approval in one day, no cost, no obligation.



Conventional, ARM, Jumbo, FHA, VA, USDA & HARP Loan Programs
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

AMRIK P. SINGH
Mortgage Loan Originator
NMLS # 232904


C&R MORTGAGE CORP.
NMLS # 227317

7788 N. Milwaukee Ave.
Niles, IL 60714
Ph: 847-966-6700
Fax: 847-966-6723

EQUAL HOUSING LENDER
Illinois Residential Mortgage Licensee.

**Cell 312-608-0006**
Email: asingh@candrmortgage.com
Website: www.candrmortgage.com





*Madan Khatri*

# Want to Buy/Sell
## Homes, THs, Condos, Apartments, Motels!

Call Madan Khatri
**847-530-1550**
www.PropertyZoo.com
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
25 Turner Ave, Elk Grove Village, IL

BH HS BERKSHIRE HATHAWAY HOMESERVICES



# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*
**Call:734-261-0936**
**734-890-1767**
e-mail: raj@syanvideo.com
visit at: www.syanvideo.com

# ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ

ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ ਇੰਡੀਅਨ ਕਮਿਊਨਿਟੀ ਲਈ ਗੱਡੀਆਂ ਦੀ ਖਰੀਦ/ਵੇਚ ਕਰ ਰਹੇ ਹਾਂ

*Specialist in:*

Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.





ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ

ਜਸਪਾਲ ਸਿੰਘ ਘੋਤੜਾ, ਫੋਨ: 765-337-5151

## Best Buy Motors

1805 Elmwood Ave., Lafayette, IN 47904
Ph:765-449-0490, Fax:765-449-8310
WWW.BESTBUYMOTORSIN.COM

Second location: Lafayette Auto Auction
2250 Concord Rd., Lafayette, IN 47909,
Ph:765-471-1313, Fax: 765-838-1006
www.lafayettepublicautoauction.com



*Jaspal Singh Ghotra*



# ਸਾਂਝਾ ਪੰਜਾਬ

ਮਾਣ ਨਾਲ ਪੇਸ਼ ਕਰਦਾ ਹੈ

Harbhajan Mann and Gursewak Mann

## ਸਤਰੰਗੀ ਪੀਂਘ



Live in Detroit

## Satrangi Peengh

October 3, 2015

*Saturday (7pm)*

Ford Performing Arts Center
15801 Michigan Ave., Dearborn, MI 48126

Raj Jamarai (734) 644-1010
Sukhdev Sekhon (248) 431-9678
Karmbir Singh (734) 558-3151
Kulbir Singh (248) 310-0114
Raj Nijjar (734) 637-7540

Tickets: $20, $40, $100 and VIP

Book at: tickethungama.com



# MWOSE & DHALIWAL ATTORNEYS AT LAW




IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ



FREE CONSULTATION!

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

317-222-1567

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

ਅਟਾਰਨੀ ਐਟ ਲਾਅ

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842



# Fuel Tanker Truck Drivers Wanted

## Make $1,500 per week

Home Daily. local Indiana drive



For more info., please call Manjit Nagra

Office 317-291-2300 X 23

or Cell 317-750-1900